
ISSN: 2277-9930

87

ਜਨਵਰੀ–ਮਾਰਚ 2026


# ਪ੍ਰਤਿਮਾਨ

ਮੁੱਲ: 75/–



ਸੰਪਾਦਕ : ਅਮਰਜੀਤ ਕੌਂਕੇ

## ਮਹਿਮਾਨ ਸ਼ਾਇਰ / ਕੇਸਰ ਕਰਮਜੀਤ (ਆਸਟ੍ਰੇਲੀਆ)



### .ਗਜ਼ਲ

ਕਿੱਦਾਂ ਗੁਜ਼ਾਰਾਂ ਜ਼ਿੰਦਗੀ ਪਰਛਾਂਵਿਆਂ ਦੇ ਨਾਲ।
ਘੱਲੀਂ ਸੁਨੇਹੇ ਯਾਰੜੇ ਸਿਰਨਾਵਿਆਂ ਦੇ ਨਾਲ।

ਜੇ ਹੋ ਸਕੇ ਤਾਂ ਓਸ ਨੂੰ ਦਰਪਣ ਫੜ੍ਹਾ ਦਿਓ,
ਹੈ ਰਾਰ ਉਸਦੀ ਹੋ ਗਿਆ ਪਹਿਰਾਵਿਆਂ ਦੇ ਨਾਲ।

ਕਿਸ ਮੋੜ 'ਤੇ ਲੈ ਆ ਗਈ ਹੂਰਾਂ ਦੀ ਲਾਲਸਾ,
ਜੰਨਤ ਦੇ ਖ਼ਾਬ, ਸ਼ੇਖ ਦੇ ਉਕਸਾਵਿਆਂ ਦੇ ਨਾਲ।

ਰੁਖ਼ਸਤ ਮਰੀਜ਼ ਹੋ ਗਿਆ ਜਿਸ ਨੂੰ ਉਡੀਕਦੇ,
ਭੇਜੇ ਤਬੀਬ ਮਸ਼ਵਰੇ, ਪਛਤਾਵਿਆਂ ਦੇ ਨਾਲ।

### .ਗਜ਼ਲ

ਸਰ ਸਰ ਹਵਾਵਾਂ ਉੱਤੇ ਚਿੜੀਆਂ ਦੀ ਟੇਰ ਕਿੱਥੇ।
ਦੱਸ ਤਾਂ ਗੁਆਚਗੀ ਸੂਹੀ 'ਜੀ ਸਵੇਰ ਕਿੱਥੇ।

ਉਮਰਾ ਸਮੇਟ ਦਿੱਤੇ ਝਗੜੇ ਝਮੇਲੇ ਸਾਰੇ,
ਉਸ ਵੱਲ ਤੇਰ ਕਿੱਥੇ ਇਸ ਵੱਲ ਮੇਰ ਕਿੱਥੇ।

ਬਿਰਖਾਂ ਵਿਚਾਰਿਆ ਦੀ ਬੰਦਿਆਂ ਨੂੰ ਲੋੜ ਭੁੱਲੀ,
ਸੜਕਾਂ ਦੇ ਬੰਨੇ ਬੰਨੇ ਫਬਦੀ ਪਤੇਰ ਕਿੱਥੇ ।

ਅਹਿਸਾਸ ਜਾ ਘੁਟਨ ਦਾ ਡੱਸਦਾ ਹਮੇਸ਼ ਮੈਨੂੰ,
ਚਿਤਵੀ ਸੀ ਮੈਂ ਤੇ ਜੇਹੀ ਨਿਸਰੀ ਕਨੇਰ ਕਿੱਥੇ।

ਰਸਤੇ ਗਰਾਂ ਦੇ ਤੇਰੇ ਲੰਘਣ ਥਲਾਂ ਦੇ ਵਿੱਚੋਂ,
ਜਿਨ੍ਹਾਂ ਨੂੰ ਤਾਂਘ ਤੇਰੀ ਰੁਕਦੇ ਨੇ ਫੇਰ ਕਿੱਥੇ।

### .ਗਜ਼ਲ

ਮੋਮ ਸੀ ਉਹ, ਪਿਘਲ ਗਈ ਹੋਣੀ।
ਹੋਰ ਸਾਂਚੇ 'ਚ ਢਲ਼ ਗਈ ਹੋਣੀ।

ਕਿਸ ਤਰਾਂ ਬੇ-ਵਫ਼ਾ ਕਹਾਂ ਉਸਨੂੰ,
ਕੋਈ ਸੂਰਤ ਬਦਲ ਗਈ ਹੋਣੀ।

ਅਸ਼ਕ ਤਾਂ ਦੇਰ ਤੱਕ ਵਹੇ ਹੋਣੇ,
ਉਹ ਨਦੀ ਫੇਰ ਠੱਲ੍ਹ ਗਈ ਹੋਣੀ।

ਜੋ ਸੀ ਬੱਤੀ ਕਦੇ ਬਨੇਰੇ ਦੀ,
ਲਾਲਟਨ ਬਣ ਕੇ ਜਲ ਗਈ ਹੋਣੀ।

ਸਬਜ਼ ਸਾਖਾਂ ਤੇ ਫੁੱਲ ਵੀ ਹੋਣੇ,
ਵੇਲ ਹੁਣ ਫੁੱਲ ਫਲ ਗਈ ਹੋਣੀ।

### .ਗਜ਼ਲ

ਪੱਬ ਅੰਬਰ ਤੇ ਧਰਿਆ ਨਾ ਕਰ।
ਜਾਂ ਡਿੱਗਣ ਤੋਂ ਡਰਿਆ ਨਾ ਕਰ।

ਦਿਲ ਦੇ ਰਸਤੇ ਕੁਝ ਲੰਮੇ ਨੇ,
ਐਵੇਂ ਕਾਹਲ ਕਰਿਆ ਨਾ ਕਰ।

ਇੱਕ ਦਿਵਸ ਤਾਂ ਮਰ ਹੀ ਜਾਣਾ,
ਮਰੂੰ ਮਰੂੰ ਜਾ ਕਰਿਆ ਨਾ ਕਰ।

ਏਸ ਕਿਨਾਰੇ ਨਾਲ ਮੁਹੱਬਤ?
ਕੱਚੇ ਉੱਤੇ ਤਰਿਆ ਨਾ ਕਰ।

ਭੱਜਿਆਂ, ਵਾਹਣ ਇੱਕੋ ਜੇ ਨੇ,
ਧੌਂਸ ਕਿਸੇ ਦੀ ਜਰਿਆ ਨਾ ਕਰ।

# ਪ੍ਰਤਿਮਾਨ

A Peer Reviewed Research Journal

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਜਨਵਰੀ-ਮਾਰਚ 2026, ਅੰਕ 87

**ISSN: 2277-9930**

RNI No. PUNPUN/2006/16230

**ਸੰਪਾਦਕ**

ਡਾ. ਅਮਰਜੀਤ ਕੌਂਕੇ

**ਪ੍ਰਬੰਧ ਸੰਪਾਦਕ**

ਗਗਨਦੀਪ ਸਿੰਘ



**ਰਚਨਾਵਾਂ ਭੇਜਣ ਲਈ ਪਤਾ**

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
pratimaan@yahoo.co.in
www.pratimaan.in



**Peer Review Board**

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ, ਡਾ. ਯੋਗਰਾਜ, ਡਾ. ਸਰਬਜੀਤ ਸਿੰਘ, ਡਾ. ਰਵੀ ਰਵਿੰਦਰ, ਡਾ. ਆਤਮ ਰੰਧਾਵਾ, ਡਾ. ਭੀਮ ਇੰਦਰ ਸਿੰਘ, ਡਾ. ਅਮਰਜੀਤ ਸਿੰਘ



**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com
W: www.raadesigns.com

**ਸਹਿਯੋਗ ਰਾਸ਼ੀ**

ਇੱਕ ਅੰਕ: 75/-
5 ਸਾਲ: 1500/-
ਜੀਵਨ ਮੈਂਬਰਸ਼ਿਪ: 3000/-
ਵਿਦੇਸ਼: $250

ਪ੍ਰਤਿਮਾਨ ਲਈ ਸਹਿਯੋਗ ਰਾਸ਼ੀ ਹੇਠ ਲਿਖੇ ਨੰਬਰ ਤੇ ਗੂਗਲ ਪੇਅ ਕਰ ਸਕਦੇ ਹੋ :

+91 98142-31698


## ਤਰਤੀਬ

ਜਿਸ ਦਿਨ ਸੇ ਚਲਾ ਹੂੰ, ਮੇਰੀ ਮੰਜ਼ਿਲ ਪੇ ਨਜ਼ਰ ਹੈ,
ਆਂਖੋਂ ਨੇ ਕਭੀ ਮੀਲ ਕਾ ਪੱਥਰ ਨਹੀਂ ਦੇਖਾ।
– ਬਸ਼ੀਰ ਬਦਰ


**ਸੰਪਾਦਕੀ / ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਮਨੁੱਖੀ ਜੀਵਨ ਵਿੱਚ ਦਖ਼ਲ / 2**

**ਵਿਸ਼ੇਸ਼ ਲੇਖ**

ਪੰਜਾਬੀ ਭਾਸ਼ਾ : ਸਥਿਤੀ ਅਤੇ ਚੁਣੌਤੀਆਂ / ਡਾ. ਦਵਿੰਦਰ ਸਿੰਘ ਬੋਹਾ / 3

**ਕਹਾਣੀਆਂ**

ਮੰਮੀ ਤੁਸੀਂ ਵੀ ਨਾ / ਸੁਰਿੰਦਰ ਰਾਮਪੁਰੀ / 8, ਠਰੀ ਰਾਤ ਦਾ ਨਿੱਘ / ਸਰਬਜੀਤ ਸੋਹਲ / 16, ਸ਼ਗਨਾਂ ਦੀ ਚੁੰਨੀ / ਜਸਬੀਰ ਕੌਰ ਮਾਨ / 26, ਚੀਕਣੀ ਮਿੱਟੀ ਦਾ ਰਿਸ਼ਤਾ / ਰਾਜਪ੍ਰੀਤ ਕੌਰ ਬੈਨੀਪਾਲ / 32, ਖੂਹ-ਖਾਤਾ / ਅਸ਼ਵਨੀ ਕੁਮਾਰ ਸਾਵਨ / 37

**ਯਾਤਰਾ ਪ੍ਰਸੰਗ :** ਠੰਢੇ ਰੇਗਿਸਤਾਨ ਦੀ ਗਰਮਾਹਟ / ਸੁਖਪਾਲ ਸਿੰਘ ਥਿੰਦ / 22

**ਕਵਿਤਾ / ਗ਼ਜ਼ਲ / ਗੀਤ**

ਕੇਸਰ ਕਰਮਜੀਤ / ਟੀ-2, ਸੁਰਿੰਦਰ ਧੰਜਲ / 6, ਦਰਸ਼ਨ ਬੁਲੰਦਵੀ / 7, ਪਰਵੇਜ਼ / 13, ਅੰਮ੍ਰਿਤ ਦੀਵਾਨਾ / 14, ਜਸਵਿੰਦਰ ਦੂਹੜਾ / 15, ਗੁਰਪਰਵੀਨ ਕੌਰ / 20, ਤਰਲੋਚਨ ਮੀਰ / 21, ਸਰਬਜੀਤ ਕੌਰ ਜੱਸ / 25, ਹਰਕੰਵਲਜੀਤ ਸਾਹਿਲ, ਜਸਵੰਤ ਕੌਰ ਕੰਗ ਬੈਂਸ / 30, ਡਾ. ਸੁਰੇਸ਼ ਨਾਇਕ / 31, ਸਰਿਤਾ ਤੇਜੀ / 36, ਸੁਨੀਲਮ ਮੰਡ / 52, ਰੁਪਿੰਦਰ ਸ਼ੇਖਰ ਸੁਮਨ / 56

**ਆਲੋਚਨਾ ਨਿਬੰਧ / ਰੀਵੀਊ**

ਗਿਆਮਬਤਿਸਤਾ ਵੀਕੋ ਦਾ ਮਿੱਥ ਚਿੰਤਨ / ਦਲਜੀਤ ਕੌਰ / 40, ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ: ਚਿੰਤਾ ਤੋਂ ਚਿੰਤਨ ਤੱਕ ਦਾ ਉਪਦੇਸ਼ / ਗੁਰਦੀਪ ਸਿੰਘ / 43, ਘਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੈਰਾਗ / ਪ੍ਰੋ. ਮਨਜਿੰਦਰ ਕੌਰ / 45, ਅਰਸਤੂ ਦਾ ਵਿਰੇਚਨ ਸਿਧਾਂਤ / ਡਾ. ਸੋਨੂੰ ਰਾਣੀ / 48, ਮਹਾਂਬਲੀ ਸੂਰਾ, ਵਾਲ੍ਹ ਨਿੱਕੀ ਅਤੇ ਕਾਲ ਕਥਾ ਦਾ ਤੁਲਨਾਤਮਕ ਅਧਿਐਨ / ਜਗਮੀਤ ਸਿੰਘ / 53



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਆਰਨਾ ਪ੍ਰਿੰਟਿੰਗ ਸਲਿਊਸ਼ਨਜ਼,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਸੰਪਾਦਕੀ / ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਮਨੁੱਖੀ ਜੀਵਨ ਵਿੱਚ ਦਖ਼ਲ

ਅਜੋਕੇ ਵਿਗਿਆਨ ਅਤੇ ਤਕਨਾਲੋਜੀ ਦੇ ਯੁਗ ਵਿੱਚ ਸਭ ਤੋਂ ਵੱਡੀ ਤੇ ਕ੍ਰਾਂਤੀਕਾਰੀ ਉਪਲਬਧੀ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਹੈ, ਜਿਸ ਨੇ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਆਪਣਾ ਦਖ਼ਲ ਕਾਇਮ ਕਰ ਲਿਆ ਹੈ। ਏ ਆਈ ਸਿਰਫ਼ ਮਸ਼ੀਨਾਂ ਨੂੰ ਚਲਾਉਣ ਵਰਤਣ ਦੀ ਹੀ ਪ੍ਰਣਾਲੀ ਨਹੀਂ, ਸਗੋਂ ਮਨੁੱਖੀ ਸੋਚ, ਵਿਵਹਾਰ ਅਤੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਨ ਵਾਲੀ ਤਾਕਤ ਬਣ ਚੁੱਕੀ ਹੈ। ਅੱਜ ਦਾ ਮਨੁੱਖ ਜਾਣੇ ਅਣਜਾਣੇ ਕਿਸੇ ਨਾ ਕਿਸੇ ਤਰੀਕੇ ਏ ਆਈ ਦੇ ਨਾਲ ਜੁੜ ਕੇ ਜਿਉਂ ਰਿਹਾ ਹੈ। ਰੋਜ਼ਾਨਾ ਜੀਵਨ ਵਿੱਚ ਏ ਆਈ ਦੀ ਮੌਜੂਦਗੀ ਸਾਡੀਆਂ ਛੋਟੀਆਂ ਛੋਟੀਆਂ ਆਦਤਾਂ ਵਿੱਚ ਸਾਫ਼ ਦਿਖਾਈ ਦਿੰਦੀ ਹੈ। ਸਮਾਰਟਫੋਨ ਦੇ ਵੌਇਸ ਅਸਿਸਟੈਂਟ, ਗੂਗਲ ਮੈਪ ਰਾਹੀਂ ਰਸਤਾ ਲੱਭਣਾ, ਆਨਲਾਈਨ ਖ਼ਰੀਦਦਾਰੀ ਦੌਰਾਨ ਪਸੰਦ ਅਨੁਸਾਰ ਸਮਾਨ ਦੀ ਸਿਫ਼ਾਰਸ਼, ਇਹ ਸਭ ਏ ਆਈ ਦੇ ਬਿਨਾਂ ਸੰਭਵ ਨਹੀਂ। ਅਸੀਂ ਕੀ ਵੇਖੀਏ, ਕੀ ਸੁਣੀਏ ਅਤੇ ਕਿਹੜੀ ਜਾਣਕਾਰੀ ਤੱਕ ਪਹੁੰਚੀਏ, ਇਸ ਦਾ ਨਿਰਣਾ ਅਕਸਰ ਐਲਗੋਰਿਥਮ ਕਰ ਰਹੇ ਹਨ। ਇਸ ਨਾਲ ਸਹੂਲਤ ਤਾਂ ਵਧੀ ਹੈ, ਪਰ ਮਨੁੱਖ ਦੀ ਆਪਣੀ ਚੋਣ ਦੀ ਆਜ਼ਾਦੀ ਅਤੇ ਨਿਰਭਰਤਾ ਬਾਰੇ ਸਵਾਲ ਵੀ ਖੜ੍ਹੇ ਹੁੰਦੇ ਹਨ।

ਸਿੱਖਿਆ ਦੇ ਖੇਤਰ ਵਿੱਚ ਏ ਆਈ ਨੇ ਇਨਕਲਾਬੀ ਬਦਲਾਅ ਲਿਆਂਦਾ ਹੈ। ਆਨਲਾਈਨ ਪੜ੍ਹਾਈ, ਡਿਜ਼ੀਟਲ ਕਲਾਸਰੂਮ ਅਤੇ ਵਿਦਿਆਰਥੀ ਦੀ ਸਮਰੱਥਾ ਅਨੁਸਾਰ ਤਿਆਰ ਕੀਤਾ ਗਿਆ ਪਾਠਕ੍ਰਮ ਇਹ ਸਭ ਸਿੱਖਣ ਦੀ ਪ੍ਰਕਿਰਿਆ ਨੂੰ ਆਸਾਨ ਅਤੇ ਵਿਸ਼ਾਲ ਬਣਾ ਰਹੇ ਹਨ। ਵਿਦਿਆਰਥੀ ਹੁਣ ਆਪਣੇ ਸਮੇਂ ਅਤੇ ਗਤੀ ਅਨੁਸਾਰ ਸਿੱਖ ਸਕਦਾ ਹੈ, ਪਰ ਨਾਲ ਹੀ ਇਹ ਚਿੰਤਾ ਵੀ ਹੈ ਕਿ ਕਿਤੇ ਸਿੱਖਿਆ ਸਿਰਫ਼ ਤਕਨਾਲੋਜੀ ਤੱਕ ਹੀ ਸੀਮਤ ਨਾ ਰਹਿ ਜਾਵੇ ਅਤੇ ਮਨੁੱਖੀ ਸੰਵਾਦ, ਸੰਵੇਦਨਾ ਅਤੇ ਮਾਰਗ-ਦਰਸ਼ਨ ਘਟ ਨਾ ਜਾਵੇ। ਸਿਹਤ ਸੇਵਾਵਾਂ ਵਿੱਚ ਏ ਆਈ ਦਾ ਦਖ਼ਲ ਮਨੁੱਖੀ ਜੀਵਨ ਲਈ ਵਰਦਾਨ ਸਾਬਤ ਹੋ ਰਿਹਾ ਹੈ। ਬੀਮਾਰੀਆਂ ਦੀ ਸ਼ੁਰੂਆਤੀ ਪਹਿਚਾਣ, ਰਿਪੋਰਟਾਂ ਦਾ ਸਹੀ ਵਿਸ਼ਲੇਸ਼ਣ ਅਤੇ ਇਲਾਜ ਦੀ ਯੋਜਨਾ ਬਣਾਉਣ ਵਿੱਚ ਏ ਆਈ ਡਾਕਟਰਾਂ ਦੀ ਵੱਡੀ ਮਦਦ ਕਰ ਰਹੀ ਹੈ। ਇਸ ਨਾਲ ਸਮਾਂ ਬਚਦਾ ਹੈ ਅਤੇ ਇਲਾਜ ਵਧੇਰੇ ਪ੍ਰਭਾਵਸ਼ਾਲੀ ਬਣਦਾ ਹੈ। ਫਿਰ ਵੀ, ਮਰੀਜ਼ ਅਤੇ ਡਾਕਟਰ ਦੇ ਰਿਸ਼ਤੇ ਵਿੱਚ ਜੋ ਭਰੋਸਾ, ਸਾਂਝ ਅਤੇ ਮਨੁੱਖੀ ਛੋਹ ਹੈ, ਉਹ ਮਸ਼ੀਨ ਕਦੇ ਪੂਰੀ ਤਰ੍ਹਾਂ ਨਹੀਂ ਦੇ ਸਕਦੀ। ਰੋਜ਼ਗਾਰ ਅਤੇ ਅਰਥਵਿਵਸਥਾ ਵਿੱਚ ਏ ਆਈ ਨੇ ਨਵੀਆਂ ਸੰਭਾਵਨਾਵਾਂ ਦੇ ਨਾਲ ਨਾਲ ਨਵੀਆਂ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ। ਕਈ ਕੰਮ ਜੋ ਪਹਿਲਾਂ ਮਨੁੱਖ ਕਰਦਾ ਸੀ, ਅੱਜ ਮਸ਼ੀਨ ਕਰ ਰਹੀ ਹੈ। ਇਸ ਨਾਲ ਨੌਕਰੀਆਂ ਖ਼ਤਰੇ ਵਿੱਚ ਪਈਆਂ ਹਨ, ਪਰ ਨਾਲ ਹੀ ਨਵੇਂ ਹੁਨਰਾਂ ਅਤੇ ਨਵੇਂ ਰੁਜ਼ਗਾਰ ਦੇ ਦਰਵਾਜ਼ੇ ਵੀ ਖੁੱਲ੍ਹੇ ਹਨ। ਅਜੋਕੇ ਯੁੱਗ ਵਿੱਚ ਜੀਊਣ ਲਈ ਮਨੁੱਖ ਨੂੰ ਸਿੱਖਦੇ ਰਹਿਣਾ ਅਤੇ ਆਪਣੇ ਆਪ ਨੂੰ ਨਵੇਂ ਸਮੇਂ ਅਨੁਸਾਰ ਢਾਲਣਾ ਲਾਜ਼ਮੀ ਹੋ ਗਿਆ ਹੈ।


ਕਲਾ, ਸਾਹਿਤ ਅਤੇ ਰਚਨਾਤਮਕ ਖੇਤਰਾਂ ਵਿੱਚ ਏ ਆਈ ਦੀ ਦਖ਼ਲਅੰਦਾਜ਼ੀ ਨੇ ਗਹਿਰੇ ਵਾਦ-ਵਿਵਾਦ ਨੂੰ ਜਨਮ ਦਿੱਤਾ ਹੈ। ਏ ਆਈ ਰਾਹੀਂ ਲਿਖੀਆਂ ਕਵਿਤਾਵਾਂ, ਕਹਾਣੀਆਂ ਅਤੇ ਬਣਾਏ ਗਏ ਚਿੱਤਰ ਸਾਨੂੰ ਹੈਰਾਨ ਕਰ ਦਿੰਦੇ ਹਨ। ਪਰ ਸਵਾਲ ਇਹ ਹੈ ਕਿ ਕੀ ਇਹ ਰਚਨਾਵਾਂ ਮਾਨਵੀ ਅਹਿਸਾਸਾਂ, ਮਨੁੱਖੀ ਅਨੁਭਵ, ਪੀੜਾ, ਪ੍ਰੇਮ ਅਤੇ ਸੰਵੇਦਨਾ ਦੀ ਥਾਂ ਲੈ ਸਕਦੀਆਂ ਹਨ? ਸ਼ਾਇਦ ਨਹੀਂ। ਏ ਆਈ ਮਨੁੱਖ ਦੀ ਸਹਾਇਕ ਹੋ ਸਕਦੀ ਹੈ, ਪਰ ਸਿਰਜਣਾਤਮਕ ਆਤਮਾ ਮਨੁੱਖੀ ਮਨ ਵਿੱਚ ਹੀ ਵੱਸਦੀ ਹੈ।

ਇਹ ਇੱਕ ਤਲਖ਼ ਸਚਾਈ ਹੈ ਕਿ ਅਜੋਕੇ ਜੀਵਨ ਵਿੱਚ ਏ ਆਈ ਦਾ ਦਖ਼ਲ ਅਟੱਲ, ਬੇਰੋਕ ਅਤੇ ਲਾਜ਼ਮੀ ਬਣ ਚੁੱਕਾ ਹੈ। ਇਹ ਸਾਨੂੰ ਸਹੂਲਤ, ਤੇਜ਼ੀ ਅਤੇ ਵਿਕਾਸ ਦੇ ਨਵੇਂ ਰਾਹ ਦਿਖਾਉਂਦੀ ਹੈ, ਪਰ ਨਾਲ ਹੀ ਨੈਤਿਕਤਾ, ਨਿੱਜਤਾ ਅਤੇ ਮਨੁੱਖੀ ਮੁੱਲਾਂ ਦੀ ਰੱਖਿਆ ਦੀ ਜ਼ਿੰਮੇਵਾਰੀ ਵੀ ਸਾਡੇ ਉੱਤੇ ਛੱਡਦੀ ਹੈ। ਜੇ ਅਸੀਂ ਏ ਆਈ ਨੂੰ ਸੂਝਬੂਝ, ਸੰਤੁਲਨ, ਮਾਨਵੀ ਹਿਤਾਂ ਅਤੇ ਮਨੁੱਖੀ ਭਲਾਈ ਦੀ ਸੋਚ ਨਾਲ ਵਰਤਾਂਗੇ, ਤਾਂ ਇਹ ਅਜੋਕੇ ਜੀਵਨ ਨੂੰ ਹੋਰ ਸੁਖਾਲਾ, ਸੁਰੱਖਿਅਤ ਅਤੇ ਅਰਥਪੂਰਨ ਬਣਾ ਸਕਦੀ ਹੈ।

ਮਾਤ ਭਾਸ਼ਾ ਦਿਵਸ ਤੇ ਵਿਸ਼ੇਸ਼

# ਪੰਜਾਬੀ ਭਾਸ਼ਾ : ਸਥਿਤੀ ਅਤੇ ਚੁਣੌਤੀਆਂ / ਡਾ. ਦਵਿੰਦਰ ਸਿੰਘ ਬੋਹਾ

ਕਿਸੇ ਵੀ ਕੌਮ ਦੀ ਪਛਾਣ ਉਸ ਦੀ ਮਾਂ-ਬੋਲੀ ਅਤੇ ਸੱਭਿਆਚਾਰ ਤੋਂ ਹੀ ਪਛਾਣੀ ਜਾਂਦੀ ਹੈ। ਅਸਲ ਵਿੱਚ ਮਾਂ-ਬੋਲੀ ਕਿਸੇ ਖਿੱਤੇ ਦੇ ਬਾਸ਼ਿੰਦਿਆਂ ਦੇ ਵਜੂਦ, ਸ਼ਖ਼ਸੀਅਤ ਅਤੇ ਜੀਵਨ ਜਾਚ ਦਾ ਜੀਵਨ ਪ੍ਰਗਟਾਵਾ ਹੁੰਦੀ ਹੈ। ਮਾਂ-ਬੋਲੀ ਵਿੱਚ ਹੀ ਮਨੁੱਖ ਸੁਪਨੇ ਲੈਂਦਾ ਹੈ, ਸੋਚਦਾ ਹੈ ਅਤੇ ਆਪਣੀ ਸੂਖਮ ਅਹਿਸਾਸਾਂ ਅਤੇ ਵਲਵਲਿਆਂ ਦਾ ਪ੍ਰਗਟਾਵਾ ਕਰਦਾ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਦੀਆਂ ਉਸ ਦੀਆਂ ਸਾਰੀਆਂ ਰਸਮਾਂ ਦਾ ਸਮੁੱਚਾ ਜੀਵਨ ਪ੍ਰਗਟਾਵਾ ਉਸ ਦੇ ਬੋਲਾਂ ਵਿੱਚ ਨਿਹਿਤ ਹੁੰਦਾ ਹੈ। ਗੱਲ ਕੀ, ਮਾਂ-ਬੋਲੀ ਮਨੁੱਖ ਦਾ ਆਦਿ-ਜੁਗਾਦਿ ਹੈ।



ਜੇਕਰ ਅਸੀਂ ਪੰਜਾਬੀ ਮਾਂ-ਬੋਲੀ ਦੀ ਗੱਲ ਕਰੀਏ ਤਾਂ ਇਸ ਦਾ ਸਫ਼ਰ ਆਪਣੇ ਮੁੱਢ ਕਦੀਮ ਤੋਂ ਹੀ ਬੜਾ ਸੁਨਹਿਰਾ ਰਿਹਾ ਹੈ। ਇਹ ਇਸ ਦੇ ਮਾਣ ਹਿੱਸੇ ਆਉਂਦਾ ਹੈ ਕਿ ਗੁਰੂਆਂ-ਪੀਰਾਂ, ਸੂਫ਼ੀ-ਫ਼ਕੀਰਾਂ, ਰਹਿਬਰਾਂ ਨੇ ਆਪਣੀ ਬਾਣੀ ਅੰਦਰ ਥਾਂ ਦਿੰਦਿਆਂ ਇਸ ਨੂੰ ਬਹੁਤ ਸਤਿਕਾਰ ਨਾਲ਼ ਨਿਵਾਜਿਆ ਹੈ। ਕਰੋੜਾਂ ਪੰਜਾਬੀ ਆਪਣੇ ਵਿਚਾਰਾਂ ਦੇ ਆਦਾਨ-ਪ੍ਰਦਾਨ ਲਈ ਅੱਜ ਇਸ ਨੂੰ ਆਪਣੇ ਸੀਨੇ ਲਾਈ ਬੈਠੇ ਹਨ। ਆਪਣੇ ਜਨਮ ਤੋਂ ਹੀ ਇਸ ਦੀ ਤੋਰ ਮਟਕਵੀਂ ਅਤੇ ਸੁਭਾਅ ਲਚਕੀਲਾ ਹੋਣ ਕਰ ਕੇ ਇਸ ਨੇ ਆਪਣੇ ਸੀਨੇ ਅੰਦਰ ਬਹੁਤ ਕੁੱਝ ਜਜ਼ਬ ਕੀਤਾ ਹੈ। ਲੇਕਿਨ ਸੱਚ ਇਹ ਵੀ ਹੈ ਕਿ ਸਮਿਆਂ ਦੇ ਇਤਿਹਾਸ ਅੰਦਰ ਬਹੁਤ ਕੁੱਝ ਅਜਿਹਾ ਵੀ ਹੈ ਜੋ ਸਮੇਂ-ਸਮੇਂ ਇਸ ਨੇ ਆਪਣੇ ਪਿੰਡੇ ਵੀ ਹੰਢਾਇਆ ਹੈ। ਨਾ-ਖੁਸ਼ਗਵਾਰ ਮੌਸਮਾਂ ਦੇ ਹਨੇਰੇ ਭਰੇ ਦੌਰ ਦੇ ਅੰਦਰੋਂ ਲੰਘਦੀ ਇਹ ਆਪਣੀਆਂ ਮਜ਼ਬੂਤ ਜੜ੍ਹਾਂ ਨਾਲ਼ ਅੱਜ ਪੂਰੀ ਦੁਨੀਆ ਦੀਆਂ ਬੋਲੀਆਂ ਦੇ ਨਕਸ਼ੇ ਉੱਤੇ 12ਵੇਂ ਸਥਾਨ ਉੱਤੇ ਪੈਰ ਟਿਕਾਉਂਦੀ ਹੋਈ ਪੰਦਰਾਂ ਕਰੋੜ ਲੋਕਾਂ ਦੀ ਬੋਲੀ ਅਖਵਾਉਂਦੀ ਹੈ।

ਪੰਜਾਬ ਅੰਦਰ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰਫੁੱਲਤਾ ਲਈ ਕਈ ਅਦਾਰੇ ਇਸ ਦੇ ਨਾਂ ਉੱਤੇ ਹੀ ਆਪਣੀਆਂ ਵਿਉਂਤਬੰਦੀਆਂ ਪੱਖੋਂ ਕਾਰਜਸ਼ੀਲ ਹਨ। ਇਹਨਾਂ ਸਭ ਦਾ ਇੱਕੋ-ਇੱਕ ਕਾਰਜ ਖੇਤਰ ਮਾਂ-ਬੋਲੀ ਪੰਜਾਬੀ ਦੇ ਦੀਵੇ ਅੰਦਰ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਤੇਲ ਪਾਉਂਦਿਆਂ ਇਸ ਨੂੰ ਮਘਦਾ ਰੱਖਣਾ ਹੈ। ਦੇਸ਼ ਦੀ ਆਜ਼ਾਦੀ ਉਪਰੰਤ 1966 ਵਿੱਚ ਭਾਸ਼ਾ ਦੇ ਅਧਾਰ ਉੱਤੇ ਜਦੋਂ ਪੰਜਾਬੀ ਸੂਬੇ ਦੀ ਸਥਾਪਨਾ ਕੀਤੀ ਜਾਂਦੀ ਹੈ ਤਾਂ ਪੰਜਾਬ ਸਰਕਾਰ ਵੱਲੋਂ ਇਸ ਦੇ ਮਾਣ-ਸਤਿਕਾਰ ਅੰਦਰ ਵਾਧਾ ਕਰਦਿਆਂ ਪਹਿਲੀ ਵਾਰ ਰਾਜ ਭਾਸ਼ਾ ਐਕਟ -1967 ਲਾਗੂ ਕੀਤਾ ਗਿਆ। ਇਸ ਸਦਕਾ ਪੰਜਾਬੀ ਦੇ ਪ੍ਰਚਾਰ, ਪ੍ਰਸਾਰ ਅਤੇ ਸਤਿਕਾਰ ਹਿਤ ਨਾ ਸਿਰਫ਼ ਵਿਲੱਖਣ ਯੋਜਨਾਵਾਂ ਤਿਆਰ ਕਰਦਿਆਂ ਇਸ ਦੇ ਵਿਕਾਸ ਲਈ ਨਵੇਂ ਰਾਹਾਂ ਦਾ ਆਰੰਭ ਹੋਇਆ ਬਲਕਿ ਪੰਜਾਬ ਰਾਜ ਭਾਸ਼ਾ ਐਕਟ-1967 ਦੇ ਪਾਸ ਹੋਣ ਉਪਰੰਤ ਸਾਰਾ ਦਫ਼ਤਰੀ ਕੰਮਕਾਜ ਪੰਜਾਬੀ ਭਾਸ਼ਾ ਵਿੱਚ ਕੀਤਾ ਜਾਣਾ ਜ਼ਰੂਰੀ ਕੀਤਾ ਗਿਆ।

'ਰਾਜ ਭਾਸ਼ਾ ਐਕਟ-1967' ਵਿੱਚ ਲੋੜੀਂਦੀਆਂ ਸੋਧਾਂ ਕਰਨ ਉਪਰੰਤ 'ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ-2008' ਧਾਰਾ 3-ਏ, ਬੀ ਅਨੁਸਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ ਤਹਿਤ ਸਾਰੀਆਂ ਦੀਵਾਨੀ ਅਤੇ ਫ਼ੌਜਦਾਰੀ ਅਦਾਲਤਾਂ, ਰਾਜ ਦੇ ਸਾਰੇ ਦਫ਼ਤਰਾਂ ਦਾ ਕੰਮਕਾਜ ਪੰਜਾਬੀ ਭਾਸ਼ਾ ਵਿੱਚ ਕਰਨ ਬਾਰੇ ਹਦਾਇਤਾਂ ਜਾਰੀ ਹੋਈਆਂ। ਇਸੇ ਐਕਟ ਦੀ ਧਾਰਾ 8-ਬੀ, ਸੀ ਤਹਿਤ ਸਮੀਖਿਆ ਅਤੇ ਅਮਲ ਨੂੰ ਹੇਠਲੇ ਪੱਧਰ ਉੱਤੇ ਯਕੀਨੀ ਬਣਾਉਣ ਲਈ ਪੰਜਾਬੀ ਦੇ ਵਿਕਾਸ ਅਤੇ ਪ੍ਰਫੁੱਲਤਾ ਲਈ ਰਾਜ ਅਤੇ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀਆਂ ਦਾ ਗਠਨ ਕੀਤਾ ਗਿਆ। ਐਕਟ ਦੀ ਧਾਰਾ 8-ਡੀ ਤਹਿਤ ਅਧਿਕਾਰੀਆਂ / ਕਰਮਚਾਰੀਆਂ ਨੂੰ ਪੰਜਾਬੀ ਵਿੱਚ ਕੰਮ ਕਰਨ ਲਈ ਪਾਬੰਦ ਵੀ ਕੀਤਾ ਗਿਆ ਹੈ। 'ਪੰਜਾਬ ਰਾਜ ਭਾਸ਼ਾ (ਸੋਧ) ਐਕਟ-2021' ਅਨੁਸਾਰ ਜੇਕਰ ਕੋਈ ਕਰਮਚਾਰੀ/ਅਧਿਕਾਰੀ ਇਸ ਐਕਟ ਦੇ ਉਪਬੰਧਾਂ ਜਾਂ ਇਹਨਾਂ ਅਧੀਨ ਜਾਰੀ ਕੀਤੀਆਂ ਸੂਚਨਾਵਾਂ ਦੀ ਉਲੰਘਣਾ ਕਰਦਾ ਹੈ ਤਾਂ ਜੁਰਮਾਨਾ ਅਤੇ ਵਿਭਾਗੀ ਕਾਰਵਾਈ ਦੀ ਸਜ਼ਾ ਵੀ ਮੁਕੱਰਰ ਕੀਤੀ ਗਈ। ਇਹ ਸਭ ਕੁੱਝ ਸਾਡੇ ਯਤਨਾਂ ਦਾ ਹਿੱਸਾ ਤਾਂ ਰਿਹਾ ਹੈ ਲੇਕਿਨ ਇਹ ਵੱਖਰੀ ਗੱਲ ਹੈ ਕਿ ਸਾਡੇ ਅਮਲ ਦਾ ਹਿੱਸਾ ਨਹੀਂ ਬਣ ਸਕਿਆ।

ਇੱਥੇ ਇਹ ਗੱਲ ਵਿਸ਼ੇਸ਼ ਤਵੱਜੋ ਦੇਣਯੋਗ ਹੈ ਕਿ ਤੁਰਕਾਂ, ਮੁਗ਼ਲਾਂ, ਅਫ਼ਗ਼ਾਨਾਂ ਅਤੇ ਅੰਗਰੇਜ਼ਾਂ ਦੇ ਰਾਜ ਭਾਗ ਸਮੇਂ ਪੰਜਾਬੀ ਭਾਸ਼ਾ ਲਈ ਐਨੇ ਖ਼ਤਰੇ ਨਹੀਂ ਸਨ ਜਿੰਨੇ ਕਿ ਅੱਜ ਤਕਨੀਕ, ਵਿਗਿਆਨ, ਵੈੱਬ ਆਦਿ ਦੇ ਯੁੱਗ ਵਿੱਚ ਪੰਜਾਬੀ ਭਾਸ਼ਾ ਨੂੰ ਦਰਪੇਸ਼ ਦਿਖਾਈ ਦਿੰਦੇ ਹਨ। ਤਕਨੀਕ, ਵਿਗਿਆਨ, ਵਿਕਾਸ ਅਤੇ ਯੁੱਗ ਅੰਦਰ ਜਿਸ ਤਰ੍ਹਾਂ ਅੱਜ ਅਸੀਂ ਰਹਿ ਰਹੇ ਹਾਂ, ਇਸ ਅੰਦਰ ਸਮੁੱਚੀ ਦੁਨੀਆ ਦਾ ਗਿਆਨ-ਭੰਡਾਰ 80 ਫ਼ੀਸਦੀ ਅੰਗਰੇਜ਼ੀ ਭਾਸ਼ਾ ਵਿੱਚ ਹੀ ਆਂਕਿਆ ਜਾਂਦਾ ਹੈ। ਯੂਨੈਸਕੋ ਦੁਆਰਾ ਭਾਸ਼ਾਵਾਂ ਪ੍ਰਤੀ ਜਾਰੀ ਕੀਤੀ ਗਈ ਰਿਪੋਰਟ ਅਤੇ ਦਿੱਤੀ ਗਈ ਚਿਤਾਵਨੀ ਕਿ ਕੁਝ ਭਾਰਤੀ ਭਾਸ਼ਾਵਾਂ ਕਗਾਰ ਉੱਤੇ ਹਨ, ਸਾਡੇ ਲਈ ਇਹ ਗੰਭੀਰ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਜ਼ਰੂਰ ਹੈ। ਅੱਜ ਸਾਡੀਆਂ ਖ਼ਾਲਸਾਈ ਭਾਸ਼ਾਵਾਂ ਪ੍ਰਤੀ ਇਹ ਫ਼ਿਕਰ ਵਾਲੀ ਸਥਿਤੀ ਜ਼ਰੂਰ ਬਣਦੀ ਜਾ ਰਹੀ ਹੈ ਕਿ ਭਵਿੱਖ ਵਿੱਚ ਇਹਨਾਂ ਦੀ ਹੋਂਦ ਦੀ

ਰੋਸ਼ਨੀ ਦਾ ਲਿਸ਼ਕਾਰਾ ਕਿਵੇਂ ਮਘਦਾ ਰੱਖਿਆ ਜਾ ਸਕੇਗਾ। ਵੈੱਬ ਦੀ ਭਾਸ਼ਾ ਅਤੇ ਅੰਗਰੇਜ਼ੀ ਦਾ ਦਿਨੋ-ਦਿਨ ਵੱਧ ਰਿਹਾ ਪ੍ਰਭਾਵ ਖੇਤਰੀ ਭਾਸ਼ਾਵਾਂ ਨੂੰ ਹਾਸ਼ੀਏ ਵੱਲ ਹੀ ਨਹੀਂ ਧਕੇਲ ਰਿਹਾ, ਸਗੋਂ ਲੋਕਾਈ ਨੂੰ ਆਪਣੀ ਭਾਸ਼ਾ, ਸੱਭਿਆਚਾਰ ਅਤੇ ਵਿਰਸੇ ਨਾਲੋਂ ਵੀ ਤੋੜ ਰਿਹਾ ਹੈ। ਪੂੰਜੀਵਾਦੀ ਨੀਤੀਆਂ, ਵਿਸ਼ਵੀਕਰਨ ਦਾ ਮੂੰਹ-ਜ਼ੋਰ ਫੈਲਾਅ ਅਤੇ ਸੰਸਾਰ ਦੇ ਇੱਕ ਪਿੰਡ ਹੋਣ ਦੀਆਂ ਕੀਤੀਆਂ ਜਾ ਰਹੀਆਂ ਨਿਸ਼ਾਨਦੇਹੀਆਂ ਖੇਤਰੀ ਭਾਸ਼ਾਵਾਂ ਦੇ ਰਕਾਨ ਬਣਨ ਦੀ ਤਾਕਤ ਨੂੰ ਵੀ ਸਾਫ਼ ਖੋਰਾ ਲਾ ਰਹੀਆਂ ਦਿਖਾਈ ਦਿੰਦੀਆਂ ਹਨ।

ਅੱਜ ਸਾਡੀਆਂ ਖ਼ੁਸ਼ੀਆਂ-ਗ਼ਮੀਆਂ ਦੇ ਭੌਤਿਕ ਸੱਭਿਆਚਾਰ ਦੇ ਰੂਪ-ਮੁਹਾਂਦਰੇ ਅੰਦਰ ਵਾਪਰਦੀਆਂ ਵੱਡੀਆਂ ਤਬਦੀਲੀਆਂ ਨੂੰ ਖ਼ੁਦ ਅੱਖੀਂ ਤੱਕਦਿਆਂ ਅਸੀਂ ਜਿਉਂ ਰਹੇ ਹਾਂ। ਇਸ ਵਿੱਚ ਵੀ ਕੋਈ ਦੋ ਰਾਵਾਂ ਨਹੀਂ ਕਿ ਸਮੇਂ ਦੀ ਤੋਰ ਅੰਦਰ ਭਾਸ਼ਾ ਅਤੇ ਸੱਭਿਆਚਾਰ ਨੇ ਵੀ ਆਪਣਾ ਨਵਾਂ ਰੂਪ ਅਤੇ ਮੁਹਾਂਦਰਾ ਘੜਨਾ ਹੁੰਦਾ ਹੈ, ਜਿਸ ਨੂੰ ਟਾਲਿਆ ਜਾ ਸਕਣਾ ਅਸੰਭਵ ਹੁੰਦਾ ਹੈ। ਪਰ ਇਸ ਦਾ ਮਤਲਬ ਇਹ ਕਦਾਚਿੱਤ ਨਹੀਂ ਕਿ ਅਸੀਂ ਅੰਧਾਧੁੰਦ ਬੇਗਾਨੀ ਭਾਸ਼ਾ, ਸੱਭਿਆਚਾਰ ਨੂੰ ਆਪਣੇ ਖ਼ਾਲਸਾਈ ਲੋਕਧਾਰਾਈ ਵਿਰਸੇ ਦੀਆਂ ਪਾਕ ਹੱਦਾਂ ਅੰਦਰ ਘੁਸਪੈਠ ਹੋਣ ਦੇਈਏ। ਭਾਸ਼ਾ ਦੀ ਸਰਦਾਰੀ ਕਾਇਮ ਰੱਖਣ ਲਈ ਇਹ ਜ਼ਰੂਰੀ ਅਤੇ ਲਾਜ਼ਮੀ ਹੈ ਕਿ ਸਾਡੇ ਪ੍ਰਬੰਧਕੀ ਢਾਂਚੇ ਅਤੇ ਕਾਬਜ਼ ਜਮਾਤੀ ਧਿਰਾਂ ਤੋਂ ਬੇਗਾਨੀ ਭਾਸ਼ਾ ਦੀ ਗ਼ੁਲਾਮ ਮਾਨਸਿਕਤਾ ਨਾਲੋਂ ਨਾਤਾ-ਸਬੰਧ ਤੋੜਨ ਦੀ ਅਸੀਂ ਕੋਸ਼ਿਸ਼ ਕਰੀਏ। ਜੇਕਰ ਅਸੀਂ ਭਾਵੁਕ ਸਾਂਝ ਪਾਲਦਿਆਂ ਇਸ ਨੂੰ ਬਚਾਉਣ ਬਾਰੇ ਹੀ ਹੱਥ ਪੱਲਾ ਮਾਰ ਰਹੇ ਹਾਂ ਤਾਂ ਇਸ ਨੇ ਮੰਡੀ, ਤਕਨੀਕ, ਬਜ਼ਾਰ, ਵਿਸ਼ਵੀਕਰਨ ਦੇ ਭਾਸ਼ਾ ਅਤੇ ਸੱਭਿਆਚਾਰ ਦੇ ਲੋਕ ਮਾਰੂ ਦੌਰ ਵਿੱਚ ਇਸ ਦੇ ਟਿਕਣ ਦੀਆਂ ਸੰਭਾਵਨਾਵਾਂ ਘਟਣੀਆਂ ਲਾਜ਼ਮੀ ਹਨ।

ਪੰਜਾਬੀ ਭਾਸ਼ਾ ਪ੍ਰਤੀ ਸੱਤਾਧਾਰੀ ਧਿਰਾਂ ਦੀ ਭੂਮਿਕਾ ਕਦੇ ਵੀ ਸਕਾਰਾਤਮਕ ਹੁੰਗਾਰੇ ਵਾਲੀ ਨਹੀਂ ਰਹੀ ਹੈ। ਇਹਨਾਂ ਦੇ ਪ੍ਰਚਾਰ-ਅਮਲ ਵਿੱਚ ਜ਼ਮੀਨ ਆਸਮਾਨ ਜਿੰਨਾ ਅੰਤਰ ਰਿਹਾ ਹੈ। ਪੰਜਾਬੀ ਭਾਸ਼ਾ ਦੇ ਨਾਂ ਉੱਤੇ ਬਣੇ ਅਦਾਰੇ, ਯੂਨੀਵਰਸਿਟੀਆਂ ਅੰਦਰ ਕਿਰਤ-ਸ਼ਕਤੀ ਦੀਆਂ ਖ਼ਾਲੀ ਦਿਖਾਈ ਦਿੰਦੀਆਂ ਕੁਰਸੀਆਂ ਅਤੇ ਪੰਜਾਬੀ ਵਿਕਾਸ ਲਈ ਖ਼ੈਰਾਤ ਮੰਗਦੇ ਗਰੀਬੜੇ ਹੱਥ ਸਰਕਾਰਾਂ ਨੂੰ ਕਦੀ ਵੀ ਨਜ਼ਰ ਨਹੀਂ ਆਉਂਦੇ। ਇੱਥੇ ਦਮਗਜੇ ਹਮੇਸ਼ਾ ਵੱਡੇ ਤੋਂ ਵੱਡੇ ਵੱਜਦੇ ਆਏ ਹਨ ਪਰ ਪਤਨਾਲਾ ਉੱਥੇ ਦਾ ਉੱਥੇ ਹੋਣ ਕਰਕੇ ਪੰਜਾਬੀ ਭਾਸ਼ਾ ਦਾ ਵਿਕਾਸ ਹੁੰਦਾ ਅਸੀਂ ਕਦੇ ਤੱਕਿਆ ਨਹੀਂ ਹੈ। ਅੱਜ ਮਾਂ-ਬੋਲੀ ਖ਼ੁਦ ਆਪਣਿਆਂ ਦੇ ਹੱਥੋਂ ਹੀ ਵਿਚਾਰਗੀ ਦੇ ਪਾਲੇ ਵਿੱਚ ਖੜ੍ਹੀ ਚੰਗੇ ਦਿਨਾਂ ਦੀ ਉਮੀਦ ਲਾਈ ਖੜ੍ਹੀ ਹੈ। ਸਮਿਆਂ ਦਾ ਅੱਜ ਇਹ ਕਿੰਨਾ ਕੌੜਾ ਸੱਚ ਹੈ ਕਿ ਸਾਡੇ ਕੋਲ ਅਜੇ ਤਾਈਂ ਪੰਜਾਬੀ ਦੀਆਂ ਲੋੜਾਂ, ਸੁਧਾਰਾਂ ਲਈ ਕੋਈ ਸ਼ਬਦਕੋਸ਼ ਨਹੀਂ ਹੈ, ਜੋ ਹੈ ਉਹ ਦਹਾਕਿਆਂ ਪੁਰਾਣਾ ਪਰੇ ਖੜ੍ਹਾ ਆਪਣੇ ਨਵਿਆਉਣ ਦੀ ਤਾਕ ਵਿੱਚ ਹੰਭ ਚੁੱਕਿਆ ਹੈ। ਇਸ ਦੇ ਮੁਕਾਬਲੇ ਹਰ ਸਾਲ ਅੰਗਰੇਜ਼ੀ, ਹਿੰਦੀ ਕੋਸ਼ਾਂ ਦੇ ਨਵੇਂ ਐਡੀਸ਼ਨਾਂ ਦੀ ਭਰਮਾਰ ਅਸੀਂ ਰੋਜ਼ਾਨਾ ਤੱਕਦੇ ਹਾਂ। ਵਿਗਿਆਨ, ਤਕਨੀਕੀ, ਕਾਨੂੰਨੀ ਕੋਸ਼ਾਂ ਦਾ ਮਸਲਾ ਤਾਂ ਅਜੇ ਤਾਈਂ ਅਸੀਂ ਚਿਮਟੇ ਨਾਲ ਵੀ ਛੂਹਿਆ ਨਹੀਂ ਹੈ। ਪੰਜਾਬੀ ਭਾਸ਼ਾ ਲਈ ਇਹ ਕਿੰਨਾ ਤ੍ਰਾਸਦਿਕ ਪਹਿਲੂ ਹੈ ਕਿ ਮਸ਼ੀਨੀ ਬੁੱਧੀਮਾਨਤਾ (ਆਰਟੀਫਿਸ਼ਲ ਇੰਟੈਲੀਜੈਂਸ) ਨੇ 1 ਫਰਵਰੀ 2024 ਨੂੰ ਗੂਗਲ ਉੱਤੇ ਆਪਣਾ ਏ.ਆਈ. ਪਲੇਟਫਾਰਮ ਜੈਮਨਾਈ-ਪ੍ਰੋ ਜਾਰੀ ਕੀਤਾ ਹੈ। ਇਹ ਭਾਰਤ ਦੀਆਂ ਨੌਂ ਭਾਸ਼ਾਵਾਂ (ਹਿੰਦੀ, ਬੰਗਾਲੀ, ਮਰਾਠੀ, ਤਾਮਿਲ, ਤੇਲਗੂ, ਗੁਜਰਾਤੀ, ਮਲਿਆਲਮ, ਕੰਨੜ) ਦੀ ਸਹਾਇਤਾ ਤਾਂ ਕਰਦਾ ਹੈ ਪਰ ਪੰਜਾਬੀ ਦੀ ਗੈਰ ਹਾਜ਼ਰੀ ਨਾ ਸਿਰਫ਼ ਸਾਡਾ ਮੂੰਹ ਹੀ ਚਿੜਾਉਂਦੀ ਹੈ ਬਲਕਿ ਸਰਕਾਰ ਦੀ ਲਾਪਰਵਾਹੀ ਦੀ ਵੱਡੀ ਗ਼ਲਤੀ ਹੋਣ ਦੀ ਗਵਾਹ ਵੀ ਬਣਦੀ ਹੈ।

ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਕਾਰਜਾਂ ਲਈ ਜੋ ਸੁਹਿਰਦ ਯਤਨ ਸਮੇਂ-ਸਮੇਂ ਉੱਤੇ ਸਰਕਾਰਾਂ ਦੁਆਰਾ ਪੰਜਾਬੀ ਮਾਂ-ਬੋਲੀ ਲਈ ਹੋਣੇ ਚਾਹੀਦੇ ਸਨ, ਉਹ ਇਸ ਪ੍ਰਤੀ ਬੇਰੁਖ਼ੀ ਕਾਰਨ ਪੰਜਾਬੀਆਂ ਦੇ ਦਿਲਾਂ ਅੰਦਰ ਆਪਣਾ ਸਤਿਕਾਰਤ ਸਥਾਨ ਨਹੀਂ ਬਣਾ ਸਕੇ। 'ਰਾਜ ਭਾਸ਼ਾ ਐਕਟ-1967' (ਤਰਮੀਮ ਐਕਟ-2008, 2021) ਦੀਆਂ ਕਾਨੂੰਨੀ ਮਦਾਂ ਦਾ ਲਚਕੀਲਾਪਣ ਹੋਣ ਕਰ ਕੇ ਉੱਪਰ ਤੋਂ ਲੈ ਕੇ ਹੇਠਾਂ ਤੱਕ ਇਸ ਦੇ ਪਾਲਣ ਕਰਤਿਆਂ ਵੱਲੋਂ ਅਣਗੌਲਿਆ ਅਤੇ ਦਰਕਿਨਾਰ ਕੀਤਾ ਜਾਂਦਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਰਾਜ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੀ ਸਲਾਨਾ ਗੁਪਤ ਰਿਪੋਰਟਾਂ ਦੇ ਨਿਰਧਾਰਿਤ ਪ੍ਰੋਫਾਰਮੇ ਵਿੱਚ ਸ਼ਾਮਲ ਇਹ ਮਦ "ਕੀ ਅਧਿਕਾਰੀ/ਕਰਮਚਾਰੀ ਪੰਜਾਬੀ ਵਿੱਚ ਕੰਮ ਕਰਦਾ ਹੈ?", ਵਿਸ਼ੇਸ਼ ਤੌਰ ਉੱਤੇ ਦਰਜ ਹੋਣ ਦੇ ਬਾਵਜੂਦ ਇਸ ਦੀ ਪਾਲਣਾ ਤੋਂ ਸਭ ਅਮਲਾ-ਫੈਲਾ ਇਨਕਾਰੀ ਹੈ। ਵਿੱਦਿਅਕ ਅਦਾਰਿਆਂ ਵਿੱਚ ਪੰਜਾਬੀ ਬੋਲਣ, ਪੜ੍ਹਨ, ਲਿਖਣ ਦੀ ਮਨਾਹੀ ਹੈ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ, ਇੱਥੇ ਤਾਂ ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਉਣ ਵਾਲੇ ਸਰਕਾਰ ਵੱਲੋਂ ਜਾਰੀ ਕੀਤੇ ਜਾਂਦੇ ਚਿੱਠੀ-ਪੱਤਰ ਵੀ ਅੰਗਰੇਜ਼ੀ ਭਾਸ਼ਾ ਦੀ ਹੇਜ ਵਾਲੀ ਡੋਰ ਨਾਲ਼ ਬੱਝੇ ਕਰੋੜਾਂ ਪੰਜਾਬੀਆਂ ਦਾ ਮੂੰਹ ਚਿੜਾਉਂਦੇ ਹਨ।

ਰਾਜ ਭਾਸ਼ਾ ਦੀ ਐਕਟ ਦੀ ਲੋਅ ਵਿੱਚ ਹੀ ਸਰਕਾਰ ਵੱਲੋਂ ਪੰਜਾਬ ਸਰਕਾਰ ਦੇ ਸਮੂਹ ਸਰਕਾਰੀ ਦਫ਼ਤਰਾਂ/ ਵਿਭਾਗਾਂ/ ਅਧਿਕਾਰੀਆਂ/ਸਰਕਾਰੀ ਅਤੇ ਗ਼ੈਰ-ਸਰਕਾਰੀ ਵਿੱਦਿਅਕ ਅਦਾਰਿਆਂ/ ਬੋਰਡਾਂ/ਨਿਗਮਾਂ/ ਸੁਸਾਇਟੀ ਐਕਟ/ਫ਼ੈਕਟਰੀ ਐਕਟ ਤਹਿਤ ਰਜਿਸਟਰ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ , ਨਾਮ ਪੱਟੀਆਂ/ਮੀਲ ਪੱਥਰ/ ਸਹਾਇਕ ਬੋਰਡ ਪੰਜਾਬੀ ਭਾਸ਼ਾ ਵਿੱਚ ਲਿਖੇ ਜਾਣ ਸਬੰਧੀ 4 ਜੁਲਾਈ 2022 ਨੂੰ ਸਰਕਾਰੀ ਪੱਧਰ ਉੱਤੇ

ਪੱਤਰ ਹੇਠਾਂ ਜਾਰੀ ਕਰ ਕੇ ਇਹ ਕੰਮ 21 ਫਰਵਰੀ 2023 ਤੱਕ ਨੇਪਰੇ ਚਾੜ੍ਹਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ। ਇਸ ਪੱਤਰ ਰਾਹੀਂ ਸਰਕਾਰ ਵੱਲੋਂ ਚੰਗੀ-ਚੋਖੀ ਵਾਹ-ਵਾਹ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੀ ਕੋਸ਼ਿਸ਼ ਕੀਤੀ ਗਈ। ਲੋਕਾਂ ਨੇ ਵੀ ਇਸ ਕਦਮ ਦਾ ਭਰਵਾਂ ਸਵਾਗਤ ਕੀਤਾ। ਲੇਕਿਨ ਸੱਚ ਇਹ ਹੈ ਕਿ ਅੱਜ ਤਾਈਂ ਕਿੰਨੀਆਂ 21 ਫਰਵਰੀ ਲੰਘ ਚੁੱਕੀਆਂ ਹਨ। ਸਭ ਕੁੱਝ ਅੱਖਾਂ ਸਾਹਵੇਂ ਤੈਰਦਾ ਨਜ਼ਰ ਆਉਂਦਾ ਹੈ। ਅੱਜ ਵੀ ਇਹ ਨਾਂ ਥਾਂ-ਥਾਂ ਅੰਗਰੇਜ਼ੀ ਵਿੱਚ ਲਿਖੇ ਹੋਏ ਪੰਜਾਬੀ 'ਤੇ ਖਚਰੀ ਹਾਸੀ ਹੱਸਦੇ ਹਨ। ਇਸ ਤੋਂ ਵੀ ਅਗਾਂਹ ਪੰਜਾਬੀ ਵਿੱਚ ਲਿਖੇ ਨਾਂ, ਬੋਰਡਾਂ ਦੀ ਗ਼ਲਤੀਆਂ ਭਰਪੂਰ ਸ਼ਬਦ-ਜੋੜਾਂ ਦੀ ਭਰਮਾਰ ਹੋਰ ਵੀ ਸਾਡੇ ਲਈ ਘਾਤਕ ਸਿੱਧ ਹੋ ਰਹੀ ਹੈ। ਸੱਚ ਇਹੀ ਹੈ ਕਿ ਜ਼ਿਲ੍ਹਾ ਅਤੇ ਰਾਜ ਪੱਧਰੀ ਮੀਟਿੰਗਾਂ ਅੰਦਰ ਪੰਜਾਬੀ ਭਾਸ਼ਾ ਸਾਡਾ ਕਦੀ ਵੀ ਏਜੰਡਾ ਨਹੀਂ ਹੁੰਦੀ ਅਤੇ ਨਾ ਹੀ ਇਸ ਦੀਆਂ ਕਮੀਆਂ ਪੇਸ਼ੀਆਂ ਦਾ ਅਸੀਂ ਕਦੇ ਮੁਲਾਂਕਣ ਹੀ ਕਰਦੇ ਹਾਂ।

ਪੰਜਾਬ ,ਪੰਜਾਬੀ ਅਤੇ ਪੰਜਾਬੀਅਤ ਦੇ ਬਚਾਅ ਅਤੇ ਪ੍ਰਸਾਰ ਪੱਖ ਤੋਂ ਸਾਨੂੰ ਚਾਹੀਦਾ ਹੈ ਕਿ ਪੰਜਾਬੀ ਭਾਸ਼ਾ ਐਕਟ-1967 (ਤਰਮੀਮ ਐਕਟ 2008, 2021) ਨੂੰ ਰਾਜ ਸਰਕਾਰ ਵੱਲੋਂ ਸਮੁੱਚੇ ਰਾਜ ਅੰਦਰ ਇਸ ਦੀ ਪਾਲਣਾ ਹਿਤ ਸਖ਼ਤੀ ਨਾਲ ਲਾਗੂ ਕੀਤਾ ਜਾ ਸਕੇ। ਸਰਕਾਰੀ ਤੇ ਗ਼ੈਰ-ਸਰਕਾਰੀ ਜੋ ਵੀ ਵਿੱਦਿਅਕ ਅਦਾਰਾ ਪੰਜਾਬ ਦੀ ਧਰਤੀ ਉੱਤੇ ਵਿੱਦਿਆ ਦਾ ਗਿਆਨ ਵੰਡਦਾ ਹੈ , ਉਸ ਅੰਦਰ ਇਕਸਾਰ ਪਾਠਕ੍ਰਮ ਅਨੁਸਾਰ ਪੰਜਾਬੀ ਬੋਲਣੀ ਅਤੇ ਪੜ੍ਹਾਉਣੀ ਲਾਜ਼ਮੀ ਕੀਤੀ ਜਾਵੇ। ਸਕੂਲਾਂ, ਕਾਲਜਾਂ ਅੰਦਰ ਤਜ਼ਰਬੇਕਾਰ ਅਤੇ ਉੱਚ ਯੋਗਤਾ ਪ੍ਰਾਪਤ ਅਧਿਆਪਕ ਹੋਣ। ਅਦਾਰਿਆਂ ਅੰਦਰ ਪੰਜਾਬੀ ਦੀ ਮੁਹਾਰਤ ਪ੍ਰਾਪਤ ਕਰਮੀ ਹੋਣੇ ਚਾਹੀਦੇ ਹਨ। ਸਰਕਾਰੀ/ਗ਼ੈਰ-ਸਰਕਾਰੀ ਦਫ਼ਤਰਾਂ, ਅਦਾਰਿਆਂ ਦੇ ਨਾਂ/ਨਾਮ ਪੱਟੀਆਂ /ਸੜਕੀ ਮਾਰਗ , ਵਿਭਾਗਾਂ ਦੀ ਵੈੱਬਸਾਈਟ, ਦਫ਼ਤਰਾਂ ਦੇ ਪ੍ਰੋਫਾਰਮੇ ਆਦਿ ਸਭ ਸਿਰਫ਼ ਪੰਜਾਬੀ ਵਿੱਚ ਹੀ ਨਹੀਂ ਸਗੋਂ ਸ਼ੁੱਧ ਪੰਜਾਬੀ ਵਿੱਚ ਹੋਣ। ਸੰਸਥਾਵਾਂ, ਅਦਾਰਿਆਂ, ਦਫ਼ਤਰਾਂ ਵਿੱਚ ਕੰਮ ਕਰਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੁਆਰਾ ਸਮੁੱਚਾ ਕੰਮਕਾਜ ਪੰਜਾਬੀ ਭਾਸ਼ਾ ਵਿੱਚ ਕਰਨਾ ਲਾਜ਼ਮੀ ਅਤੇ ਯਕੀਨੀ ਬਣਾਇਆ ਜਾਵੇ। ਕਿਸੇ ਵੀ ਬਾਹਰੀ ਸੰਸਥਾ, ਅਧਿਕਾਰੀ, ਕਰਮਚਾਰੀ ਦੀ ਕਰਮਭੂਮੀ ਪੰਜਾਬ ਹੋਵੇ ਤਾਂ ਸਭ ਤੋਂ ਪਹਿਲਾਂ ਉਹ ਪੰਜਾਬੀ ਦੀ ਮੁਹਾਰਤ ਹਾਸਲ ਕਰੇ ਅਤੇ ਉਹ ਬੋਲੇ, ਪੜ੍ਹੇ ਅਤੇ ਲਿਖੇ ਵੀ ਪੰਜਾਬੀ। ਅੱਜ ਮਸ਼ੀਨੀ ਬੁੱਧੀਮਾਨਤਾ ਨਾਲ਼ ਜ਼ਮਾਨਾ ਬਹੁਤ ਤੇਜ਼ੀ ਨਾਲ਼ ਅੱਗੇ ਵੱਧ ਰਿਹਾ ਹੈ, ਪੰਜਾਬੀ ਦੇ ਵਿਕਾਸ ਲਈ ਹਰ ਪੱਖੋਂ ਇਸ ਲਈ ਤੇਜ਼ੀ ਨਾਲ਼ ਯਤਨ ਜੁਟਾਏ ਜਾਣ ਅਤੇ ਅਦਾਰਿਆਂ ਲਈ ਇਹਨਾਂ ਕਾਰਨਾਂ ਵਾਸਤੇ ਵੱਖਰੇ ਫੰਡਾਂ ਅਤੇ ਤਕਨੀਕੀ ਮੁਹਾਰਤ ਕਰਮੀਆਂ ਦਾ ਸਮਾਧਾਨ ਕੀਤਾ ਜਾਵੇ। ਪੁਸਤਕ ਸੱਭਿਆਚਾਰ ਪੈਦਾ ਕਰਨ ਲਈ ਹਰੇਕ ਪਿੰਡ/ਸ਼ਹਿਰ ਅੰਦਰ ਲਾਇਬ੍ਰੇਰੀਆਂ ਖੋਲ੍ਹੀਆਂ ਜਾਣ ਅਤੇ ਸਾਹਿਤ ਸਭਾਵਾਂ, ਅਦਾਰਿਆਂ ਦੀ ਮਦਦ ਨਾਲ਼ ਚੰਗੀਆਂ ਉਸਾਰੂ ਕਿਤਾਬਾਂ ਦੀ ਚੋਣ ਕੀਤੀ ਜਾਵੇ। ਭਾਸ਼ਾ ਵਿਭਾਗ ਦੀਆਂ ਜ਼ਿਲ੍ਹਾ ਅਤੇ ਰਾਜ ਪੱਧਰੀ ਕਮੇਟੀਆਂ ਦੇ ਏਜੰਡਿਆਂ ਅਨੁਸਾਰ ਮੀਟਿੰਗ ਹੋਣੀ ਅਤੇ ਪੰਜਾਬੀ ਲਈ ਕੀਤੇ ਗਏ ਕੰਮਾਂ ਦਾ ਲੇਖਾ-ਜੋਖਾ ਜਨਤਕ ਕੀਤਾ ਜਾਵੇ। ਪੰਜਾਬੀ ਭਾਸ਼ਾ ਨੂੰ ਪ੍ਰਮੁੱਖਤਾ ਦੇ ਏਜੰਡੇ ਤੋਂ ਰੁਜ਼ਗਾਰ, ਵਪਾਰ ਅਤੇ ਸਰਕਾਰੀ, ਗ਼ੈਰ-ਸਰਕਾਰੀ ਕੰਮ-ਕਾਜ ਦੀ ਭਾਸ਼ਾ ਬਣਾਇਆ ਜਾਵੇ। ਅਦਾਲਤਾਂ ਦਾ ਸਮੁੱਚਾ ਕੰਮਕਾਜ ਪੰਜਾਬੀ ਭਾਸ਼ਾ ਵਿੱਚ ਹੋਵੇ। ਗਿਆਨ, ਵਿਗਿਆਨ, ਤਕਨੀਕੀ ਵਿਗਿਆਨ ਦੀਆਂ ਪੁਸਤਕਾਂ ਦਾ ਪੰਜਾਬੀ ਵਿੱਚ ਅਨੁਵਾਦ ਕੀਤਾ ਜਾਵੇ। ਭਾਸ਼ਾ ਵਿਭਾਗ, ਪੰਜਾਬ ਅਤੇ ਹੋਰਨਾਂ ਅਦਾਰਿਆਂ ਵੱਲੋਂ ਮਿਲ ਕੇ ਸ਼ਬਦਜੋੜ ਕੋਸ਼ ਤਿਆਰ ਕੀਤੇ ਜਾਣ। ਉੱਚ ਸਿੱਖਿਆ, ਮੁਕਾਬਲੇ ਦੀਆਂ ਪ੍ਰੀਖਿਆਵਾਂ ਦਾ ਮਾਧਿਅਮ ਸਿਰਫ਼ ਅਤੇ ਸਿਰਫ਼ ਪੰਜਾਬੀ ਹੋਵੇ। ਸਰਕਾਰ ਵੱਲੋਂ ਜਾਰੀ ਕੀਤੇ ਜਾਂਦੇ ਸਰਕੂਲਰ, ਨੋਟੀਫਿਕੇਸ਼ਨ, ਪੱਤਰ ਸਿਰਫ਼ ਅਤੇ ਸਿਰਫ਼ ਪੰਜਾਬੀ ਭਾਸ਼ਾ ਵਿੱਚ ਹੀ ਹੋਣ। ਸਰਕਾਰ ਪੂਰਨ ਖੁੱਲ੍ਹਦਿਲੀ ਨਾਲ ਪੰਜਾਬੀ ਵਿਕਾਸ ਲਈ ਸਮੂਹ ਅਦਾਰਿਆਂ ਨੂੰ ਫ਼ੰਡ ਜਾਰੀ ਕਰੇ। ਸਾਹਿਤ ਅਤੇ ਬਾਲ ਸਾਹਿਤ ਦੀਆਂ ਹੋਰਨਾਂ ਭਾਸ਼ਾਵਾਂ ਦੀਆਂ ਚੰਗੀਆਂ ਪੁਸਤਕਾਂ ਅਨੁਵਾਦ ਕੀਤੀਆਂ ਜਾਣ ਅਤੇ ਜਲਦੀ ਤੋਂ ਜਲਦੀ ਇਹਨਾਂ ਨੂੰ ਮਿਤੀਬੱਧ ਛਾਪਿਆ ਵੀ ਜਾਵੇ। ਤਕਨੀਕ, ਵਿਗਿਆਨ ਦੇ ਅਜੋਕੇ ਵਿਕਾਸ ਯੁੱਗ ਅੰਦਰ ਬੱਚਿਆਂ ਲਈ ਵਿਸ਼ੇਸ਼ ਪੰਜਾਬੀ ਚੈਨਲ, ਕਾਰਟੂਨ ਪ੍ਰੋਗਰਾਮ ਉਹਨਾਂ ਅੰਦਰਲੀ ਪ੍ਰਤਿਭਾ ਦੇ ਰਚਨਾਤਮਕ ਨਿਖਾਰ ਲਈ ਸ਼ੁਰੂ ਕੀਤੇ ਜਾਣ। ਸਕੂਲਾਂ, ਕਾਲਜਾਂ ਅੰਦਰ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਪੰਜਾਬੀ ਭਾਸ਼ਾ ਮੰਚ ਬਣਾਏ ਜਾਣ। ਇਹ ਅਤੇ ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਯਤਨ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣ ਲਈ ਕਾਫ਼ੀ ਹੱਦ ਤੱਕ ਸਾਡੇ ਲਈ ਮਦਦਗਾਰ ਸਾਬਤ ਹੋ ਸਕਦੇ ਹਨ, ਪਰ ਇਹ ਸਾਰੇ ਕਾਰਜ ਹਵਾ ਵਿੱਚ ਨਹੀਂ, ਸਮਾਂਬੱਧ ਹੋਣੇ ਬਹੁਤ ਜ਼ਰੂਰੀ ਹਨ।

ਪੰਜਾਬ ਦਾ ਹਰ ਬਾਸ਼ਿੰਦਾ ਪੰਜਾਬੀ ਹੈ ਅਤੇ ਸਭ ਦੀ ਮਾਂ-ਬੋਲੀ ਵੀ ਪੰਜਾਬੀ ਹੈ। ਇਸ ਦਾ ਰਿਣ ਉਤਾਰਨ ਲਈ ਸਾਨੂੰ ਅੱਜ ਲੋਕ-ਲਹਿਰ ਬਣਾ ਕੇ ਕੰਮ ਕਰਨ ਦੀ ਲੋੜ ਹੈ। ਆਓ! ਸਭ ਮਿਲ ਕੇ ਆਪਣੀ ਅਮੀਰ ਵਿਰਾਸਤ ਅਤੇ ਪੰਜਾਬੀ ਬੋਲੀ ਦੇ ਹਰ ਅਲਫਾਜ਼ ਨੂੰ ਜਿਊਂਦਾ ਰੱਖਣ ਲਈ ਇਸ ਦੇ ਹੱਕਾਂ ਉੱਤੇ ਪਹਿਰਾ ਦਿੰਦਿਆਂ ਸੱਚੇ ਦਿਲੋਂ ਇਸ ਨੂੰ ਸਾਰੇ ਜੱਗ ਦਾ ਹੋਕਾ ਬਣਾਈਏ।

**-98761-83063**

## ਕਵਿਤਾਵਾਂ / ਸੁਰਿੰਦਰ ਧੰਜਲ

### ਮੁਹੱਬਤੀ ਮੂਰਤ

ਹਰ ਇੱਕ ਦੇ ਜੀਵਨ ਵਿੱਚ ਆਉਂਦੇ
ਤਿੰਨ ਤਰ੍ਹਾਂ ਦੇ ਰਿਸ਼ਤੇ
ਕੁਝ ਹੀ ਬਣਨ ਮੁਹੱਬਤੀ ਮੂਰਤ
ਕੁਝ ਹੀ ਬਚਣ ਫ਼ਰਿਸ਼ਤੇ

ਸ਼ਹਿਦ ਉੱਤੇ ਮਧੂ-ਮੱਖੀਆਂ ਵਾਂਗੂੰ
ਪਹਿਲੇ, ਹੋਣ ਇਕੱਤਰ
ਭੀੜ ਪਵੇ ਤਾਂ ਉੱਡ-ਪੁੱਡ ਜਾਂਦੇ
ਜਿਉਂ ਪੱਤਝੜ ਦੇ ਪੱਤਰ

ਦੂਜੇ, ਥੋੜ੍ਹੀ ਦੇਰ ਦੇ ਸਾਥੀ
ਜਿਉਂ ਬਿਰਖਾਂ ਦੇ ਟਾਹਣੇ
ਝੱਖੜਾਂ ਦੇ ਵਿੱਚ ਟੁੱਟ ਕੇ ਲੱਭਣ
ਨਵਿਓਂ ਨਵੇਂ ਟਿਕਾਣੇ

ਤੀਜੇ, ਅੰਗਸੰਗ ਰਹਿਣ ਹਮੇਸ਼ਾਂ
ਜੜ੍ਹਾਂ ਵਾਂਗ ਅਣਦਿਸਦੇ
ਜੋ ਦੁੱਖ-ਸੁੱਖ ਦੇ ਸਾਥੀ ਬਣਕੇ
ਜ਼ਖ਼ਮ ਭਰੇਂਦੇ ਰਿਸਦੇ

ਪੱਤੇ, ਟਾਹਣੇ, ਜੜ੍ਹਾਂ ਵਾਂਗ ਜਦ
ਵਾਹੀਆਂ ਚੰਦ ਲਕੀਰਾਂ
ਰਿਸ਼ਤਿਆਂ ਦੇ ਝੁਰਮਟ ’ਚੋਂ ਬਚੀਆਂ
ਮੋਹ ਦੀਆਂ ਚੰਦ ਤਸਵੀਰਾਂ

ਮੋਹ ਦੀ ਮੂਰਤ ਇੱਕ ਸ਼ਰਮੀਲੀ
ਚਿਹਰਾ ਪੁਸ਼ਪ ਗੁਲਾਬੀ
ਬੋਲ ਓਸਦੇ ਰੰਗ-ਬਰੰਗੇ
ਲਟ ਲਟ ਬਲਣ ਮਤਾਬੀ

ਐਸੇ ਮੋਹਖੋਰਾਂ ਦੀ ਮਹਿਮਾਂ
ਕੀ ਕੋਈ ਸੁਣੇ-ਸੁਣਾਵੇ
ਕਲਮਕਾਰ ਤੇ ਸ਼ਬਦਕੋਸ਼ ਨੂੰ
ਲਫ਼ਜ਼ ਨਾ ਕੋਈ ਥਿਆਵੇ

ਸਾੜੇ, ਨਿੰਦਿਆ, ਨਫ਼ਰਤ, ਕੀਤੀ
ਇਹ ਦੁਨੀਆ ਬਦਸੂਰਤ
ਹਰ ਇੱਕ ਤਾਂਈਂ ਨਸੀਬ ਨਾ ਹੁੰਦੀ
ਕੋਈ ਮੁਹੱਬਤੀ ਮੂਰਤ।

### ਆਕਾਸ਼ ਅਤੇ ਮੌਸਮ

ਇੱਕੋ ਇੱਕ ਆਕਾਸ਼ ਤੂੰਹੀ ਹੈਂ,
ਬਾਕੀ ਤਾਂ ਬੱਸ ਮੌਸਮ ਹੈ।
ਸੂਰਜ ਚੰਦ ਸਿਤਾਰੇ ਤੇਰੇ
ਤੂਹੀਓਂ ਪੂਰਾ ਆਲਮ ਹੈ।

ਖ਼ੁਸ਼ੀ ਗ਼ਮੀ ਦੀਆਂ ਖ਼ਬਰਾਂ ਤੇਰੇ
ਮਨ ਮਸਤਕ ਮੰਡਰਾਉਣਗੀਆਂ
ਸਹਿਜ, ਅਡੋਲ ਵਿਚਰਦੇ ਰਹਿਣਾ
ਤੇਰਾ ਕਾਰਜ ਹਰਦਮ ਹੈ।

ਵਿੱਚ ਪਤਾਲਾਂ ਡਿੱਗ ਪਿਆ ਜੇ
ਪਰਬਤ ਤਾਈਂ ਭੁੱਲੀਂ ਨਾ
ਪਰਬਤ ਅਤੇ ਆਕਾਸ਼ ਤੋਂ ਉੱਚਾ
ਤੇਰੇ ਮਨ ਦਾ ਪਰਚਮ ਹੈ।

ਪਰਬਤ ਤੋਂ ਸਿਰ ਪਰਨੇ ਡਿੱਗ ਕੇ,
ਝਰਨਾ ਕੀ ਕੀ ਰੂਪ ਲਵੇ
ਝੀਲ ਨਦੀ ਦਰਿਆ ਜਾਂ ਸਾਗਰ
ਜਲ ਸਾਲਮ ਦਾ ਸਾਲਮ ਹੈ।

ਕੌਣ ਕਹੇ ਚਿੱਕੜ ਦਾ ਜਾਇਆ
ਪੁਸ਼ਪਾਂ ਦਾ ਸਰਤਾਜ ਨਹੀਂ
‘ਤੀਜੀ ਅੱਖ’ ਨਾਲ ਦੇਖੀਂ ਮਿੱਤਰਾ
‘ਜਲ ਵਿੱਚ ਕੰਵਲ ਨਿਰਾਲਮ’ ਹੈ।

ਜੋ ਤੂਫ਼ਾਨੀ ਪਰਵਾਜ਼ਾਂ ਨੂੰ
‘ਮੱਛੀ ਦੀ ਅੱਖ’ ਸਮਝੇਗਾ
ਓਹ ‘ਅਰਜਨ’ ਤੇਰੇ ਤੱਕ ਪਹੁੰਚੂ
ਓਹੀਓ ਤੇਰਾ ਬਾਲਮ ਹੈ।

### ਅੱਖਾਂ

ਸੁਪਨਿਆਂ ਦੇ ਸੰਗ ਭਰੀਆਂ ਅੱਖਾਂ
ਮੋਹ ਦੇ ਸਾਗਰ ਤਰੀਆਂ ਅੱਖਾਂ।



ਖੋਟੇ ਸਿੱਕਿਆਂ ਦੀ ਮੰਡੀ ਵਿੱਚ
ਚੰਦ ਕੁ ਮਿਲੀਆਂ ਖਰੀਆਂ ਅੱਖਾਂ।

ਹਾਕਮ ਦੇ ਲਈ ਦਗਦਾ ਸੂਰਜ
ਮੋਹ ਦੇ ਚੰਦ ਲਈ ਠਰੀਆਂ ਅੱਖਾਂ।

ਪਲਕਾਂ ‘ਤੇ ਨਾਂ ਲਿਖਿਆ ਜਿਸਦਾ
ਓਸੇ ਦੇ ਨਾਂ ਕਰੀਆਂ ਅੱਖਾਂ।

ਮਹਿਕ, ਮਿਠਾਸ, ਮੁਹੱਬਤ ਭਰੀਆਂ
ਮਟਕਦੀਆਂ ਰਸਭਰੀਆਂ ਅੱਖਾਂ।

ਸੂਰਤ ਮਾਖਿਓਂ ਮਿੱਠੀ ਹੋਈ,
ਸੀਰਤ ‘ਤੇ ਜਦ ਮਰੀਆਂ ਅੱਖਾਂ।

ਸੂਹੀ ਰਾਤ ਸੁਹਾਗਣ ਹੋਈ,
ਵਿਛੀਆਂ ਅਣਲੱਗ ਦਰੀਆਂ ਅੱਖਾਂ।

ਪੱਤਝੜਾਂ ਦੇ ਟਾਪੂ ‘ਤੇ ਵੀ
ਉੱਗਣ ਹਰੀਆਂ-ਭਰੀਆਂ ਅੱਖਾਂ।

ਸੱਤਰੰਗੀਆਂ ਪਰਵਾਜ਼ਾਂ ਬਣਕੇ
ਗਗਨੀਂ ਉੱਡਣ ਪਰੀਆਂ ਅੱਖਾਂ।

ਸੂਰਿਆਂ ਦੀ ਸੂਚੀ ਵਿੱਚ ਸ਼ਾਮਲ
ਦੀਨ ਹੇਤ ਜੋ ਲਰੀਆਂ ਅੱਖਾਂ।

# ਕਵਿਤਾਵਾਂ / ਦਰਸ਼ਨ ਬੁਲੰਦਵੀ

## ਮੈਂ ਜਾਤ ਨੂੰ

ਮੈਂ ਜਾਤ ਨੂੰ ਭੁੱਲਣ ਤੁਰਿਆ
ਇਹ ਮੁੜ ਮੁੜ ਯਾਦ ਦਿਲਾਵਣ
ਮੈਂ ਤੁਰਦਾ ਹਾਂ ਪੈੜ ਮਿਟਾ ਕੇ
ਇਹ ਪੈੜ ਤੇ ਦੀਵੇ ਬਾਲਣ

ਰੱਬ ਰੱਬ ਕਰਦੀ ਦੁਨੀਆਂ ਹੱਥੋਂ
ਮੈਂ ਮੁੜ ਮੁੜ ਠੱਗਿਆ ਜਾਵਾਂ
ਰੱਬ ਤਾਂ ਕਿਧਰੇ ਨਜ਼ਰ ਨਾ ਆਵੇ
ਤੇ ਮੈਂ ਕਿੱਥੇ ਰਪਟ ਲਿਖਾਵਾਂ

ਕਿਰਤ ਮੇਰੀ ਤੇ ਭਾਉਂਦੀਆਂ ਇੱਲਾਂ
ਅਜ਼ਲਾਂ ਤੋਂ ਠੂੰਗੇ ਮਾਰਨ
ਕਰ ਕੇ ਡੂੰਘਾ ਜਖ਼ਮ ਜਿਗਰ ਦਾ
ਉਮਰ ਤੋਂ ਪਹਿਲਾਂ ਮਾਰਨ


ਰਾਜ ਸੱਤਾ ਦੇ ਕੋਹਲੂ ਵਿੱਚ ਮੈਂ
ਮੁੜ ਮੁੜ ਪਿਸਦਾ ਜਾਵਾਂ
ਸੰਖ, ਟੱਲੀਆਂ ਦੇ ਰੌਲੇ ਵਿੱਚੋਂ
ਕਿੰਜ਼ ਬੋਲ ਪੈਗੰਬਰੀ ਪਾਵਾਂ

ਮੈਂ ਤੁਰਦਾ ਹਾਂ ਅੱਗੇ ਵਲ ਨੂੰ
ਇਹ ਪਿੱਛੇ ਵੱਲ ਘੁਮਾਵਣ
ਧੁੰਦ ਗੁਬਾਰੇ ਬਣ ਕੇ ਸੰਘਣੇ
ਮੇਰਾ ਸੂਰਜ ਪਏ ਲੁਕਾਵਣ

ਜੋ ਬਿਠਾਏ ਬਾਗ਼ ਦੀ ਰਾਖੀ
ਉਹੀ ਬਾਗ਼ ਪਏ ਉਜਾੜਨ
ਜਿਨ੍ਹਾਂ ਨੂੰ ਆਖਾਂ ਮੀਤ ਪਿਆਰੇ
ਉਹੀ ਪਿੱਠ ਵਿੱਚ ਛੁਰੀਆਂ ਮਾਰਨ।

## ਜਦ ਤੂੰ ਉਦਾਸ ਹੁੰਦੀ

ਜਦ ਤੂੰ ਉਦਾਸ ਹੁੰਦੀ
ਮੈਂ ਉਦਾਸ ਨਹੀਂ ਹੁੰਦਾ
ਤੇਰੀ ਉਦਾਸੀ ਦੀ ਗੰਢ ਨੂੰ
ਆਪਣੀ ਗਲਵੱਕੜੀ ਨਾਲ ਖੋਲਦਾ ਹਾਂ
ਤੇ ਤੇਰੀ ਹਰ ਗੁੰਝਲ ਵਿੱਚ



ਆਪਣੀ ਮੁਸਕਰਾਹਟ ਧਰਦਾ ਹਾਂ
ਤੇ ਛੱਡ ਦੇਂਦਾ ਹਾਂ ਤੈਨੂੰ
ਤੇਰੀ ਆਪਣੀ ਸਪੇਸ ਅੰਦਰ
ਕਿ ਉਦਾਸੀ ਤੋਂ ਮੁਕਤ ਹੋ ਸਕੇ

ਜਦ ਤੂੰ ਉਦਾਸ ਹੁੰਦੀ
ਮੈਂ ਮੋਹ ਨਾਲ ਭਰ ਜਾਂਦਾ ਹਾਂ
ਕਿ ਮੇਰੀ ਸਵੱਲੀ ਨਜ਼ਰ ‘ਚੋਂ
ਤੈਨੂੰ ਮੇਰਾ ਦਮ ਮਿਲੇ

ਕਿ ਮੇਰੇ ਮੋਹ ਦੀ ਕੱਚੀ ਜ਼ਮੀਨ ਵਿਚੋਂ
ਤੂੰ ਫੇਰ ਉੱਗੇ, ਜੜ੍ਹ ਲਾਵੇਂ
ਤੇ ਫੈਲ ਜਾਵੇਂ, ਲਹਿਰਾ ਜਾਵੇਂ
ਬਾਰਸ਼ ਧੋਤੀ ਹਰਿਆਵਲ ਵਾਂਗ
ਤੇ ਆਪਣੇ ਅੱਖੀਂ ਵੇਖ ਸਕੇਂ
ਆਪਣੀ ਪੀੜ੍ਹ ਦਾ ਜਨਾਜ਼ਾ
ਉਦਾਸੀ ਦੇ ਖਿੰਡ ਜਾਣ ਤੱਕ

ਜਦ ਤੂੰ ਉਦਾਸ ਹੁੰਦੀ
ਮੈਂ ਤੈਨੂੰ ਅੱਖਾਂ ਨਾਲ ਛੂੰਹਦਾ ਹਾਂ
ਕਿ ਤੇਰੇ ਦਿਲ ਦਰਿਆ ‘ਚੋਂ
ਕੋਈ ਅੱਥਰੀ ਛੱਲ ਉੱਠੇ
ਤੇ ਤੈਨੂੰ ਆਪਣੇ ਕਲਾਵੇ ਵਿੱਚ ਲਵੇ
ਤੇਰੀ ਦੇਹ ‘ਚੋਂ ਉੱਠੇ ਝਰਨਾਹਟ ਕੋਈ
ਤੇਰੀ ਨਜ਼ਰ ‘ਚ ਨੱਚੇ ਮੋਰ ਕੋਈ
ਕਿਤੇ ਉਡਾਰੀ ਭਰਨ ਨੂੰ ਜੀ ਕਰੇ
ਇੰਜ ਮੈਂ ਤੇਰੇ ਧਿਆਨ ਨੂੰ
ਮੋੜ ਦੇਂਦਾ ਹਾਂ
ਕਿ ਤੂੰ ਪਰਤ ਆਵੇਂ
ਮੁੜ ਆਪਣੇ ਵਜੂਦ ਅੰਦਰ
ਮੁੜ ਆਪਣੇ ਜਸ਼ਨ ਅੰਦਰ
ਉਦਾਸੀ ਦੇ ਖਿੰਡ ਜਾਣ ਤੱਕ
ਜਦ ਤੂੰ ਉਦਾਸ ਹੁੰਦੀ।

## ਤੈਨੂੰ ਪਛਾਨਣ ਲਈ

ਪਹਿਲਾਂ ਮੈਂ
ਆਪਣੇ ਆਪ ਨੂੰ ਪਛਾਣਦਾ ਹਾਂ
ਆਪਣੇ ਆਪ ਤੱਕ ਸੀਮਿਤ ਰਹਿ ਕੇ
ਸੀਮਿਤ ਹਾਂ ਤੇਰੇ ਤੀਕ ਵੀ
ਸੀਮਿਤ ਹਾਂ ਆਪਣੀ ਨਜ਼ਮ ਲਈ ਵੀ
ਤੇਰੇ ਸਾਗਰ ਦੀ ਸਤ੍ਹਾ ਹੇਠ ਖਿੜੀਆਂ
ਤਮਾਮ ਫੁੱਲ ਪੱਤੀਆਂ ਲਈ ਵੀ
ਮੈਂ ਸੀਮਿਤ ਹਾਂ

ਆਪਾਂ ਜਦ ਵੀ ਜ਼ਹਿਰੀਲੇ ਹੋ ਕੇ
ਇੱਕ ਦੂਜੇ ਨੂੰ ਡੱਸਦੇ ਹਾਂ
ਤਾਂ ਕਿਸੇ ਵੀ ਡੰਗ ਦੀ
ਜ਼ਹਿਰ ਨਹੀਂ ਚੜ੍ਹਦੀ
ਇਹ ਕੈਸਾ ਹੈ ਮੋਹ ਦਾ ਕਰਿਸ਼ਮਾ
ਕਿ ਪਹਿਲਾਂ ਵਾਂਗ ਹੀ ਧੜਕਣ ਲੱਗਦੇ ਹਾਂ
ਦਿਲ ਤੋਂ ਦਿਲ ਦੀ ਰਾਹ ‘ਤੇ
ਪਹਿਲਾਂ ਵਾਂਗ ਹੀ ਪਰਤ ਆਉਂਦੇ ਹਾਂ
ਜਿਊਣ ਦੀ ਚਾਹਤ ਅੰਦਰ
ਖਿਲਰੇ ਅੱਖਰਾਂ ਵਾਂਗ
ਹੋ ਕੇ ਵੀ ਬੱਝ ਜਾਂਦੇ ਹਾਂ
ਇੱਕ ਸ਼ਬਦ ‘ਮੁਹੱਬਤ ‘ਅੰਦਰ

ਇਸ ਤੋਂ ਪਹਿਲਾਂ ਕਿ ਪਛਾਣ
ਤਿੜਕੇ ਹੋਏ ਸ਼ੀਸ਼ੇ ‘ਚੋਂ ਸ਼ੁਮਾਰ ਹੋਵੇ
ਚੱਲ, ਇਸ ਪਛਾਣ ਨੂੰ
ਪਾਰਦਰਸ਼ੀ ਹੋਣ ਦਾ ਨਾਂਅ ਦਈਏ
ਇਹ ਜਾਣਦਿਆਂ ਵੀ
ਕਿ ਇਹ ਸਦਾ ਨਾਮੁਮਕਿਨ ਹੁੰਦਾ
ਸਿਰ ‘ਤੇ ਆਕਾਸ਼
ਝਿੱਲਮਲਾਉਂਦਾ ਵੀ ਹੋਵੇ
ਤਾਂ ਕਿਹੜੇ ਤਾਰੇ ਗਿਣੇ ਜਾ ਸਕਦੇ ?
ਏਨਾ ਹੀ ਬਹੁਤ ਕਿ ਅਭੇਦ ਅੰਦਰ ਹੀ
ਪਛਾਣ ਦਾ ਜਸ਼ਨ ਮਨਾਈਏ।
ਪਛਾਣ ਦਾ ਜਸ਼ਨ ਮਨਾਈਏ।

# ਮੰਮੀ ਤੁਸੀਂ ਵੀ ਨਾ / ਸੁਰਿੰਦਰ ਰਾਮਪੁਰੀ

ਨਵਦੀਪ ਦਾ ਫੋਨ ਸੁਣ ਮੇਰਾ ਸਰੀਰ ਕੰਬਣ ਲੱਗ ਗਿਆ। ਉਤਲਾ ਸਾਹ ਉੱਤੇ ਅਤੇ ਹੇਠਲਾ ਹੇਠਾਂ ਰਹਿ ਗਿਆ। ਮੈਨੂੰ ਲੱਗਿਆ ਜਿਵੇਂ ਮੈਨੂੰ ਕਿਸੇ ਜ਼ਹਿਰੀ ਨਾਗ ਨੇ ਡੰਗ ਲਿਆ ਹੋਵੇ। ਜਿਵੇਂ ਮੇਰੀ ਰਗ ਰਗ ਵਿਚ ਜ਼ਹਿਰ ਫੈਲ ਗਿਆ ਹੋਵੇ। ਏ.ਸੀ. ਰੂਮ ਵਿਚ ਬੈਠੀ ਵੀ ਤਰੇਲੀਓ – ਤਰੇਲੀ ਹੋ ਗਈ।

ਸਿਰਹਾਣੇ ਪਏ ਤੌਲੀਏ ਨਾਲ ਮੂੰਹ ਪੂੰਝਿਆ। ਬੈੱਡ ਨਾਲ ਢੋਅ ਲਾ ਕੇ ਬੈਠ ਗਈ। ਬਿਸਤਰੇ ’ਤੇ ਡਿੱਗਿਆ ਮੋਬਾਈਲ ਚੁੱਕਿਆ। ਫੋਨ ਬੰਦ ਹੋ ਚੁੱਕਿਆ ਸੀ।

ਸਾਈਡ ਟੇਬਲ ਤੋਂ ਪਾਣੀ ਦਾ ਗਲਾਸ ਚੁੱਕ ਸੰਘ ਗਿੱਲਾ ਕੀਤਾ। ਵਿਚਕਾਰਲਾ ਦਰਵਾਜ਼ਾ ਖੋਲ੍ਹ ਮੰਮੀ ਨੂੰ ਦੇਖਿਆ। ਉਹ ਸੁੱਤੇ ਪਏ ਸਨ।


ਮੈਂ ਫਿਰ ਆਪਣੇ ਬੈੱਡ ਤੇ ਅੱਧ-ਲੇਟੀ ਜਿਹੀ ਹੋ ਗਈ।

ਮਨ ਵਿਚ ਆਉਂਦਾ ਹੈ, ਮੰਮੀ ਨੂੰ ਬੁਲਾ ਹੀ ਲੈਂਦੀ। ਊਈਂ ਸੁੱਤੀ ਸਮਝ ਮੁੜ ਆਈ। ਉਨ੍ਹਾਂ ਦਾ ਤਾਂ ਸੁੱਤਿਆਂ-ਜਾਗਦਿਆਂ ਦਾ ਪਤਾ ਹੀ ਨਹੀਂ ਲੱਗਦਾ। ਜੇ ਅੱਖਾਂ ਮੀਚ ਲੈਣ ਤਾਂ ਸੁੱਤੇ, ਜੇ ਅੱਖਾਂ ਖੋਲ੍ਹ ਲੈਣ ਜਾਂ ਹੂੰਅ- ਹਾਂਅ ਕਰਨ ਤਾਂ ਜਾਗਦੇ। ਕਈ ਵਾਰ ਤਾਂ ਪੁੱਛਣਾ ਹੀ ਪੈਂਦੈ, ਮੰਮੀ ਜਾਗਦੇ ਹੋ ? ਹੁਣ ਤਾਂ ਉਨ੍ਹਾਂ ਨੂੰ ਪਾਸਾ ਲੈਣਾ ਵੀ ਔਖਾ ਹੋਇਆ ਪਿਐ। ਬੈਂਡ ਸੋਲ ਹੋ ਗਿਆ। ਕੱਪੜਾ ਗਿੱਲਾ ਕਰਕੇ ਪਿੰਡੇ ਤੇ ਫੇਰ ਦਿੰਦੀ ਹਾਂ। ਸਵੇਰੇ-ਸ਼ਾਮ ਦੋ ਵਾਰ ਪਾਊਡਰ ਛਿੜਕ ਦਿੰਦੀ ਹਾਂ। ਕਮਰੇ ਵਿਚ ਰੂਮ-ਫਰੈਸ਼ਨਰ ਛਿੜਕ ਦਿੰਦੀ ਹਾਂ। ਤਿੰਨ-ਚਾਰ ਦਿਨ ਬਾਅਦ ਕੰਮ ਵਾਲੀ ਨੂੰ ਨਾਲ ਲਗਾ ਕੇ ਨੁਹਾ ਦਿੰਦੀ ਹਾਂ।

ਚੰਗੀ ਭਲੀ ਹੁੰਦੀ ਸੀ ਮੰਮੀ। ਮੈਂ ਤਾਂ ਇਹਨਾਂ ਦਾ ਕਦੇ ਕੁਝ ਦੁਖਦਾ ਨਹੀਂ ਸੀ ਦੇਖਿਆ। ਆਪਣੇ ਦੁੱਖ ਦਾ ਤਾਂ ਪਤਾ ਹੀ ਨਹੀਂ ਸੀ ਲੱਗਣ ਦਿੰਦੇ। ਨਵਦੀਪ ਕੋਲੋਂ ਵਾਪਸ ਆਉਣ ਤੇ ਹੀ ਕਦੇ ਕਦਾਈਂ ਬਲੱਡ-ਪਰੈਸ਼ਰ ਵਧਣ ਲੱਗਿਆ। ਡਾਕਟਰ ਨੇ ਗੋਲੀ ਲਗਾ ਦਿੱਤੀ ਸੀ।

ਇਕ ਦਿਨ ਚੰਗੇ ਭਲੇ ਰੋਟੀ ਖਾ ਕੇ ਹਟੇ ਸੀ, ਅਚਾਨਕ ਹੀ ਦੌਰਾ ਪੈ ਗਿਆ। ਮੈਨੂੰ ਤਾਂ ਕੰਮ ਵਾਲੀ ਨੇ ਫੋਨ ਕਰਕੇ ਸੱਦਿਆ ਸੀ। ਹਸਪਤਾਲ ਲੈ ਕੇ ਗਏ। ਡਾਕਟਰ ਦੇ ਦੱਸਣ ਮੁਤਾਬਿਕ ਮੇਜਰ ਅਟੈਕ ਸੀ। ਖੱਬਾ ਪਾਸਾ ਮਾਰਿਆ ਗਿਆ ਸੀ। ਤੁਰਨ ਤੋਂ ਰਹਿ ਗਏ ਸਨ। ਜ਼ਬਾਨ ਵੀ ਤੁਤਲਾਉਣ ਲੱਗ ਗਈ। ਤਿੰਨ ਮਹੀਨੇ ਹਸਪਤਾਲ ਰਹੇ। ਮੈਂ ਤੇ ਰਣਬੀਰ ਹੀ ਸਾਂਭਦੇ ਰਹੇ। ਮੇਰੀ ਸਹੇਲੀ ਸੁਖਮਣੀ ਨੇ ਬਥੇਰੀ ਮੱਦਦ ਕੀਤੀ। ਕਈ ਵਾਰ ਹਸਪਤਾਲ ਰਾਤ ਵੀ ਕਟਾ ਦਿੰਦੀ। ਉਹਦੀ ਸੱਸ ਅਤੇ ਪਤੀ ਵੀ ਭੱਜ-ਨੱਠ ਕਰਦੇ ਰਹੇ। ਮੇਰੇ ਚਾਚਾ-ਚਾਚੀ ਤਾਂ ਲੋਕਾਚਾਰੀ ਵਾਂਗੂੰ ਗੇੜਾ ਮਾਰ ਜਾਂਦੇ ਨੇ।

ਅਸੀਂ ਮੰਮੀ ਨੂੰ ਹਸਪਤਾਲ ਤੋਂ ਛੁੱਟੀ ਕਰਵਾ ਕੇ ਆਪਣੇ ਕੋਲ ਹੀ ਲੈ ਆਏ ਸੀ।



ਮੈਨੂੰ ਲੱਗਿਆ, ਜਿਵੇਂ ਮੰਮੀ ਨੇ ਆਵਾਜ਼ ਮਾਰੀ ਹੋਵੇ। ਆਵਾਜ਼ ਤਾਂ ਨਿਕਲਦੀ ਹੀ ਨਹੀਂ। ਮੈਂ ਜਾ ਕੇ ਦੇਖਦੀ ਹਾਂ, ਉਨ੍ਹਾਂ ਦੀਆਂ ਅੱਖਾਂ ਖੁੱਲ੍ਹੀਆਂ ਹਨ। ਮੇਰੇ ਵੱਲ ਝਾਕਦੇ ਹਨ। ਮੈਂ ਚਮਚੇ ਨਾਲ ਮੂੰਹ ਵਿਚ ਪਾਣੀ ਪਾਉਂਦੀ ਹਾਂ।

ਮੇਰੀਆਂ ਅੱਖਾਂ ਵਿਚ ਪਾਣੀ ਸਿੰਮ ਆਇਆ।

ਜ਼ਿੰਦਗੀ ਕਿਹੜੇ ਕਿਹੜੇ ਰੰਗ ਦਿਖਾ ਦਿੰਦੀ ਹੈ।

ਕਿਸੇ ਸਮੇਂ ਮਨੁੱਖ ਕਿੰਨਾ ਬੇਬਸ ਹੋ ਜਾਂਦੈ। ਲਾਚਾਰ। ਨਾ ਕੁਝ ਕਹਿਣ ਜੋਗਾ ਨਾ ਸਮਝਣ ਜੋਗਾ। ਨਾ ਜਿਉਂਦਿਆਂ ਵਿਚ ਨਾ ਮਰਿਆਂ ਵਿਚ।

ਫਿਰ ਵੀ ਆਸ ਦੇ ਸਿਰ ਤੇ ਜ਼ਿੰਦਗੀ ਜਿਉਣੀ ਹੁੰਦੀ ਹੈ। ਆਸ ਹੀ ਮਨੁੱਖ ਨੂੰ ਜਿਉਂਦਾ ਰੱਖਦੀ ਹੈ।

ਡੈਡੀ ਜੀ ਦੇ ਤੁਰ ਜਾਣ ਬਾਅਦ ਮੰਮੀ ਨੇ ਸਾਨੂੰ ਦੋਵਾਂ ਭੈਣ ਭਰਾਵਾਂ ਨੂੰ ਪਾਲਿਆ ਪੋਸਿਆ। ਕਦੇ ਕਿਸੇ ਚੀਜ਼ ਦੀ ਕਮੀਂ ਨਹੀਂ ਆਉਂਣ ਦਿੱਤੀ। ਡੈਡੀ ਜੀ ਦੀ ਘਾਟ ਰੜਕਣ ਨਾ ਦਿੱਤੀ। ਮੰਮੀ ਸਿੱਖਿਆ ਵਿਭਾਗ ਵਿਚ ਪੜ੍ਹਾਉਂਦੇ ਸਨ। ਬੀ.ਏ., ਬੀ.ਐਡ ਹਨ। ਜ਼ਮੀਨ ਠੇਕੇ ’ਤੇ ਦੇ ਦਿੱਤੀ ਸੀ। ਚਾਚਾ ਜੀ ਤਾਂ ਚਾਹੁੰਦੇ ਸਨ, ਜ਼ਮੀਨ ਦੀ ਦੇਖਭਾਲ ਉਹ ਹੀ ਕਰਨ ਪਰ ਮੰਮੀ ਆਪਣੀ ਜ਼ਮੀਨ ਆਪ ਹੀ ਸੰਭਾਲਦੇ। ਆਪ ਹੀ ਠੇਕੇ ’ਤੇ ਦਿੰਦੇ।

ਮੈਂ ਉਨ੍ਹਾਂ ਨੂੰ ਸਾਰੀ ਦਿਹਾੜੀ ਰੁੱਝੇ ਹੋਏ ਵੀ ਇਕੱਲਤਾ ਹੰਢਾਉਂਦੇ ਦੇਖਿਆ ਹੈ। ਇਕ ਮਾਂ ਦੀ ਵੇਦਨਾ ਉਸ ਦੀ ਧੀਅ ਤੋਂ ਵੱਧ ਕੌਣ ਜਾਣ ਸਕਦਾ ਹੈ। ਮੈਂ ਹਰ ਸੰਭਵ ਕੋਸ਼ਿਸ਼ ਕਰਦੀ ਕਿ ਉਨ੍ਹਾਂ ਨੂੰ ਉਦਾਸੀ ਵਿੱਚੋਂ ਕੱਢਦੀ ਰਹਾਂ। ਉਹ ਉਦਾਸ ਤਾਂ ਹੋ ਜਾਂਦੇ ਪਰ ਨਿਰਾਸ਼ ਨਾ ਹੁੰਦੇ। ਉਹ ਕਦੇ ਵੀ ਢੇਰੀ ਢਾਹ ਕੇ ਨਹੀਂ ਸਨ ਬੈਠੇ। ਹਰ ਵਕਤ ਸਾਡੇ ਦੋਵਾਂ ਦੇ ਭਵਿੱਖ ਦਾ ਫਿਕਰ ਕਰਦੇ ਰਹਿੰਦੇ। ਬੀ.ਏ.ਕਰਦਿਆਂ ਹੀ ਮੇਰਾ ਵਿਆਹ ਕਰ ਦਿੱਤਾ।

ਉਦੋਂ ਰਣਬੀਰ, ਨੈਸ਼ਨਲ ਕਾਲਜ ਵਿਚ ਪੜ੍ਹਾਉਂਦੇ ਸਨ। ਹੁਣ ਤਾਂ ਸਰਕਾਰੀ ਕਾਲਜ ਵਿਚ ਹਨ। ਉਦੋਂ ਉਹ ਪਿੰਡ ਖੇਤੀ ਵੀ ਕਰਵਾਉਂਦੇ ਸਨ। ਜਦੋਂ ਅਸੀਂ ਇੱਥੇ ਰਹਿਣ ਲੱਗੇ ਤਾਂ ਜ਼ਮੀਨ ਠੇਕੇ ਤੇ ਦੇਣ ਲੱਗੇ। ਪ੍ਰਾਪਰਟੀ ਦਾ ਬਿਜ਼ਨਿਸ ਵੀ ਕਰਨ ਲੱਗੇ। ਉਹ ਵੀ ਮੇਰੇ ਤੇ ਨਵਦੀਪ ਵਾਂਗ ਦੋਵੇਂ ਭੈਣ-ਭਰਾ ਹੀ ਹਨ।

ਨਵਦੀਪ ਪਲੱਸ-ਟੂ ਤੋਂ ਬਾਅਦ ਅੱਗੇ ਪੜ੍ਹਨ ਤੋਂ ਮੁਨਕਰ ਹੋ ਗਿਆ। ਕੈਨੇਡਾ ਜਾਣ ਦੀ ਜ਼ਿੱਦ ਕਰਨ ਲੱਗਿਆ। ਮੰਮੀ ਪ੍ਰੇਸ਼ਾਨ ਰਹਿਣ ਲੱਗੀ। ਨਾ ਤਾਂ ਉਸ ਕੋਲ ਇੰਨੇ ਸਾਧਨ ਸਨ, ਨਾ ਹੀ ਉਹ ਆਪਣੇ ਇੱਕਲੌਤੇ ਪੁੱਤ ਨੂੰ ਅੱਖਾਂ ਤੋਂ ਦੂਰ

ਕਰਨਾ ਚਾਹੁੰਦੀ ਸੀ।

ਆਖਰਕਾਰ ਮੈਂ ਵੀ ਕਹਿ ਦਿੱਤਾ, ''ਮੰਮੀ ਜੇ ਕੋਈ ਜੁਗਾੜ ਬਣਦੈ ਤਾਂ ਭੇਜ ਦੇ ਇਹਨੂੰ ਜਿੱਥੇ ਜਾਣਾ ਚਾਹੁੰਦੈ। ਬਣਾ ਲਵੋ ਕੋਈ ਹੀਲਾ ਵਸੀਲਾ।''

''ਇਹਦੀ ਅੱਖ ਤਾਂ ਜ਼ਮੀਨ ਤੇ ਹੈ। ਜ਼ਮੀਨ ਮੈਂ ਵੇਚਣੀ ਨਹੀਂ।''

''ਹਰਜ਼ ਵੀ ਕੀ ਹੈ। ਲੋੜ ਵੇਲੇ ਚੀਜ਼ ਵਰਤ ਹੀ ਲਈਦੀ ਹੈ।''

''ਇਹ ਜ਼ਮੀਨ ਤੁਹਾਡੇ ਬਾਪ ਦਾਦੇ ਦੀ ਧਰੋਹਰ ਹੈ। ਮੈਥੋਂ ਨਹੀਂ ਵੇਚ ਹੋਣੀ। ਲੋਕ ਕਹਿਣਗੇ, ਮਾਸਟਰਨੀ ਤੋਂ ਦੋ ਨਿਆਣੇ ਨ੍ਹੀਂ ਪਾਲ਼ ਹੋਏ। ਜ਼ਮੀਨ ਵੇਚ ਕੇ ਖਾ ਗਈ। ਇਸ ਜ਼ਮੀਨ ਕਰਕੇ ਹੀ ਪਿੰਡ ਵਿਚ ਆਪਣੀਆਂ ਜੜ੍ਹਾਂ ਲੱਗੀਆਂ ਹੋਈਆਂ ਨੇ।''

''ਮੰਮੀ ਆਪਾਂ ਪਿੰਡ ਜਾਨੇ ਕਦੋਂ ਆਂ। ਠੇਕਾ ਵੀ ਇੱਥੇ ਹੀ ਆ ਜਾਂਦੈ।''

''ਫਿਰ ਵੀ ਪਿੰਡ ਤਾਂ ਪਿੰਡ ਹੀ ਹੁੰਦੈ। ਜੜ੍ਹਾਂ ਤਾਂ ਜੜ੍ਹਾਂ ਹੀ ਰਹਿੰਦੀਆਂ ਨੇ। ਹਰੇਕ ਪੁੱਛਦੇ , ਤੁਹਾਡਾ ਪਿੱਛਾ ਕਿੱਥੋਂ ਦਾ ਹੈ। ਫਿਰ ਬੰਦੇ ਵਿਚ ਆਪਣੇ ਪਿਛੋਕੜ ਬਾਰੇ ਸੋਚ ਕੇ ਹੀਣ ਭਾਵਨਾ ਆ ਜਾਂਦੀ ਐ।''

''ਫਿਰ ਕਿਵੇਂ ਕਰੋਂਗੇ।''

''ਦੇਖਦੇ ਹਾਂ'', ਉਹ ਮਨ ਹੀ ਮਨ ਭੰਨਾਂ-ਘੜਤਾਂ ਕਰ ਰਹੇ ਸਨ।

ਵਿਆਹ ਤੋਂ ਬਾਅਦ ਮੰਮੀ-ਡੈਡੀ ਨੇ ਇਸ ਸ਼ਹਿਰ ਵਿਚ ਆਪਣਾ ਘਰ ਬਣਾ ਲਿਆ ਸੀ।

ਨਵਦੀਪ ਨੂੰ ਕੈਨੇਡਾ ਭੇਜਣ ਲਈ ਮੰਮੀ ਨੇ ਉਹ ਘਰ ਵੇਚ ਦਿੱਤਾ।

ਮੈਂ ਤਾਂ ਕਿਹਾ ਵੀ ਸੀ, ''ਮੰਮੀ ਘਰ ਕਾਹਨੂੰ ਵੇਚਣੈਂ। ਇਹਦੇ ਨਾਲੋਂ ਤਾਂ ਥੋੜੀ ਬਹੁਤੀ ਜ਼ਮੀਨ ਹੀ ਵੇਚ ਦਿਓ।''

''ਧੀਏ ਘਰ ਤਾਂ ਮਨੁੱਖ ਦੀ ਮੁੱਢਲੀ ਲੋੜ ਹੈ। ਘਰ ਬਿਨਾਂ ਨਹੀਂ ਸਰਦਾ ਹੁੰਦਾ। ਘਰ ਤਾਂ ਬੰਦਾ ਔਖਾ-ਸੌਖਾ ਹੋ ਕੇ ਵੀ ਬਣਾ ਲੈਂਦੈ। ਇਕ ਵਾਰ ਹੱਥੋਂ ਨਿਕਲੀ ਜ਼ਮੀਨ ਨਹੀਂ ਮੁੜਦੀ ਹੁੰਦੀ।''

ਜ਼ਮੀਨ ਦੀਆਂ ਗੱਲਾਂ ਕਰਦੀ ਕਰਦੀ ਮੰਮੀ ਨੇ ਦੱਸਿਆ ਸੀ,''ਆਪਣੇ ਪਿੰਡ ਦੇ ਬਾਬੇ ਗੁਰਨਾਮੇ ਦੇ ਟੱਬਰ ਕੋਲ ਸੌ ਵਿੱਘੇ ਜ਼ਮੀਨ ਹੁੰਦੀ ਸੀ। ਇਕ ਵਾਰ ਵਾਢਾ ਪਿਆ, ਦਾਦੇ ਤੋਂ ਪੋਤੇ ਤੱਕ ਸਾਰੀ ਖੁਰ ਗਈ। ਇਕ ਕਿਆਰਾ ਨਹੀਂ ਰਿਹਾ। ਜ਼ਮੀਨ ਨੂੰ ਤਾਂ ਹੱਥਾਂ 'ਚੋਂ ਤਿਲਕਦੀ ਤਿਲਕਦੀ ਨੂੰ ਹੀ ਸਾਂਭ ਲਵੋ। ਔਖੇ ਰਹੋ, ਸੌਖੇ ਰਹੋ, ਜ਼ਮੀਨ ਨੂੰ ਨਾਂ ਹੱਥੋਂ ਨਿਕਲਣ ਦਿਓ''

''ਹੁਣ ਤੁਸੀਂ ਆਪ ਕਿਰਾਏ ਤੇ ਆ ਗਏ।''

''ਫਿਰ ਕੀ ਹੋਇਆ। ਬੱਚਿਆਂ ਲਈ ਸਭ ਕੁਝ ਕਰਨਾ ਪੈ ਜਾਂਦੈ। ਹਰ ਹਰਬੀ-ਜਰਬੀ ਝੱਲਣੀ ਪੈਂਦੀ ਹੈ। ਬੱਚਿਆਂ ਦੀ ਖੁਸ਼ੀ ਲਈ ਬਹੁਤ ਕੁਝ ਤਿਆਗਣਾ ਪੈ ਜਾਂਦੈ। '' ਮੈਂ ਸੋਚ ਰਹੀ ਸੀ, ਉਸੇ ਬੱਚੇ ਨੇ ਅੱਜ ਕਿੱਡੀ ਵੱਡੀ ਗੱਲ ਕਹਿ ਦਿੱਤੀ।

ਮੰਮੀ ਕੁਝ ਬੋਲਣ ਦਾ ਯਤਨ ਕਰ ਰਹੇ ਹਨ। ''ਮੰਮੀ ਭੁੱਖ ਲੱਗੀ ਹੈ ? ਮੈਂ ਦਲੀਆ ਲਿਆਉਨੀ ਆਂ।''

ਦਲੀਏ ਦੇ ਦੋ ਤਿੰਨ ਚਮਚੇ ਖਾ ਕੇ ਉਨ੍ਹਾਂ ਫਿਰ ਅੱਖਾਂ ਮੀਚ ਲਈਆਂ।

ਮੈਂ ਸੋਫੇ ਤੇ ਬੈਠੀ ਬੈਠੀ ਫਿਰ ਖਿਆਲਾਂ ਵਿਚ ਗੁਆਚ ਗਈ। ਕੈਨੇਡਾ ਪਹੁੰਚਣ ਤੋਂ ਸਾਲ ਕੁ ਬਾਅਦ ਹੀ ਨਵਦੀਪ ਨੇ ਵਿਆਹ ਕਰਵਾ ਲਿਆ। ਕੁੜੀ ਇੱਧਰਲੀ ਹੀ ਹੈ। ਨਵਦੀਪ ਦੇ ਸਕੂਲ ਵਿਚ ਹੀ ਪੜ੍ਹਦੀ ਸੀ। ਉਸ ਤੋਂ ਦੋ ਜਮਾਤਾਂ ਅੱਗੇ ਸੀ।

ਮੰਮੀ ਦੇ ਹੌਲ ਤਾਂ ਪਿਆ ਪਰ ਉਹ ਮੂੰਹੋਂ ਉਭਾਸਰਦੀ ਨਾ। ਉਨ੍ਹਾਂ ਨੂੰ ਨਵਦੀਪ ਤੋਂ ਇਹ ਉਮੀਦ ਨਹੀਂ ਸੀ। ਉਸ ਨੇ ਤਾਂ ਆਪਣੀ ਮਾਂ ਦੀ ਸਲਾਹ ਲੈਣ ਦੀ ਵੀ ਲੋੜ ਨਾ ਸਮਝੀ। ਸੂਚਨਾ ਹੀ ਦਿੱਤੀ ਸੀ। ਉਹ ਆਪਣੇ ਮਨ ਦੀ ਪੀੜ ਨੂੰ ਵਿੱਚੇ ਵਿਚ ਪੀ ਜਾਂਦੇ। ਦੇਖਣ ਵਾਲੇ ਨੂੰ ਇੰਝ ਲਗਦੇ ਸਨ ਜਿਵੇਂ ਬਹੁਤ ਖੁਸ਼ ਹੋਣ। ਰਿਸ਼ਤੇਦਾਰਾਂ ਅਤੇ ਗੁਆਂਢੀਆਂ ਨੂੰ ਆਪਣੇ ਨੂੰਹ ਪੁੱਤ ਦੀਆਂ ਤਸਵੀਰਾਂ ਦਿਖਾਉਂਦੇ ਰਹਿੰਦੇ। ਅੰਦਰਲਾ ਦਰਦ ਅੰਦਰ ਹੀ ਲੁਕੋ ਕੇ ਰੱਖਦੇ। ਇਕੱਲੇ ਬੈਠੇ ਹੁੰਦੇ ਤਾਂ ਹਉਕੇ ਭਰਦੇ ਰਹਿੰਦੇ।

ਵਿਆਹ ਤੋਂ ਚਾਰ ਕੁ ਸਾਲ ਬਾਅਦ ਨਵਦੀਪ ਨੇ ਗੇੜਾ ਮਾਰਿਆ।

ਮੰਮੀ ਕਹਿਣ ਲੱਗੇ,'' ਪੁੱਤ ਵਿਆਹ ਕਰਵਾਕੇ ਵੀ ਇਕੱਲਾ ਹੀ ਆ ਗਿਆ। ਮੇਰੀ ਨੂੰਹ ਨੂੰ ਵੀ ਨਾਲ ਲਿਆਉਂਦਾ। ਮੈਂ ਪਾਣੀ ਵਾਰ ਕੇ ਤਾਂ ਪੀ ਲੈਂਦੀ।''

''ਮੰਮੀ, ਕੰਮਾਂ ਕਾਰਾਂ ਦਾ ਬਹੁਤ ਔਖਾ ਐ। ਛੁੱਟੀਆਂ ਹੀ ਨਹੀਂ ਮਿਲਦੀਆਂ। ਨਾਲੇ ਹੁਣ ਜਾ ਕੇ ਕੈਨੇਡਾ ਦਾ ਪਾਣੀ ਹੀ ਪੀ ਲਿਓ।'' ਕਹਿੰਦਾ ''ਮੰਮੀ ਤੁਹਾਡਾ ਵੀਜ਼ਾ ਅਪਲਾਈ ਕਰਨਾ ਹੈ।''

''ਪੁੱਤ ਮੈਂ ਤਾਂ ਰੀਟਾਇਰਮੈਂਟ ਤੋਂ ਬਾਅਦ ਹੀ ਜਾਊਂਗੀ।''

''ਰੀਟਾਇਰਮੈਂਟ ਪਹਿਲਾਂ ਲੈ ਲੈਨੇ ਆਂ।''

''ਹੁਣ ਕਿਹੜਾ ਬਹੁਤੀ ਸਰਵਿਸ ਰਹਿੰਦੀ ਐ।''

''ਤੁਹਾਡੀ ਮਰਜ਼ੀ ਐ ਮੰਮੀ...।''

''ਹੁਣ ਪੋਤੇ- ਪੋਤੀ ਦਾ ਮੂੰਹ ਵੀ ਦਿਖਾ ਦਿਓ'', ਮੰਮੀ ਉਹਦੇ ਮੂੰਹ ਵੱਲ ਦੇਖਦੀ ਬੋਲੀ।

''ਪਹਿਲਾਂ ਅਸੀਂ ਤਾਂ ਸੈਟਲ ਹੋ ਜਾਈਏ। ਅਜੇ ਤਾਂ ਆਪਣਾ ਘਰ ਲੈਣਾ ਹੈ।''

''ਘਰ ਵੀ ਲਿਆ ਜਾਊ। ਮੈਂ ਬਾਲ ਬੱਚੇ ਦੀ ਗੱਲ ਕਰਦੀ ਆਂ।''

''ਮੰਮੀ ਜੇ ਆਪਾਂ ਜ਼ਮੀਨ ਵੇਚ ਦੇਈਏ, ਉੱਥੇ ਘਰ ਲੈਣਾ

ਸੌਖਾ ਹੋ ਜਾਊ।'' ਉਹਨੇ ਮੰਮੀ ਦੀ ਸੁਨਣ ਦੀ ਥਾਂ ਆਪਣੀ ਸੁਣਾ ਦਿੱਤੀ।

''ਉੱਥੇ ਵੀ ਪੈਸੇ ਇੱਧਰੋਂ ਲੈ ਕੇ ਜਾਵੇਂਗਾ। ਲੋਕਾਂ ਦੇ ਨਿਆਣੇ ਤਾਂ ਘਰਾਂ ਨੂੰ ਰੁਪੱਈਏ ਭੇਜਦੇ ਨੇ।''

''ਮੰਮੀ ਜੀ ਹੁਣ ਤਾਂ ਉੱਥੇ ਹੀ ਘਰ ਬਾਰ ਬਣਾਵਾਂਗੇ। ਇੱਥੇ ਕੀ ਹੈ।''

ਉਹ ਪਹਿਲਾਂ ਤਾਂ ਉਸਦੇ ਮੂੰਹ ਵੱਲ ਦੇਖਦੇ ਰਹੇ, ਫਿਰ ਬੋਲੇ, ''ਜ਼ਮੀਨ ਬਿਨਾਂ ਆਪਾਂ ਕਾਹਦੇ ਜੱਟ ਰਹਿ ਜਾਵਾਂਗੇ।''

''ਮੈਂ ਕਿਹੜਾ ਇੱਥੇ ਖੇਤੀ ਕਰਨੀ ਹੈ।''

''ਖੇਤੀ ਤਾਂ ਤੇਰੇ ਡੈਡੀ ਜੀ ਨੇ ਵੀ ਛੱਡ ਦਿੱਤੀ ਸੀ। ਅਸੀਂ ਜ਼ਮੀਨ ਤਾਂ ਸਾਂਭ ਕੇ ਰੱਖੀ ਹੈ।''

''ਮੈਂ ਕਿਹੜਾ ਖਰਾਬ ਕਰਨੀ ਐਂ। ਇੱਥੇ ਦੇ ਪੈਸੇ ਉੱਥੇ ਲੱਗ ਜਾਣਗੇ। ਪ੍ਰਾਪਰਟੀ ਦੀ ਥਾਂ ਪ੍ਰਾਪਰਟੀ ਬਣ ਜਾਵੇਗੀ।''

''ਜ਼ਮੀਨ ਤਾਂ ਸਾਰੀ ਤੁਹਾਡੀ ਹੀ ਹੈ ਭਾਈ। ਆਪਣੀ ਭੈਣ ਨਾਲ ਵੀ ਗੱਲ ਕਰ ਲੈ।'' ਮੰਮੀ ਨੇ ਗੱਲ ਮੁਕਾਉਣੀ ਚਾਹੀ।

''ਜਦੋਂ ਤੱਕ ਮੇਰੀ ਮੰਮੀ ਬੈਠੀ ਹੈ, ਮੈਂ ਨ੍ਹੀਂ ਕਿਸੇ ਹੋਰ ਨਾਲ ਗੱਲ ਕਰਨੀ।'' ਉਹ ਗੱਲ ਨੂੰ ਕਿਸੇ ਸਿਰੇ ਲਾਉਣੀ ਚਾਹੁੰਦਾ ਸੀ।

ਮੰਮੀ ਨੇ ਪੰਜ ਏਕੜ ਜ਼ਮੀਨ ਵੇਚ ਦਿੱਤੀ। ਨਵਦੀਪ ਨੇ ਆਪਣਾ ਘਰ ਲੈ ਲਿਆ।

ਰੀਟਾਇਰਮੈਂਟ ਤੋਂ ਬਾਅਦ ਮੰਮੀ ਨੇ ਵੀ ਇਕ ਮਕਾਨ ਖ਼ਰੀਦ ਲਿਆ। ਆਪਣਾ ਘਰ ਬਣਾ ਲਿਆ। ਸਾਡੇ ਘਰ ਦੇ ਨੇੜੇ ਹੀ ਹੈ। ਇੱਕੋ ਸੜਕ ਹੈ ਵਿਚਕਾਰ।

ਨਵਦੀਪ ਤਾਂ ਇਹ ਘਰ ਲੈਣ ਦੇ ਹੱਕ ਵਿਚ ਹੀ ਨਹੀਂ ਸੀ। ਆਖਦਾ,''ਮੰਮੀ ਹੁਣ ਇੱਥੇ ਘਰ ਲੈ ਕੇ ਆਪਾਂ ਕੀ ਕਰਨੈ। ਇਹ ਕਿਸ ਕੰਮ ਆਉਣੈ। ਕੀਹਨੇ ਸਾਂਭਣੈ। ਐਵੇਂ ਕਾਹਨੂੰ ਪੈਸੇ ਕਾਠ ਮਾਰੀ ਜਾਨੇ ਓ। ਤੁਸੀਂ ਤਾਂ ਕੈਨੇਡਾ ਹੀ ਆ ਜਾਣੈਂ। ਇੱਥੇ ਸਾਡੇ ਕੋਲ ਆਪਣਾ ਘਰ ਹੈਗਾ।''

''ਆਪਣਾ ਆਲ੍ਹਣਾ ਤਾਂ ਇੱਥੇ ਵੀ ਚਾਹੀਦੈ ਪੁੱਤਰਾ।''

''ਹੁਣ ਇਨ੍ਹਾਂ ਗੱਲਾਂ ਨੂੰ ਛੱਡੋ ਵੀ। ਇਹ ਗੱਲਾਂ ਤਾਂ ਪੁਰਾਣੀਆਂ ਹੋ ਗਈਆਂ। ਨਵੇਂ ਸਮੇਂ ਨਾਲ ਤੁਰੋ ਮੰਮੀ ਜੀ।''

ਮੈਂ ਨਵਦੀਪ ਨੂੰ ਸਮਝਾਇਆ , "ਮੰਮੀ ਨੂੰ ਆਪਣਾ ਘਰ ਲੈ ਲੈਣ ਦੇ। ਆਪਣੀ ਜ਼ਿੰਦਗੀ ਜਿਉਂਣ ਦੇ ਉਨ੍ਹਾਂ ਨੂੰ। ਆਖਰ ਜਾਇਦਾਦ ਤਾਂ ਤੇਰੀ ਹੀ ਬਣਦੀ ਹੈ।''

''ਤੂੰ ਵੀ ਤਾਂ ਝਾਕ ਰੱਖਦੀ ਹੋਵੇਂਗੀ, ਤਾਂ ਹੀ ਤਾਂ ਅੱਧੀ ਜ਼ਮੀਨ ਹੀ ਵੇਚਣ ਦਿੱਤੀ ਸੀ।''

ਉਸਦੀ ਗੱਲ ਸੁਣ ਮੈਨੂੰ ਗੁੱਸਾ ਚੜ੍ਹ ਗਿਆ। ''ਮੈਂ ਨਹੀਂ ਕਿਸੇ ਨੂੰ ਰੋਕਿਆ ਸੀ। ਨਾ ਕੋਈ ਸਲਾਹ ਦਿੱਤੀ ਸੀ। ਮੰਮੀ ਨੇ ਮੈਨੂੰ ਪੁੱਛਿਆ ਜ਼ਰੂਰ ਸੀ, ਨਵਦੀਪ ਜ਼ਮੀਨ ਵੇਚਣ ਨੂੰ ਕਹਿੰਦੈ। ਉਸਨੇ ਉੱਧਰ ਘਰ ਲੈਣੈਂ। ਮੈਂ ਤਾਂ ਕਹਿ ਦਿੱਤਾ ਸੀ, ਤੁਹਾਡੀ ਜ਼ਮੀਨ ਹੈ, ਤੁਸੀਂ ਜਾਣੋਂ।''

''ਦੀਦੀ ਤੁਸੀਂ ਤਾਂ ਗੁੱਸਾ ਹੀ ਕਰ ਗਏ। ਮੈਂ ਤਾਂ ਹਾਸੇ ਵਿਚ ਕਿਹਾ ਸੀ।''

''ਮੁੜ ਕੇ ਇਹੋ ਜਿਹਾ ਹਾਸਾ ਨਾ ਕਰੀਂ ਮੇਰੇ ਨਾਲ। ਮੈਂ ਨ੍ਹੀਂ ਕੋਈ ਝਾਕ ਰੱਖੀ ਕਦੇ। ਮੇਰੀ ਗੱਲ ਸੁਣ ਲੈ ਨਵਦੀਪ। ਪੱਲੇ ਬੰਨ੍ਹ ਲੈ। ਮੈਂ ਮੰਮੀ ਦੀ ਜ਼ਮੀਨ ਜਾਇਦਾਦ 'ਚੋਂ ਕੋਈ ਹਿੱਸਾ ਨਹੀਂ ਲੈਣਾ। ਮੰਮੀ ਦੇ ਬੈਂਕ ਅਕਾਊਂਟਸ ਦਾ ਨਾਮੀਨੀ ਤੂੰ ਹੀ ਹੈਂ। ਸਾਡੇ ਕੋਲ ਦਾਤੇ ਦਾ ਦਿੱਤਾ ਬਹੁਤ ਕੁਝ ਹੈ। ਅਭੀਜੀਤ ਜੋਗਾ ਮੁੱਕਦਾ ਨਹੀਂ।''

ਦੀਦੀ ਅਭੀਜੀਤ ਨੂੰ ਤਾਂ ਮੈਂ ਕੈਨੇਡਾ ਹੀ ਸੈਟਲ ਕਰ ਦੇਣੈ। ਤੇਰੇ ਨਾਲ ਵਾਅਦਾ ਰਿਹਾ। ਪੱਕਾ ਵਾਅਦਾ।''

ਉਸਦੀਆਂ ਗੱਲਾਂ ਸੁਣ ਮੈਂ ਚੁੱਪ ਹੋ ਗਈ ਸੀ।

ਡੋਰ ਬੈੱਲ ਵੱਜੀ ਹੈ। ਊਸ਼ਾ ਹੋਵੇਗੀ। ਮੈਂ ਦਰਵਾਜ਼ਾ ਖੋਲਦੀ ਹਾਂ।

''ਨਮਸਤੇ ਬੀਬੀ ਜੀ", ਕਹਿ ਉਹ ਅੰਦਰ ਲੰਘ ਆਈ। ਹੁਣ ਦੋ ਘੰਟੇ ਸਾਫ਼-ਸਫਾਈ ਵੀ ਕਰੇਗੀ ਅਤੇ ਮੰਮੀ ਦਾ ਧਿਆਨ ਵੀ ਰੱਖੇਗੀ। ਹੁਣ ਵੀ ਪਹਿਲਾਂ ਮੰਮੀ ਦੇ ਕਮਰੇ ਵਿਚ ਹੀ ਗਈ ਹੈ। ਉਨ੍ਹਾਂ ਨੂੰ ਬੁਲਾ ਰਹੀ ਹੈ। ਉਸ ਨੂੰ ਪਤਾ ਹੈ , ਉਨ੍ਹਾਂ ਤੋਂ ਬੋਲ ਨਹੀਂ ਹੁੰਦਾ। ਆਵਾਜ਼ ਨਹੀਂ ਨਿਕਲਦੀ। ਫਿਰ ਵੀ ਆਉਂਣ ਸਾਰ ਉਨ੍ਹਾਂ ਨੂੰ ਬੁਲਾਉਂਦੀ ਹੈ। ਹਾਲ ਚਾਲ ਪੁੱਛਦੀ ਹੈ। ਆਵਾਜ਼ਾਂ ਮਾਰਦੀ ਹੈ।

ਆਵਾਜ਼ ਤਾਂ ਕੈਨੇਡਾ ਤੋਂ ਨਵਦੀਪ ਨੇ ਵੀ ਮਾਰ ਲਈ ਸੀ ਮੰਮੀ ਨੂੰ। ਵੀਜ਼ਾ ਭੇਜ ਦਿੱਤਾ ਸੀ। ਫੋਨ ਤੇ ਬੋਲਿਆ ਸੀ," ਮੰਮੀ ਜੀ ਹੁਣ ਤਾਂ ਤੁਸੀਂ ਰੀਟਾਇਰ ਵੀ ਹੋ ਗਏ। ਆਪਣਾ ਘਰ ਵੀ ਲੈ ਲਿਆ। ਲਾਇਬਿਲਟੀ ਵੀ ਨਹੀਂ ਰਹੀ ਕੋਈ। ਹੁਣ ਤਾਂ ਸਾਡੇ ਕੋਲ ਆ ਜਾਵੋ।ਮੰਮੀ ਨੇ ਉਸ ਦੀ ਆਵਾਜ਼ ਸੁਣ ਲਈ ਸੀ। ਉਸ ਦਾ ਆਖਾ ਮੰਨ ਲਿਆ ਸੀ।

ਆਪਣੇ ਪੁੱਤ ਦਾ ਘਰ ਦੇਖ, ਉਨ੍ਹਾਂ ਨੂੰ ਚਾਅ ਚੜ੍ਹ ਗਿਆ। ਜ਼ਮੀਨ ਵਿਕਣ ਦਾ ਝੋਰਾ ਜਾਂਦਾ ਰਿਹਾ। ਨੂੰਹ ਪੁੱਤ ਦੀ ਜੋੜੀ ਫੱਬਦੀ ਸੀ। ਜਾਨ ਤੋੜ ਕੇ ਮਿਹਨਤ ਕਰਦੇ ਸਨ। ਇਕ ਦੂਜੇ ਦੀ ਗੱਲ ਭੁੰਜੇ ਨਹੀਂ ਸੀ ਡਿਗਣ ਦਿੰਦੇ। ਰੰਗਾਂ ਵਿਚ ਵਸਦੇ ਸਨ।

ਰੰਗਾਂ ਵਿਚ ਵਸਦੇ ਨੂੰਹ ਪੁੱਤ ਨੂੰ ਦੇਖ ਵੀ ਉਨ੍ਹਾਂ ਨੂੰ ਇਕ ਤੜਫਣਾ ਜਿਹੀ ਲੱਗੀ ਰਹਿੰਦੀ। ਦਿਲ ਨੂੰ ਖੋਹ ਜਿਹੀ ਪਈ ਜਾਂਦੀ।ਮਨ ਹੀ ਮਨ ਸੋਚਦੇ ਰਹਿੰਦੇ। ਏਨੇ ਵਰ੍ਹੇ ਵਿਆਹ ਨੂੰ ਹੋ ਗਏ। ਵਿਹੜੇ ਵਿਚ ਖੇਡਣ ਵਾਲਾ ਕੋਈ ਨਹੀਂ। ਇਹ ਸਭ ਕੀਹਦੇ ਲਈ ਬਣਾਉਂਦੇ ਨੇ। ਕੀਹਦੇ ਲਈ ਟੁੱਟ-ਟੁੱਟ ਮਰਦੇ ਨੇ। ਉਨ੍ਹਾਂ ਨੂੰ ਘਰ ਖਾਲੀ ਖਾਲੀ ਲਗਦਾ।

ਉਹ ਆਪਣੇ ਦਿਲ ਦੀ ਗੱਲ ਬਹੂ ਨੂੰ ਚਿਤਾਰਦੇ ਰਹਿੰਦੇ। ਪਹਿਲਾਂ ਪਹਿਲਾਂ ਤਾਂ ਉਹ ਹਾਸੇ ਵਿਚ ਟਾਲ ਦਿੰਦੀ। ਫਿਰ ਉਸ ਨੂੰ ਰੋਜ਼ ਰੋਜ਼ ਦੀ ਇਹ ਗੱਲ ਚੁੱਭਣ ਲੱਗੀ।

ਇਕ ਦਿਨ ਨਵਦੀਪ ਨੇ ਕਿਹਾ , ''ਮੰਮੀ ਜੀ, ਤੁਸੀਂ ਕਿਰਨ ਨੂੰ ਮਿਹਣੇ ਨਾ ਮਾਰਿਆ ਕਰੋ। ਉਹ ਡਿਸਟਰਬ ਹੋ ਜਾਂਦੀ ਹੈ।''

''ਮਿਹਣਾ ਤਾਂ ਮੈਂ ਕੋਈ ਨੀ ਮਾਰਿਆ ਕਦੇ। ਨਿਆਣੇ-ਨਿੱਕੇ ਦੀ ਗੱਲ ਜ਼ਰੂਰ ਕਹਿ ਹੋ ਜਾਂਦੀ ਐ।''

''ਨਾ ਕਿਹਾ ਕਰੋ।''

''ਕਿਉਂ ਬਾਲ-ਬੱਚਾ ਚਾਹੀਦਾ ਨੀ।''

''ਤੁਸੀਂ ਐਵੇਂ ਵਾਧੂ ਦਾ ਫ਼ਿਕਰ ਨਾ ਕਰਿਆ ਕਰੋ। ਕੈਨੇਡਾ ਆਏ ਹੋ। ਆਨੰਦ ਕਰੋ। ਮੌਜਾਂ ਮਾਣੋਂ।''

ਇਕ ਦਿਨ ਤਾਂ ਗੱਲ ਬਹੁਤ ਹੀ ਵਧ ਗਈ। ਉਹ ਕਿਰਨ ਨੂੰ ਕਹਿ ਬੈਠੇ, ''ਮੈਂ ਆਪਣੇ ਮੁੰਡੇ ਦਾ ਹੋਰ ਵਿਆਹ ਕਰ ਲੈਣੈਂ। ਪੀੜ੍ਹੀ ਤਾਂ ਅੱਗੇ ਤੋਰਨੀ ਹੀ ਐਂ।''

ਮੰਮੀ ਦੀ ਗੱਲ ਸੁਣ ਕਿਰਨ ਭਾਂਬੜ ਬਣ ਮੱਚ ਉੱਠੀ, ''ਕਰ ਕੇ ਦੇਖ ਲਵੋ। ਪਹਿਲਾਂ ਕਿਹੜਾ ਨਵਦੀਪ ਨੇ ਤੁਹਾਨੂੰ ਪੁੱਛ ਕੇ ਵਿਆਹ ਕਰਵਾਇਆ ਸੀ। ਮੰਮੀ ਜੀ, ਸਾਡੀ ਲਵ-ਮੈਰਿਜ ਐ। ਮੈਂ ਹੀ ਨਵਦੀਪ ਨੂੰ ਇੱਥੇ ਸੱਦਿਆ ਸੀ। ਤਾਂ ਹੀ ਪੜ੍ਹਾਈ ਵਿੱਚੇ ਛੱਡ ਕੇ ਇੱਥੇ ਆ ਗਏ ਸੀ।''

''ਥੱਬਾ ਰੁਪੱਈਆਂ ਦਾ ਤਾਂ ਮੈਂ ਲਾਇਆ ਸੀ।''

''ਤੁਸੀਂ ਕਿੱਥੋਂ ਲਿਆਏ ਸੀ। ਇਹਨਾਂ ਦੇ ਡੈਡੀ ਜੀ ਦੀ ਜਾਇਦਾਦ ਸੀ ,ਇਨ੍ਹਾਂ ਵਰਤ ਲਈ। ਮੈਂ ਤੁਹਾਨੂੰ ਦੱਸਾਂ, ਨਾ ਇਹਨਾਂ 'ਚ ਕੋਈ ਨੁਕਸ ਹੈ ਨਾ ਮੇਰੇ ਵਿਚ। ਇਹ ਤਾਂ ਸਾਡੀ ਆਪਸੀ ਸਹਿਮਤੀ ਐ। ਇੱਥੇ ਤਾਂ ਸਭ ਕੁਝ ਪਲਾਨ ਬਣਾ ਕੇ ਹੁੰਦੈ। ਨਾਲ਼ੇ ਮੇਰੀ ਗੱਲ ਸੁਣ ਲਓ, ਜੇ ਆਰਾਮ ਨਾਲ ਰਹਿਣੈ ਤਾਂ ਜੀਅ ਸਦਕੇ ਰਹੋ। ਭਾਵੇਂ ਸਾਰੀ ਉਮਰ ਇੱਥੇ ਰਹੋ। ਨਹੀਂ ਤਾਂ ਵਾਪਸ ਮੁੜ ਜਾਓ। ਸਾਡੀ ਕਿਸੇ ਗੱਲ ਵਿਚ ਦਖਲ ਨਹੀਂ ਦੇਣਾ।''

ਮੰਮੀ ਦਾ ਵੀਜ਼ਾ ਤਾਂ ਦਸ ਸਾਲ ਦਾ ਸੀ। ਇਹ ਤਾਂ ਢਾਈ ਮਹੀਨੇ ਬਾਅਦ ਹੀ ਮੁੜ ਆਏ।

''ਬੀਬੀ ਜੀ ਚਾਹ ਬਣਾ ਦਿਉ।'' ਊਸ਼ਾ ਦੀ ਆਵਾਜ਼ ਸੁਣ ਮੈਂ ਉੱਠਦੀ ਹਾਂ। ਆਪ ਵੀ ਚਾਹ ਪੀਂਦੀ ਹਾਂ, ਊਸ਼ਾ ਨੂੰ ਵੀ ਦਿੰਦੀ ਹਾਂ। ਦੋ ਘੁੱਟਾਂ ਮੰਮੀ ਨੂੰ ਵੀ ਪਿਲਾਉਂਦੀ ਹਾਂ।

ਚਾਹ ਦੀ ਘੁੱਟ ਲੰਘਾਉਦਿਆਂ ਉਨ੍ਹਾਂ ਨੂੰ ਹੱਥੂ ਆ ਗਿਆ। ਅੱਖਾਂ ਵਿਚ ਪਾਣੀ ਆ ਗਿਆ। ਮੈਂ ਉਨ੍ਹਾਂ ਦੀਆਂ ਅੱਖਾਂ ਪੂੰਝਦੀ ਹਾਂ। ਮੂੰਹ ਤੇ ਤੌਲੀਆ ਫੇਰਦੀ ਹਾਂ।

ਉਨ੍ਹਾਂ ਵੱਲ ਦੇਖਦਿਆਂ ਮੈਨੂੰ ਫਿਰ ਨਵਦੀਪ ਦੀ ਕਹੀ ਗੱਲ ਯਾਦ ਆ ਗਈ। ਉਸਦੀ ਗੱਲ ਸੁਣਦਿਆਂ ਮੈਨੂੰ ਲੱਗਿਆ ਸੀ ਜਿਵੇਂ ਮੇਰੀ ਰਗ ਰਗ ਵਿਚ ਜ਼ਹਿਰ ਫੈਲ ਗਿਆ ਹੋਵੇ। ਏ.ਸੀ. ਕਮਰੇ ਵਿਚ ਬੈਠੀ ਵੀ ਤਰੇਲੀਓ-ਤਰੇਲੀ ਹੋ ਗਈ ਸੀ। ਨਵਦੀਪ ਤੇਰੀ ਜੀਭ ਸੜ ਕਿਉਂ ਨਾ ਗਈ।ਆਖਰ ਮਾਂ ਹੈ ਤੇਰੀ। ਕਿਵੇਂ ਪਟੱਕ ਦੇ ਕੇ ਕਹਿ ਦਿੱਤਾ ਸੀ, '' ਦੀਦੀ ਮੰਮੀ ਦੇ ਟੀਕਾ ਲਗਵਾ ਦਿਉ, ਉਹਦੀ ਜਾਨ ਛੁੱਟ ਜਾਵੇਗੀ।''

ਨਵਦੀਪ ਦੀ ਗੱਲ ਸੁਣ ਮੇਰੇ ਹੱਥੋਂ ਮੋਬਾਈਲ ਡਿੱਗ ਪਿਆ ਸੀ।

ਨਵਦੀਪ ਤੇ ਕਿਰਨ ਮੰਮੀ ਦੇ ਵਰ੍ਹੀਣੇ 'ਤੇ ਆਏ ਸਨ। ਪੰਦਰਾਂ ਕੁ ਦਿਨ ਰਹੇ। ਜਿੱਥੇ ਵੀ ਘੁੰਮੇ ਫਿਰੇ, ਅਭੀਜੀਤ ਨੂੰ ਨਾਲ ਹੀ ਰੱਖਿਆ।

ਮੈਂ ਜ਼ਮੀਨ ਅਤੇ ਕੋਠੀ ਦੀ ਵਸੀਅਤ ਅਤੇ ਬੈਂਕ ਦੀਆਂ ਕਾਪੀਆਂ ਉਸਦੇ ਹਵਾਲੇ ਕਰ ਦਿੱਤੀਆਂ।

''ਦੀਦੀ ਆਪਾਂ ਜ਼ਮੀਨ ਤੇ ਕੋਠੀ ਵੇਚ ਹੀ ਨਾ ਦੇਈਏ।''

''ਜਿਵੇਂ ਮਰਜ਼ੀ ਕਰ। ਸਭ ਕੁਝ ਤੇਰੇ ਨਾਂਅ ਹੈ।''

''ਕੌਣ ਸੰਭਾਲਦਾ ਫਿਰੂ। ਸੌ ਰੱਫੜ ਪੈ ਜਾਂਦੈ।'' ਰਤਾ ਕੁ ਚੁੱਪ ਹੋ ਕੇ ਉਹ ਫਿਰ ਬੋਲਿਆ , ''ਦੀਦੀ ਮੈਂ ਤੁਹਾਡਾ ਹੱਕ ਨਹੀਂ ਰੱਖਦਾ। ਤੁਸੀਂ ਮੰਮੀ ਦੀ ਬਹੁਤ ਸੇਵਾ ਕੀਤੀ ਹੈ।''

ਮੈਂ ਗੁੱਸੇ ਨੂੰ ਵਿੱਚੇ ਵਿਚ ਪੀਂਦਿਆਂ ਇੰਨਾ ਹੀ ਕਿਹਾ,'' ਮੈਂ ਕਿਸੇ ਝਾਕ ਲਈ ਤਾਂ ਨਹੀਂ ਸੀ ਕੀਤਾ। ਮੇਰੀ ਮਾਂ ਸੀ, ਜਿੰਨਾ ਹੋ ਸਕਿਆ ਕਰ ਦਿੱਤਾ। ਤੂੰ ਮੇਰਾ ਹੱਕ ਕੀ ਮੋੜੇਂਗਾ, ਆਪਣੀ ਮਾਂ ਦਾ ਬਥੇਰਾ ਹੱਕ ਮੋੜਤਾ। ਜਿਉਂਦੀ ਨੂੰ ਮਾਰਨ ਦੀਆਂ ਸਲਾਹਾਂ ਦਿੰਦਾ ਸੀ।''

ਉਹ ਪਹਿਲਾਂ ਤਾਂ ਗੁੱਸੇ ਨਾਲ ਮੇਰੇ ਵੱਲ ਝਾਕਿਆ, ਫਿਰ ਹੌਲੀ ਹੌਲੀ ਬੋਲਿਆ, ''ਦੀਦੀ ਮੈਨੂੰ ਪਤੈ ਤੁਸੀਂ ਗੁੱਸਾ ਕੀਤਾ ਸੀ ਪਰ ਮੈਂ ਉਹ ਗੱਲ ਬਹੁਤ ਸੋਚ ਵਿਚਾਰ ਕਰਨ ਮਗਰੋਂ, ਮਨ ਮਾਰ ਕੇ ਕਹੀਂ ਸੀ।''

''ਤੈਨੂੰ ਹਯਾ ਨਹੀਂ ਆਈ। ਦਿਲ ਨੀ ਪਾਟਿਆ ਤੇਰਾ।''

''ਦੀਦੀ ਮੈਨੂੰ ਮੰਮੀ ਦੁਪਿਆਰੀ ਨਹੀਂ ਸੀ। ਮੈਂ ਤਾਂ ਹੁਣ ਵੀ ਉਸ ਨੂੰ ਯਾਦ ਕਰ ਕਰ ਰੋਨਾਂ। ਆਪਾਂ ਨੂੰ ਪਤਾ ਸੀ, ਉਨ੍ਹਾਂ ਬਚਣਾ ਨਹੀਂ। ਤਿਲ ਤਿਲ ਹੋ ਕੇ ਮਰਨਾ ਬੜਾ ਔਖਾ ਹੁੰਦੈ।''

''ਉਹ ਤਾਂ ਜਿਉਂਦੇ ਜੀਅ ਵੀ ਤਿਲ ਤਿਲ ਹੋ ਕੇ ਮਰਦੇ ਰਹੇ ਨੇ। ਤੈਨੂੰ ਪਤੈ, ਡੈਡੀ ਜੀ ਤੋਂ ਮਗਰੋਂ ਉਨ੍ਹਾਂ ਕਿੰਨੀ ਪੀੜ ਜਰੀ ਸੀ। ਉਹ ਮਰ ਤਾਂ ਨਹੀਂ ਗਏ ਸੀ। ਸਿਆਣੇ ਕਹਿੰਦੇ ਨੇ ਜਦ ਤੱਕ ਸਾਸ ਤਦ ਤੱਕ ਆਸ।''

''ਦੋਵੇਂ ਹਾਲਾਤ ਵੱਖਰੇ ਸਨ ਦੀਦੀ। ਬਹੁਤ ਫਰਕ ਸੀ। ਮੈਂ ਐਡੀ ਦੂਰ ਬੈਠਾ ਵੀ ਉਹਨਾਂ ਦਾ ਦਰਦ ਮਹਿਸੂਸ ਕਰਦਾ ਸੀ। ਮੈਥੋਂ ਉਹ ਦੇਖੇ ਨਹੀਂ ਸੀ ਜਾਣੇ। ਇਸੇ ਲਈ ਸਸਕਾਰ ਸਮੇਂ ਨਹੀ ਆਇਆ। ਮੈਂ ਤਾਂ ਭੋਗ ਵੇਲੇ ਵੀ ਨਹੀਂ ਆ ਸਕਿਆ।''

''ਤੂੰ ਤਾਂ ਭਾਬੀ ਮਗਰ ਲੱਗਿਆ ਰਿਹਾ। ਆਪਣੀ ਮਾਂ ਸੀ ਆਖਰ। ਜੇ ਕੋਈ ਉੱਚੀ ਨੀਵੀਂ ਕਹਿ ਵੀ ਦਿੱਤੀ, ਐਂ ਤੋੜ ਤੜੱਕ ਥੋੜ੍ਹਾ ਕਰ ਲਈਦੀ ਐ।''

ਉਹ ਉੱਠ ਕੇ ਮੇਰੇ ਗਲ਼ ਲੱਗਦਾ ਬੋਲਿਆ, ''ਤੂੰ ਮੇਰੀ

ਬੜੀ ਭੈਣ ਐਂ। ਮੰਮੀ ਤੋਂ ਬਾਅਦ ਉਹਨਾਂ ਦੇ ਥਾਂ ਤੇ ਹੈਂ, ਜੋ ਮਰਜ਼ੀ ਕਹਿ ਲੈ। ਭਾਵੇਂ ਜੁੱਤੀਆਂ ਮਾਰ ਲੈ। ਸੱਚ ਤਾਂ ਇਹ ਹੈ, ਤੇਰੀ ਭਾਬੀ ਤਾਂ ਕਹਿੰਦੀ ਸੀ, ਤੁਸੀਂ ਜ਼ਰੂਰ ਜਾਵੋ। ਇਕੱਲੇ-ਕਾਰੇ ਪੁੱਤ ਦਾ ਉੱਥੇ ਹੋਣਾ ਬਹੁਤ ਜ਼ਰੂਰੀ ਹੈ। ਮੈਂ ਕਿਹਾ ਸੀ, ਉੱਥੇ ਮੇਰਾ ਵੱਡਾ ਭਾਈ ਮੌਜੂਦ ਹੈ। ਦੀਦੀ ਮੇਰੀ ਭੈਣ ਨਹੀਂ, ਵੱਡਾ ਭਾਈ ਹੈ।"

ਮੇਰੇ ਮੂੰਹੋਂ ਨਿਕਲਿਆ,"ਰਹਿਣ ਦੇ ਇੰਨਾਂ ਮੋਮੋਠੱਗਣੀਆਂ ਨੂੰ ਰਹਿਣ ਦੇ।"

"ਦੀਦੀ...", ਉਹ ਅੱਖਾਂ ਵਿਚ ਉਮੜ ਆਏ ਅੱਥਰੂਆਂ ਨੂੰ ਲੁਕੋਂਦਾਂ ਉੱਠ ਕੇ ਕਮਰੇ 'ਚੋਂ ਬਾਹਰ ਨਿਕਲ ਗਿਆ। ਸ਼ਾਇਦ ਉਹ ਭੁੱਲ ਗਿਆ ਸੀ, ਅੱਥਰੂ ਸਿਰਫ਼ ਅੱਖਾਂ ਵਿਚ ਹੀ ਨਹੀਂ, ਆਵਾਜ਼ ਵਿਚ ਵੀ ਭਰੇ ਹੁੰਦੇ ਨੇ। ਅੱਖਾਂ ਦੇ ਅੱਥਰੂ ਤਾਂ ਲੁਕੋਏ ਜਾ ਸਕਦੇ ਨੇ, ਆਵਾਜ਼ ਵਿਚ ਭਰੇ ਅੱਥਰੂ ਲੁਕਦੇ ਨਹੀਂ ਹੁੰਦੇ।

ਉਹ ਮੂੰਹ ਤੇ ਪਾਣੀ ਦੇ ਛਿੱਟੇ ਮਾਰ, ਫਿਰ ਮੇਰੇ ਕੋਲ ਆ ਬੈਠਿਆਂ। ਗੱਲਾਂ ਕਰਦਾ ਕਰਦਾ ਕਹਿਣ ਲੱਗਿਆ, "ਦੀਦੀ ਅਭੀਜੀਤ ਨੂੰ ਤਾਂ ਮੈਂ ਕੈਨੈਡਾ ਹੀ ਲੈ ਜਾਣਾ ਹੈ। ਮੈਂ ਆਪਣਾ ਵਾਅਦਾ ਨਿਭਾਵਾਂਗਾ।"

"ਰਣਬੀਰ ਤਾਂ ਇਹਨੂੰ ਡਾਕਟਰ ਬਣਾਉਂਣਾ ਚਾਹੁੰਦੇ ਨੇ। ਇਸੇ ਲਈ ਮੈਡੀਕਲ ਗਰੁੱਪ ਲੈ ਕੇ ਦਿੱਤੈ। ਪਲੱਸ ਟੂ 'ਚੋਂ ਵਧੀਆ ਪੋਜੀਸ਼ਨ ਆਈ ਹੈ।"

"ਦੀਦੀ, ਜੀਜਾ ਜੀ ਨਾਲ ਮੈਂ ਆਪੇ ਗੱਲ ਕਰ ਲਵਾਂਗਾ। ਤੁਸੀਂ ਚੁੱਪ ਰਹਿਣਾ। ਹੁਣ ਤਾਂ ਕੈਨੇਡਾ ਜਾਣਾ ਬਹੁਤ ਸੌਖਾ ਹੋ ਗਿਆ। ਆਈਲੈਟਸ ਨੇ ਰਾਹ ਬਹੁਤ ਸੁਖਾਲਾ ਕਰ ਦਿੱਤਾ।"

ਮੇਰੇ ਮਨ ਵਿਚ ਤਾਂ ਆਇਆ, ਉਸ ਨੂੰ ਕਹਾਂ , ਆਪਣੇ ਰਾਹ ਹੀ ਸੁਖਾਲੇ ਬਣਾਉਂਦੇ ਰਿਹੋ। ਮਾਪਿਆਂ ਦੇ ਰਾਹਾਂ ਦਾ ਫ਼ਿਕਰ ਨਾ ਕਰਿਓ। ਉਨ੍ਹਾਂ ਦੇ ਰਾਹਾਂ ਦੇ ਕੰਡੇ ਕੌਣ ਚੁਗੇਗਾ।

ਮੈਂ ਰਣਬੀਰ ਨੂੰ ਪੁੱਛਿਆ,"ਆਪਾਂ ਤਾਂ ਅਭੀਜੀਤ ਨੂੰ ਡਾਕਟਰੀ ਕਰਵਾਉਣੀ ਸੀ। ਹੁਣ ਤੁਸੀਂ ਉਹਨੂੰ ਆਈਲੈਟਸ ਕਰਨ ਲਾ ਦਿੱਤਾ।"

ਉਹ ਬੋਲੇ,"ਮਾਪਿਆਂ ਨੇ ਤਾਂ ਬੱਚਿਆਂ ਨੂੰ ਉਡਣ ਜੋਗੇ ਹੀ ਕਰਨਾ ਹੁੰਦਾ ਹੈ, ਉਡਾਰੀ ਤਾਂ ਉਹਨਾਂ ਆਪ ਭਰਨੀ ਹੁੰਦੀ ਹੈ। ਹੁਣ ਉਸ ਨੂੰ ਆਪਣੀ ਮਰਜ਼ੀ ਨਾਲ ਉਡਾਰੀ ਭਰਨ ਦਿਉ।"

ਜਿਸ ਦਿਨ ਅਭੀਜੀਤ ਦਾ ਆਈਲੈਟਸ ਦਾ ਰੀਜ਼ੱਲਟ ਆਇਆ, ਉਸ ਤੋਂ ਖ਼ੁਸ਼ੀ ਸਾਂਭੀ ਨਹੀਂ ਸੀ ਜਾ ਰਹੀ। ਮੈਨੂੰ ਗਲਵਕੜੀ ਪਾ ਝੂੰਮਣ ਲੱਗ ਗਿਆ।

ਮੈਂ ਉਸ ਨੂੰ ਪਿਆਰ ਦਿੰਦਿਆਂ ਪੁੱਛਿਆ,"ਆਪਣੇ ਮਾਮੇ ਨੂੰ ਦੱਸ ਦਿੱਤਾ।"

ਉਹ ਖ਼ੁਸ਼ੀ ਵਿਚ ਖੀਵਾ ਹੋਇਆ ਬੋਲਿਆ,"ਮਾਮਾ ਜੀ ਨੂੰ ਤਾਂ ਮੈਂ ਸਭ ਤੋਂ ਪਹਿਲਾਂ ਦੱਸਿਐ। ਉਹ ਬਹੁਤ ਖ਼ੁਸ਼ ਨੇ। ਕਹਿੰਦੇ ਸੀ, ਤੂੰ ਤਿਆਰੀ ਰੱਖ, ਹੁਣ ਤੂੰ ਕੈਨੇਡਾ ਪਹੁੰਚਿਆ ਮੰਨ।"

ਮੇਰੇ ਚਿਹਰੇ ਤੇ ਚਿੰਤਾ ਦੀਆਂ ਲਕੀਰਾਂ ਉੱਭਰ ਆਈਆਂ। ਉਹ ਮੇਰੇ ਵੱਲ ਝਾਕਦਾ ਬੋਲਿਆ, "ਮੰਮੀ ਤੁਸੀਂ ਉਦਾਸ ਜਿਹੇ ਕਿਉਂ ਹੋ ਗਏ। ਤੁਸੀਂ ਖ਼ੁਸ਼ ਨਹੀਂ ਲੱਗਦੇ।"

"ਨਹੀਂ ਬੇਟਾ ਉਦਾਸ ਕਿਉਂ ਹੋਣੈਂ। ਮੈਂ ਤਾਂ ਬਹੁਤ ਖ਼ੁਸ਼ ਹਾਂ, ਮੇਰਾ ਪੁੱਤ ਕੈਨੇਡਾ ਚੱਲਿਐ। ਤੇਰੀ ਖ਼ੁਸ਼ੀ ਹੀ ਸਾਡੀ ਖ਼ੁਸ਼ੀ ਹੈ।"

"ਫਿਰ ਕੀ ਗੱਲ ਹੋ ਗਈ", ਉਹਨੇ ਮੈਨੂੰ ਜੱਫੀ ਪਾਉਂਦਿਆਂ ਕਿਹਾ।"


"ਮੈਨੂੰ ਮੇਰੀ ਮਾਂ ਯਾਦ ਆ ਗਈ", ਮੇਰੇ ਮੂੰਹੋਂ ਨਿਕਲਿਆ।


"ਮੰਮੀ , ਤੁਸੀਂ ਵੀ ਨਾ...ਬੱਸ...


ਮੇਰੀਆਂ ਨਜ਼ਰਾਂ ਉਸਦੇ ਚਿਹਰੇ ਤੇ ਗੱਡੀਆਂ ਗਈਆਂ।

**99156-34722**



# ਕਵਿਤਾਵਾਂ / ਪਰਵੇਸ਼



## ਦੇਵ

**(ਸਾਡਾ ਮਿੱਤਰ ਪਿਆਰਾ, ਸ਼ਾਇਰ ਅਤੇ ਪੇਂਟਰ, ਦੇਵ, ਪਿਛਲੇ ਦਿਨੀਂ ਦੁਨੀਆਂ ਤੋਂ ਰੁਖ਼ਸਤ ਹੋ ਗਿਆ)**

ਬੂਹਾ ਖੋਲ੍ਹਿਆ:
ਸਾਹਮਣੇ ਈਜ਼ਲ 'ਤੇ ਪਈ
ਅਧੂਰੀ ਪੇਂਟਿੰਗ
ਪੇਂਟਿੰਗ ਓਹਲੇ ਖੜ੍ਹਾ
ਮੁਸਕੁਰਾ ਰਿਹਾ ਦੇਵ

ਛੱਡ ਚੱਲਿਆਂ ਸਭ ਕੁਝ –
ਕਵਿਤਾਵਾਂ: ਪਤੰਗਾਂ:
ਮੁਖੌਟੇ: ਸਿਰਨਾਵੇਂ:
ਸਨਮਾਨ:
ਸਮੁੰਦਰ ਦੀਆਂ ਲਹਿਰਾਂ
ਆਖਰੀ ਟ੍ਰੇਨ

ਜਿਪਸੀਆਂ ਦੇ ਗੀਤ
ਰਿੰਬੋ ਦੇ ਘੋੜੇ
ਸ਼ਿਕਲੀਗਰਾਂ ਦੇ ਨਾਚ

ਜਗਰਾਵਾਂ ਦੀਆਂ ਗਲ਼ੀਆਂ
ਫੇਰ ਗਾਹੁਣ ਨੂੰ
ਬੜਾ ਚਿੱਤ ਕਰਦਾ

ਆਵਾਂਗਾ–
ਦੇਹਲੀ 'ਤੇ ਪਈ
ਸਿਲਾਈ ਮਸ਼ੀਨ
ਉਡੀਕ ਰਹੀ ਮੈਨੂੰ....

## ਕਾਕਾ

ਉਸ ਦਾ ਪੂਰਾ ਨਾਮ ਸ਼ਾਇਦ ਹੀ
ਕਿਸੇ ਨੂੰ ਪਤਾ ਹੋਵੇ
ਸਭ ਉਸਨੂੰ 'ਕਾਕਾ'
ਦੇ ਨਾਂ ਨਾਲ ਹੀ ਬੁਲਾਉਂਦੇ ਨੇ
ਕਾਕਾ ਦਿਹਾੜੀ ਕਰਦੈ
ਸਵੇਰੇ ਅੱਠ ਵਜੇ ਮਜ਼ਦੂਰ
ਮੰਡੀ ਚਲਾ ਜਾਂਦੈ
ਦੱਸ ਵਜੇ ਤੱਕ ਕੰਮ ਮਿਲ ਗਿਆ –
ਨਹੀਂ ਤਾਂ ਛੁੱਟੀ

ਰੋਜ਼ ਨਵਾਂ ਖੂਹ ਪੁੱਟੋ ਤੇ
ਪਾਣੀ ਪੀ ਲਵੋ
ਦਿਨ 'ਚ ਦੋ ਵੇਲੇ ਦੀ ਰੋਟੀ
ਸ਼ਾਮ ਨੂੰ ਦੇਸੀ ਠੱਰਾ
ਉਸਦੀ ਜ਼ਰੂਰਤ ਹੈ

ਪਰ ਕੀ ਵਾਰ
ਇਹਨਾਂ ਦਾ ਜੁਗਾੜ
ਕਰਨਾ ਵੀ
'ਜੂਹੇ-ਸ਼ੀਰ' ਲਿਆਉਣ ਵਾਲੀ
ਹਾਲਤ ਹੋ ਜਾਂਦੀ ਹੈ

ਕਿਹੜੇ ਪਿੰਡ ਦੇਸ਼ ਦਾ ਹੈ ਕੌਣ ਹੈ,
ਨਹੀਂ ਜਾਣਦਾ ਕੋਈ
ਉਸਦੇ ਘਰ ਪਰਿਵਾਰ ਬਾਰੇ
ਤਾਂ ਕਿਸੇ ਨੂੰ
'ਵਿਆਹ ਨਹੀਂ ਕਰਵਾਇਆ'
ਕਿਸੇ ਨੂੰ
'ਘਰ ਵਾਲੀ ਐਕਸੀਡੈਂਟ 'ਚ
ਮਾਰੀ ਗਈ....'

ਵੈਸੇ ਉਹ ਬਹੁਤ ਘੱਟ ਬੋਲਦੈ
ਕਈ ਵਾਰ ਰਾਤ ਨੂੰ
ਦਾਰੂ 'ਚ ਗੁੱਟ ਹੋ ਕੇ
ਉਸਨੂੰ ਮਿਰਜ਼ਾ ਗੌਂਦਿਆਂ ਸੁਣਿਆ:
''ਚੜ੍ਹਦੇ ਮਿਰਜ਼ੇ ਖਾਨ ਨੂੰ
ਜੱਟ ਵੰਝਲ ਦੇਂਦਾ ਮੱਤ
ਭੱਠ ਰੰਨਾਂ ਦੀ ਦੋਸਤੀ
ਖੁਰੀਂ ਜਿਨ੍ਹਾਂ ਦੀ ਮੱਤ
ਹੱਸ ਹੱਸ ਲਾਉਂਦੀਆਂ ਯਾਰੀਆਂ
ਤੇ ਰੋ ਰੋ ਦੇਂਦੀਆਂ ਦੱਸ...''
ਅੱਖਾਂ ਵਿੱਚ ਪਾਣੀ ਆ ਜਾਣ 'ਤੇ
ਉਹ ਚਿਹਰਾ ਛੁਪਾ ਲੈਂਦਾ

ਇਕ ਦਿਨ ਮੈਂ ਉਸਨੂੰ ਕੁਰੇਦਿਆ –
ਯਾਰ! ਕੋਈ ਗੱਲ ਤਾਂ ਹੈ
ਜਿਹੜੀ ਤੈਨੂੰ ਅੰਦਰੇ ਅੰਦਰ
ਖਾਈ ਜਾ ਰਹੀ ਹੈ
ਦੱਸਦੇ,ਦਿਲ ਦਾ ਦਰਦ
ਕੁਝ ਹਲਕਾ ਹੋਵੇਗਾ

ਇਕ ਦਿਨ ਬਹੁਤ
ਇਸਰਾਰ ਕਰਨ 'ਤੇ
ਉਸ ਨੇ ਦੱਸਿਆ–
ਉਹ ਸ਼ਾਦੀਸ਼ੁਦਾ ਹੈ
ਦੋ ਬੇਟੇ ਹਨ
ਹੁਣ ਤਾਂ ਉਹ ਵੀ ਜਵਾਨ ਹੋ ਗਏ
ਸ਼ਾਦੀ ਦੇ ਚਾਰ ਪੰਜ ਸਾਲ
ਬਹੁਤ ਅੱਛੇ ਰਹੇ
ਇਕ ਵਾਰ ਮੈਂ ਬੀਮਾਰ ਪੈ ਗਿਆ
ਦੋ ਮਹੀਨੇ ਬਿਸਤਰ 'ਤੇ ਪਿਆ ਰਿਹਾ

ਇਕ ਦਿਨ ਮੇਰਾ ਇਕ ਦੋਸਤ
ਮੇਰਾ ਹਾਲ ਚਾਲ ਪੁੱਛਣ ਆਇਆ
ਰਾਤ ਮੇਰੇ ਕੋਲ ਹੀ ਠਹਿਰ ਗਿਆ–

ਅੱਧੀ ਰਾਤ ਮੇਰੀ ਅੱਖ ਖੁੱਲ੍ਹ ਗਈ
ਕੀ ਦੇਖਦਾ ਹਾਂ
ਮੇਰੀ ਬੀਵੀ ਉਸਦੇ ਬਿਸਤਰ 'ਚ...
ਬਸ, ਉਸ ਤੋਂ ਬਾਅਦ ਸਭ ਕੁਝ
ਖ਼ਤਮ ਹੋ ਗਿਆ–

ਦਸਦਿਆਂ ਦਸਦਿਆਂ
ਮੇਰੇ ਗਲ਼ ਲੱਗ ਇੰਨਾਂ ਰੋਇਆ,
ਇੰਨਾਂ ਰੋਇਆ ਕਿ–

ਹੱਸ ਹੱਸ ਲੌਂਦੀਆਂ ਯਾਰੀਆਂ

## ਕਵਿਤਾਵਾਂ / ਅੰਮ੍ਰਿਤ ਦੀਵਾਨਾ



### ਸੰਵੇਦਨਾ

ਨਿੱਕੇ ਨਿੱਕੇ ਬੂਟਾਂ ਤੋਂ
ਬਰਫ ਝਾੜਦੀ
ਸੰਵੇਦਨਾ ਅੰਦਰ ਆਈ
ਡੈਡੀ! ਡੈਡੀ !!
ਬਾਹਰ ਆ ਕੇ ਦੇਖੋ
ਮੈਂ ਸਨੋਮੈਨ ਬਣਾਇਆ
ਚਿੱਟਾ ਰੰਗ
ਵਾਲਾਂ ਤੇ ਰੂੰ ਜਿਹੇ ਫੰਭੇ
ਉਹ ਮੈਨੂੰ ਖੁਦ ਹੀ
ਸਨੋਮੈਨ ਜਾਪੀ
ਤੇ ਮੈਨੂੰ ਅਚਾਨਕ
ਯਾਦ ਆ ਗਿਆ
ਕੁਝ ਵਰ੍ਹੇ ਪਹਿਲਾਂ
ਉਸ ਦੀ ਆਮਦ ਤੇ
ਕਿੰਝ ਮੇਰੇ ਘਰ ਵਿੱਚ
ਫੈਲ ਗਿਆ ਸੀ ਰੇਗਿਸਤਾਨ
ਨੁੱਕਰਾਂ 'ਚ ਉੱਗ ਪਏ ਸਨ
ਝਾੜ ਝੀਂਡੇ
ਛੱਤ ਤੇ ਉੱਘੜ ਆਏ ਸਨ
ਹੈਲੋਬਿਨ ਦੀਆਂ ਪੁਸ਼ਾਕਾਂ ਵਰਗੇ
ਡਰਾਉਣੇ ਤੇ
ਸਿਆਹ ਜਿਹੇ ਨਕਸ਼

ਉਦੋਂ ਤੇ ਹੁਣ ਵਿੱਚ ਹੈ
ਕਿੰਨਾ ਅੰਤਰ
ਹੁਣ ਰੂਹ ਨੂੰ ਮਹਿਕਾਵੇ
ਉਸ ਦਾ ਛੱਲਾਂ ਵਰਗਾ ਹਾਸਾ
ਉਸਦੇ ਤੋਤਲੇ ਜਿਹੇ ਬੋਲ
ਜਿਉਂ ਬੁੱਲ੍ਹਾਂ 'ਚ
ਖੁਰ ਜਾਏ ਪਤਾਸਾ
ਉਸ ਦਾ ਰੁੱਸਣਾ ਮੰਨਣਾ
ਫੁੱਲ ਦਾ ਖਿੜਨਾ ਮੁਰਝਾਉਣਾ
ਉਹਦਾ ਲੁਕਣ-ਮੀਟੀ ਖੇਡਣਾ
ਚੰਦ ਦਾ ਬੱਦਲਾਂ ਹੇਠ ਹੋਣਾ
ਉਹਦੇ ਮੂੰਹੋਂ ਸੀਅ.... ਨਿਕਲਣਾ
ਸਾਡਾ ਕਲੇਜਾ ਫਟਣਾ
ਉਦੋਂ ਤੇ ਅੱਜ ਵਿੱਚ ਹੈ
ਕਿੰਨਾ ਅੰਤਰ।

### ਚਿੰਨ

ਸ਼ਹਿਰ 'ਚ ਆਵਾਜਾਈ ਦੇ
ਨਿਯਮਾਂ ਅਨੁਸਾਰ
ਕੁਝ ਰਸਤੇ ਅਜਿਹੇ ਵੀ ਹੁੰਦੇ ਹਨ
ਜਿਨ੍ਹਾਂ ਦੇ ਮੱਥੇ ਤੇ
ਇੱਕ ਚਿੰਨ ਹੁੰਦਾ ਹੈ
ਜਿਸ ਦਾ ਅਰਥ ਹੈ
''ਦਾਖਲ ਨਾ ਹੋਵੋ''

ਤੇ ਅਕਸਰ
ਕੋਈ ਵਾਹਨ
ਉਸ ਪਾਸੇ ਨਹੀਂ ਜਾਂਦਾ
ਮੈਂ ਸੋਚਦਾ
ਕਿ ਕਾਸ਼ ਕੋਈ ਮੇਰੇ ਮਨ ਦੇ
ਬੂਹੇ ਉੱਤੇ ਵੀ
ਅਜਿਹਾ ਚਿੰਨ ਉਕਰ ਦੇਵੇ
ਤਾਂ ਕਿ ਅਤੀਤ ਦਾ
ਕੋਈ ਵਾਵਰੋਲਾ
ਕੋਈ ਸੋਗੀ ਜਿਹੀ ਹਵਾੜ੍ਹ
ਕੋਈ ਉਦਾਸੀ ਦੀ ਕੁਰਲਾਹਟ
ਕੋਈ ਬੇਅਰਾਮੀ ਦੀ ਚੀਸ
ਮੇਰੇ ਅੰਦਰ ਦਾਖ਼ਲ ਨਾ ਹੋਵੇ
ਕਾਸ਼ ਕਦੇ ਏਦਾਂ ਹੋ ਜਾਵੇ।

### ਲਹਿੰਗੇ 'ਤੇ ਸ਼ਰਾਬ

ਗੱਲ ਮਹਿਜ਼
ਲਹਿੰਗੇ ਉੱਤੇ ਸ਼ਰਾਬ
ਡੋਲ੍ਹਣ ਤੱਕ ਹੀ
ਸੀਮਤ ਨਹੀਂ ਹੈ
ਐ ਮਰਦ ਜਾਤ ਬੰਦੇ
ਤੂੰ ਤਾਂ ਆਪਣੀ ਲਾਲਸਾ
ਜ਼ਿਦ ਖਾਤਰ ਮੇਰੇ ਤੇ
ਤੇਜ਼ਾਬ ਵੀ ਡੋਲਦਾ ਹੈਂ
ਜਿਸ ਨਾਲ ਮੇਰਾ
ਮੂੰਹ ਹੀ ਨਹੀਂ ਮੇਰੀ ਰੂਹ ਵੀ
ਝੁਲਸ ਜਾਂਦੀ ਹੈ
ਉਂਝ ਵੀ ਯੁਗਾਂ ਯੁਗਾਂਤਰਾਂ ਤੋਂ
ਤੂੰ ਮੇਰੇ ਉੱਪਰ
ਕੁਝ ਨਾ ਕੁਝ ਡੋਲ੍ਹਦਾ ਹੀ
ਆ ਰਿਹਾ ਹੈਂ
ਕਦੇ ਆਪਣੀ
ਵਾਸਨਾ ਦੀ ਲਾਰ
ਕਦੇ ਮੇਰੇ ਹਲਕ ਅੰਦਰ
ਚਰਿੱਤਰਹੀਣਤਾ ਦਾ ਜ਼ਹਿਰ
ਕਦੇ ਜਲਣਸ਼ੀਲ
ਤੇਲ ਦਾ ਕਨਸਤਰ

ਭਲਾ ਹੁਣ ਹੋਰ
ਕਿੰਨਾ ਕੁ ਨਚਾਏਂਗਾ ਮੈਨੂੰ
ਮੈਂ ਤੇਰੇ ਲਈ ਸਦੀਆਂ ਤੋਂ
ਨੱਚਦੀ ਤਾਂ ਆ ਰਹੀ ਹਾਂ
ਕਦੇ ਹੀਰਾ ਮੰਡੀ ਵਿੱਚ
ਕਦੇ ਰਾਜ ਦਰਬਾਰਾਂ ਵਿੱਚ
ਕਦੇ ਡਾਂਸ ਬਾਰਾਂ ਵਿੱਚ
ਹੁਣ ਹੋਰ ਨਹੀਂ ਨੱਚ ਹੋਣਾ ਮੇਰੇ ਤੋਂ
ਹੁਣ ਘੁੰਗਰੂ ਟੁੱਟ ਚੁੱਕੇ ਹਨ
ਸਾਹ ਸੁੱਕ ਚੁੱਕੇ ਹਨ
ਅੰਗ ਸਾਰੇ ਥੱਕ ਚੁੱਕੇ ਹਨ
ਹੁਣ ਮੈਂ ਨਾਬਰ ਹਾਂ
ਤੇਰੀਆਂ ਸਭ ਜੰਜ਼ੀਰਾਂ ਤੋਂ
ਹੁਣ ਤਾਂ ਮੈਂ ਉੱਡਣਾ ਹੈ
ਬਹੁਤ ਉੱਚਾ
ਆਕਾਸ਼ ਦਰ ਆਕਾਸ਼
ਤੂੰ ਲੱਖ ਡੋਲ੍ਹ
ਮੇਰੇ ਪਰਾਂ ਉੱਪਰ
ਸ਼ਰਾਬ, ਤੇਜ਼ਾਬ,
ਜ਼ਹਿਰ, ਲਾਰ, ਤੇਲ।

## ਕਵਿਤਾਵਾਂ / ਜਸਵਿੰਦਰ ਦੂਹੜਾ

### ਸਰਾਵਾਂ ਜਿਹੇ ਘਰ

ਜ਼ਿੰਦਗੀ
ਹੋ ਕੇ ਰਹਿ ਗਈ ਹੈ
ਰਫਿਊਜ਼ੀ ਜਿਹੀ...

ਘਰ ਤਾਂ ਹੈ
ਪਰ ਹੈ ਸਰਾਂ ਜਿਹਾ
ਜਿੱਥੇ ਆਉਂਦੇ ਹਾਂ
ਰਾਤ ਕੱਟਣ  ਲਈ
ਢਿੱਡ ਦੀ ਭੁੱਖ ਮਿਟਾਉਣ ਲਈ...

ਇਸ ਘਰ ਰੂਪੀ ਸਰਾਂ 'ਚ
ਰਿਸ਼ਤੇ ਨਾ ਦੀ ਕੋਈ ਸ਼ੈਅ ਨਹੀਂ
ਜੇ ਹੈ ਕੁਝ ਤਾਂ
ਛੋਟੇ-ਵੱਡੇ  ਅਹੁਦੇ ਨੇ...
ਸਭ ਕਰਮਚਾਰੀ ਨੇ ਕੋਈ ਹੁਕਮਰਾਨ ਹੈ
ਕੋਈ ਹੁਕਮ ਦੀ ਪਾਲਣਾ ਕਰਦਾ ਹੈ...
ਸਾਰੇ ਜੀਅ ਮੁਲਾਜ਼ਮ !
ਜਾਂ ਫਿਰ ਮੁਸਾਫ਼ਰ...
ਇੱਥੇ ਆ ਨੀਂਦ ਤਾਂ ਆਉਂਦੀ ਹੈ
ਪਰ ਚੈਨ ਨਹੀਂ ਨਾ ਰੂਹ ਨੂੰ
ਨਾ ਜਿਸਮ ਨੂੰ ...

ਨਿਰਵਾਣ ਦੀ ਇੱਛਾ ਲੈ ਮਨ 'ਚ
ਇਸ ਘਰ ਰੂਪੀ ਸਰਾਂ 'ਚੋਂ
ਨਿਕਲੇ ਸੀ ਸਿਧਾਰਥ ਨੂੰ ਪਿੱਛੇ ਛੱਡ
ਬੁੱਧ ਦੀ ਤਲਾਸ਼ ਵਿੱਚ...

ਸਭੇ ਦਿਸ਼ਾਵਾਂ ਘੁੰਮ ਆਏ
ਪਰ ਬੁੱਧ ਨਾ ਮਿਲਿਆ ...

ਜਿਸ ਤੋਂ ਵੀ ਉਸ ਦਾ
ਸਰਨਾਵਾਂ ਪੁੱਛਿਆ
ਉਸ ਨੇ ਹੀ ਆਖਿਆ,
'ਤੁਹਾਨੂੰ ਉਸ ਦੀ ਭਾਲ ਹੈ,
'ਜਿਸ ਦਾ ਕੋਈ ਟਿਕਾਣਾ ਹੀ ਨਹੀਂ....

ਇਸ ਤਰ੍ਹਾਂ ਬੁੱਧ ਮਿਲਿਆ ਨਹੀਂ
ਸਿਧਾਰਥ ਦੀ ਪਛਾਣ ਵੀ ਗੁੰਮ ਗਈ...



ਅਸੀਂ ਰਹਿ ਗਏ 'ਤ੍ਰਿਸ਼ੰਕੂ' ਦੇ ਵਾਂਗੂੰ
ਪੱਲੇ ਰਹਿ ਗਏ ਸਾਡੇ
ਸਰਾਵਾਂ ਜਿਹੇ ਘਰਾਂ ਦੇ ਸਰਨਾਵੇਂ
ਮੁਲਾਜ਼ਮਾਂ ਵਰਗੇ ਰਿਸ਼ਤੇ...

ਮੋਹ ਪਿਆਰ ਭੇਂਟ ਚੜ੍ਹ ਗਿਆ
ਨਰੰਗੀ, ਗੁਲਾਮੀ, ਜਾਮਣੀ
ਤੇ ਹਰੇ ਕਾਗ਼ਜ਼ਾਂ ਦੀ
ਤੇ ਪੱਲੇ ਰਹਿ ਗਈ ਜ਼ਿੰਦਗੀ
ਰਫਿਊਜ਼ੀ ਜਿਹੀ...

### ਮੈਂ ਹਾਜ਼ਰ ਹੁੰਦਾ ਹਾਂ

ਮੈਂ ਹਾਜ਼ਰ ਹੁੰਦਾ ਹਾਂ
ਮੈਂ ਹਰ ਥਾਂ ਹਾਜ਼ਰ ਹੁੰਦਾ ਹਾਂ
ਜਦੋਂ ਤੁਸੀਂ ਆਪਣੀ ਪ੍ਰੇਮਿਕਾ ਨਾਲ
ਬਾਗ਼ ਵਿਚ ਘੁੰਮ ਰਹੇ ਹੁੰਦੇ ਹੋ
ਮੈਂ ਕਿਸੇ ਸੁੰਨਸਾਨ ਕੋਨੇ 'ਚ ਬੈਠਾ
ਤੁਹਾਨੂੰ ਤੇ ਤੁਹਾਡੇ ਵਰਗਿਆਂ ਹੋਰਨਾਂ ਨੂੰ
ਨਿਹਾਰ ਰਿਹਾ ਹੁੰਦਾ ਹਾਂ......।

ਮੈਂ ਹਾਜ਼ਰ ਹੁੰਦਾ ਹਾਂ
ਜਦੋਂ ਤੁਸੀਂ ਸੜਕ ਉੱਤੋਂ
ਆਪਣੇ ਮੂੰਹ ਨੂੰ ਢੱਕ ਕੇ
ਮੇਰੇ ਕੋਲੋਂ ਦੀ ਲੰਘ ਜਾਂਦੇ ਹੋ
ਕਿਉਂਕਿ ਤੁਹਾਨੂੰ ਉਸ ਗੱਟਰ 'ਚੋਂ
ਬਦਬੋ ਆਉਂਦੀ ਹੈ
ਜਿਸਨੂੰ ਮੈਂ ਸਾਫ਼
ਕਰ ਰਿਹਾ ਹੁੰਦਾ ਹਾਂ ......।

ਮੈਂ ਹਾਜ਼ਰ ਹੁੰਦਾ ਹਾਂ
ਹਾਂ ਮੈਂ ਹਾਜ਼ਰ ਹੁੰਦਾ ਹਾਂ
ਸਕੂਲਾਂ-ਕਾਲਜਾਂ ਦੇ ਵਿੱਚ ਵੀ
ਜਦੋਂ ਤੁਸੀਂ ਹੱਥ 'ਚ ਕਿਤਾਬਾਂ ਲਈ
ਸਿੱਖਿਆ ਲੈਣ ਜਾਂ
ਦਾਨ ਕਰਨ ਜਾ ਰਹੇ ਹੁੰਦੇ ਹੋ
ਹਾਂ ! ਮੈਂ ਹਾਜ਼ਰ ਹੁੰਦਾ
ਗੇਟ 'ਤੇ ਸਟਾਫ਼ ਰੂਮ 'ਚ
ਬਗੀਚੇ 'ਚ
ਹਾਂ ਮੈਂ ਹਾਜ਼ਿਰ ਹੁੰਦਾ ਹਾਂ........।


ਮੈਂ ਹਾਜ਼ਰ ਹੁੰਦਾਂ ਹਾਂ
ਖੇਤਾਂ ਵਿੱਚ
ਤੇ ਖੇਤਾਂ ਤੋਂ ਬਾਹਰ
ਕਿਰਾਏ 'ਤੇ ਵਾਹੀ ਕਰਨ ਆਏ
ਟਰੈਕਟਰ ਨੂੰ ਦੇਖਕੇ
ਸੋਚ ਰਿਹਾ ਹੁੰਦਾ ਹਾਂ ਕਿ
ਕਦੋਂ ਹੋਵੇਗਾ ਮੇਰਾ ਆਪਣਾ
ਟਰੈਕਟਰ.....।

ਮੈਂ ਹਾਜ਼ਰ ਹੁੰਦਾ ਹਾਂ
ਜਦੋਂ ਤੁਸੀਂ ਕਵੀ ਸੰਮੇਲਨ 'ਚ
ਕਵਿਤਾ ਪੜ੍ਹ ਰਹੇ ਹੁੰਦੇ ਹੋ
ਮੈਂ ਤੁਹਾਨੂੰ ਦੇਖ ਰਿਹਾ ਹੁੰਦਾ ਹਾਂ
ਸੁਣ ਰਿਹਾ ਹੁੰਦਾ ਹਾਂ
ਤੁਸੀਂ ਮੇਰੀ ਗੱਲ ਕਰਦੇ ਹੋ
ਮੈਨੂੰ ਖ਼ੁਸ਼ੀ ਹੁੰਦੀ ਹੈ
ਮੈਨੂੰ ਬਹੁਤ ਚੰਗਾ ਲੱਗਦਾ ਹੈ

ਮੈਂ ਤੁਹਾਡੀ ਸੇਵਾ 'ਚ ਹਾਜ਼ਰ ਹੁੰਦਾ ਹਾਂ
ਚਾਹ ਦੀ ਸੇਵਾ
ਕੁਰਸੀਆਂ ਲਗਾਣ ਦੀ ਸੇਵਾ 'ਚ
ਮੈਂ ਹਾਜ਼ਰ ਹੁੰਦਾ ਹਾਂ.....।

ਮੈਂ ਹਾਜ਼ਰ ਹੁੰਦਾ ਹਾਂ
ਹਾਂ ਮੈਂ ਹਾਜ਼ਰ ਹੁੰਦਾ ਹਾਂ
ਹਰ ਥਾਂ ਉੱਤੇ ਪਰ....
ਗ਼ੈਰਹਾਜ਼ਰ ਰਹਿੰਦਾ ਹਾਂ
ਤੁਹਾਡੇ ਜਿਹਨ ਵਿੱਚੋਂ
ਹਾਂ ਮੈਂ ਗ਼ੈਰਹਾਜ਼ਰ ਰਹਿੰਦਾ ਹਾਂ
ਮੈਂ ਗ਼ੈਰਹਾਜ਼ਰ ਰਹਿੰਦਾ ਹਾਂ।

# ਠਰੀ ਰਾਤ ਦਾ ਨਿੱਘ / ਸਰਬਜੀਤ ਸੋਹਲ



ਸਿਆਲ ਦੇ ਦਿਨਾਂ ਵਿੱਚ ਵਿਆਹ ਜਾਣਾ ਕਿਹੜਾ ਸੌਖਾ ਹੁੰਦਾ? ਪਤਾ ਨਹੀਂ ਕਿਸ ਭੜੂਏ ਨੇ ਏਹ ਨਿਯਮ ਬਣਾਏ ਨੇ ਕਿ ਦਸੰਬਰ ਦੀ ਕੜਕਦੀ ਠੰਡ ਵਿੱਚ ਵੀ ਵਿਆਹਾਂ ਸ਼ਾਦੀਆਂ ਵਿੱਚ ਔਰਤਾਂ ਨੇ ਚੱਕਵੇਂ ਲਿਬਾਸ ਹੀ ਪਾਉਣੇ ਹੁੰਦੇ? ਠੰਡ ਨਾਲ ਭਾਵੇਂ ਕਾਂਬਾ ਛਿੜੇ, ਭਾਵੇਂ ਅਗਲੀ ਬਿਮਾਰ ਹੀ ਹੋ ਜਾਵੇ... ਪਰ ਕੋਈ ਸਵੈਟਰ ਸ਼ਾਲ ਨਹੀਂ ਲੈਣਾ। ਓਧਰ ਬੰਦੇ... ਅੰਦਰੋਂ ਬਾਹਰੋਂ ਨਿੱਘੇ ਹੋ ਰਹੇ ਹੁੰਦੇ... ਸੂਟ- ਬੂਟ, ਕਈ ਵਾਰੀ ਓਵਰਕੋਟ 'ਤੇ ਹੱਥਾਂ ਵਿੱਚ ਰਮ ਯਾ ਵਿਸਕੀ ਦੇ ਗਿਲਾਸ...ਆਨੰਦ ਮਗਨ...ਦੂਸਰਿਆਂ ਦੀਆਂ ਬੀਵੀਆਂ ਅਤੇ ਤਿੱਤਲੀ ਬਣੀਆਂ ਔਰਤਾਂ ਨੂੰ ਵੇਖ ਕੇ ਅੱਖਾਂ ਸੇਕਣ ਵਾਲਾ ਨਿੱਘ ...ਤਾਂ ਠੰਡ ਭਲਾ ਕਿੱਥੇ ਸਤਾਉਂਦੀ ਆ ਓਹਨਾਂ ਨੂੰ...?

ਕੰਮਬਖ਼ਤ ਔਰਤਾਂ... ਪਤਾ ਨਹੀਂ ਕੀ ਸੋਚਦੀਆਂ ? ਭੇਡ ਚਾਲ ਈ ਆ ਨਾ ...ਕਾਹਦੀ ਟੌਹਰ ਵਿਖਾਉਂਦੀਆਂ? ਕਿਉਂ ਆਪਣੇ ਆਪ ਤੇ ਯਕੀਨ ਨਹੀਂ ਕਰਦੀਆਂ। ਜਿਵੇਂ ਦੂਸਰਿਆਂ ਨੇ ਓਹਨਾਂ ਨੂੰ ਸੁੰਦਰਤਾ ਦਾ ਖ਼ਿਤਾਬ ਦੇਣਾ ਹੋਵੇ। ਦਿਨ ਚੜ੍ਹੇ 'ਤੇ ਸਭ ਭੁੱਲ ਭੁਲਾ ਜਾਂਦਾ...ਰਾਤ ਗਈ ਬਾਤ ਗਈ...। ਕਾਹਨੂੰ ਫਿਰ ਤੰਗੀ ਹੰਢਾਉਣੀ?

ਓਦਣ ਤਾਂ ਬੜੀ ਔਖ ਹੋਏ ਸੀ, ਜਦੋਂ ਸਵਿਟਜ਼ਰਲੈਂਡ ਵਾਲੇ ਇਹਨਾਂ ਦੇ ਦੋਸਤ ਦੇ ਬੇਟੇ ਦੀ ਰਿਸੈਪਸ਼ਨ ਸੀ। ਰਿਸੈਪਸ਼ਨ ਵੀ ਲੁਧਿਆਣੇ... ਦੋ ਘੰਟੇ ਜਾਣ 'ਤੇ ਦੋ ਹੀ ਆਉਣ... ਦਸੰਬਰ ਦੀ ਠੰਡ... ਓ ਹੋ ਹੋ... ਪੁੱਛੋ ਹੀ ਨਾ ਕੁਝ...।

''ਜਾਣਾ ਵੀ ਜਰੂਰ ਸੀ, ਦੋਸਤ ਸਨ... ਬਹੁਤ ਪੁਰਾਣੇ। ਪਸ਼ਮੀਨੇ ਦਾ ਮੈਚਿੰਗ ਸ਼ਾਲ ਤਾਂ ਲੈ ਹੀ ਲੈਂਦੀ ਆਂ... ਜੈਕਟ ਕਾਰ 'ਚ ਰੱਖ ਲੈਂਦੀ ਆਂ।' ਯਹੀ ਤਹੀ ਮਰਵਾਉਣ ਲੋਕ ...। ਦਫ਼ਾ ਕਰੋ ...ਕੋਈ ਕੀ ਕਹੂਗਾ...? ਆਪਾਂ ਨੂੰ ਤਾਂ ਸਾਰੀ ਉਮਰ ਏਸੇ ਸੋਚ ਨੇ ਹੀ ਮਾਰ ਦੇਣਾ ਏ। ਭਲਾ ! ਔਰਤਾਂ ਨੂੰ ਆਪਣੀ ਲਿਆਕਤ ਤੇ ਮਾਣ ਕਿਉਂ ਨਹੀਂ ਹੁੰਦਾ ?

''ਵੈਸੇ ਇਕ ਭੇਤ ਵਾਲੀ ਗੱਲ ਦੱਸਾਂ, ਔਰਤਾਂ ਦੇ ਮਨ ਮਸਤਿਕ ਵਿਚ ਸਦੀਆਂ ਤੋਂ ਪਰਵਰਿਸ਼ ਦੇ ਨਾਮ ਤੇ ਇਕੋ ਹੀ ਵਿਚਾਰ ਬੀਜਿਆ ਜਾਂਦਾ ਕਿ ਉਹਨੇ ਮਰਦ ਨੂੰ ਲੁਭਾਉਣਾ ਹੁੰਦਾ ਆ। ਸੋਹਣੀ ਸੁਨੱਖੀ ਤੇ ਪਹਿਲਾਂ ਵਾਲੀ ਘਰੇਲੂ ਦੀ ਥਾਂ ਹੁਣ ਸੈਕਸੀ ਦਿੱਖ ...। ਕੁੜੀ ਦੇ ਜੰਮਦਿਆਂ ਹੀ ਉਸਨੂੰ ਲਾਈਫ ਸਕਿਲਸ ਸਿਖਾਉਣ ਦੀ ਥਾਂ ਵਿਆਹ ਲਈ ਤਿਆਰ ਕੀਤਾ ਜਾਣ ਲੱਗ ਪੈਂਦਾ ਹੈ। ਆਮ ਸਧਾਰਨ ਮੁੰਡੇ ਪੜ੍ਹਨਾ ਨਹੀਂ ਚਾਹੁੰਦੇ ਤੇ ਕੁੜੀਆਂ ਨੂੰ ਪੜ੍ਹਨ ਦਿੱਤਾ ਨਹੀਂ ਜਾਂਦਾ। ਸ਼ਹਿਰਾਂ ਦੀ ਥਾਂ ਪਿੰਡਾਂ ਵਿੱਚ ਇਹ ਬਿਮਾਰੀ ਬਹੁਤੀ ਹੈ।

ਕੁੜੀ ਨੇ ਤਾਂ ਸੋਹਣੀ ਦਿਸਣਾ ਹੈ... ਏਸੇ ਕਨਸੈਪਟ ਦੇ ਅਧਾਰ ਤੇ ਹੀ ਤਾਂ ਕਾਸਮੈਟਿਕ ਇੰਡਸਟਰੀ ਚਲਦੀ ਹੈ। ਸੋਹਣੀ ਸੂਰਤ ਹੋਵੇ ਤਾਂ ਵਿਆਹ ਲਈ ਮੁੰਡਾ ਛੇਤੀ ਮੰਨ ਜਾਂਦਾ ਹੈ। ਜਿਵੇਂ ਸੋਹਣੀ ਦਿਸਣਾ ਹੀ ਓਹਦੀ ਲਿਆਕਤ ਹੈ। ਵਿਚਾਰਾਂ ਪੱਖੋਂ ਭਾਵੇਂ ਫੂਹੜ ਹੀ ਹੋਵੇ। ...'ਤੇ ਇਸ ਸੋਚ ਨੂੰ ਕਾਟ ਦੇਣ ਵਾਲਾ ਹਥਿਆਰ ਹਜੇ ਕਿਸੇ ਵੀ ਸਮਾਜ ਵਿੱਚ ਨਹੀਂ ਜੇ ਬਣਿਆ।'

ਇਕ ਅਲਾਮਤ ਹੋਰ ਵੀ ਹੈਗੀ ਆ। ਠੀਕ ਹੈ ਕਿ ਹੁਣ ਕਈ ਨਵ ਵਿਆਹੇ ਜੋੜੇ ਵਿਆਹ ਸ਼ਾਦੀਆਂ ਜਾਂ ਪਾਰਟੀਆਂ ਵਿੱਚ ਇਕੱਠੇ ਬਹਿ ਕੇ ਡਰਿੰਕ ਕਰਦੇ ਦਿਸ ਜਾਣਗੇ... ਪਰ ਬੀਵੀ ਦੇ ਕੋਲ ਬੈਠੇ ਵੀ ਅੱਖ ਬਚਾ ਕੇ ਅੱਖਾਂ ਸੇਕ ਹੀ ਲੈਂਦੇ ਹਨ। ਪਰ ਸਾਡੇ ਵਾਲਿਆਂ ਦੀ ਤਾਂ ਗੱਲ ਹੀ ਹੋਰ ਹੈ, ਉਹ ਤਾਂ ਸਾਨੂੰ ਸਮਾਨ ਹੀ ਸਮਝਦੇ ਆ। ਵਿਆਹ ਵਾਲੇ ਪੰਡਾਲ 'ਚ ਅਪੜੇ... ਉਹ ਫਲਾਣੀ- ਫਲਾਣੀ ਭਾਬੀ ਹੈਗੀ... ਉਹਦੇ ਕੋਲ ਛੱਡਿਆ 'ਤੇ ਮੁੜ ਵਾਪਸੀ ਤੱਕ ਸਾਰ ਹੀ ਨਹੀਂ ਲੈਣੀ। ਦੋਸਤਾਂ 'ਚ ਮਨਨ-ਮਘਨ... ਗੱਪਾਂ-ਛੱਪਾਂ, ਖਾਣ- ਪੀਣ, ਇੱਕ ਦੂਸਰੇ 'ਤੇ ਤਵੇ ਲਾਉਣੇ... ਲੱਤਾਂ ਖਿੱਚਣੀਆਂ 'ਤੇ ਮੁੜ ਜਾਣ ਵੇਲੇ ਚੇਤਾ ਆਉਣਾ ਕਿ ਪਤਨੀ ਵੀ ਨਾਲ ਆਈ ਸੀ।

''ਚਲੋ, ਉਹ ਜਾਣੇ! ਬੰਦੇ ਤਾਂ ਸਾਰੇ ਇੱਕੋ ਜਿਹੇ ਹੀ ਹੁੰਦੇ ਨੇ... ਕਾਹਦਾ ਗਿਲ੍ਹਾ 'ਤੇ ਕਾਹਦਾ ਸ਼ਿਕਵਾ...। ਇਹਨਾਂ ਦੇ ਦੋ ਦੋਸਤਾਂ ਦੀਆਂ ਬੀਵੀਆਂ ਵੀ ਆਈਆਂ ਹੋਈਆਂ ਸਨ। ਬੋਰ ਤਾਂ ਨਹੀਂ ਹੋਵਾਂਗੀ।' ਠੰਡ ਨਾਲ ਕੁਸ਼ਤੀ ਕਰਦਿਆਂ ਅਸੀਂ ਇੱਕ ਹੀਟਰ ਦੇ ਕੋਲ ਜਹੇ ਹੋ ਕੇ ਬੈਠ ਗਈਆਂ। ਨਿੱਕੀਆਂ ਨਿੱਕੀਆਂ ਗੱਲਾਂ- ਬਾਤਾਂ, ਖਾਣ- ਪੀਣ, ਤੱਕ- ਤਕਈਆ ...। ਪਾਰਟੀ ਬਹੁਤ ਸ਼ਾਨਦਾਰ ਸੀ। ਖਾਣ ਪੀਣ ਦਾ ਇੰਤਜ਼ਾਮ ਵੀ ਕਮਾਲ ਦਾ ਸੀ। ਅਸੀਂ ਥੋੜ੍ਹਾ ਕੂ ਖਾ ਕੇ ਬਹਿ ਗਈਆਂ। ਹਾਲ ਚਾਲ ਵੀ ਪੁੱਛ ਪੁਛਾ ਲਿਆ 'ਤੇ ਫਿਰ ਸਾਡੀਆਂ ਗੱਲਾਂ... ਖ਼ਤਮ ਹੋਣ ਲੱਗੀਆਂ।

ਹੁਣ ਆਮ ਔਰਤਾਂ ਨੇ ਕਿਹੜਾ ਸਾਹਿਤ ,ਇਤਿਹਾਸ, ਰਾਜਨੀਤੀ ਜਾਂ ਚਿੰਤਨ ਦੀ ਗੱਲਾਂ ਕਰਨੀਆਂ ਹੁੰਦੀਆਂ ? ਛੇਤੀ ਹੀ ਸਾਡੇ ਦਰਮਿਆਨ ਚੁੱਪ ਪਸਰ ਗਈ।

''ਚਲੋ! ਗੇੜੀ ਲਾ ਕੇ ਆਈਏ...।' ਆਖਦਿਆਂ ਰਿਪਨ ਉੱਠ ਖੜੀ ਹੋਈ। ਕਮਲ ਵੀ ਅਨਮਨੇ ਜਿਹੇ ਮਨ ਨਾਲ ਉੱਠ ਖਲੋਤੀ।

''ਠੰਡ ਬਹੁਤ ਆ,ਫਿਰ ਆਹ ਹੀਟਰ ਵਾਲੀ ਸੀਟ ਵੀ ਨਹੀਂ ਮਿਲਣੀ।'' ਮੈਂ ਨਾ ਜਾਣ ਲਈ ਬਹਾਨਾ ਲਾਇਆ।

''ਓਹੋ, ਚਲੋ ਭੈਣ! ਨਾਲੇ ਇਹਨਾਂ ਨੂੰ ਵੀ ਵੇਖ ਆਉਂਦੇ ਹਾਂ।'' ਰਿਪਨ ਨੇ ਇਸਰਾਰ ਕੀਤਾ। ਸਹਿਵਨ ਹੀ ਆਸੇ ਪਾਸੇ

ਨਜ਼ਰ ਦੌੜਾਈ। ਵੰਨ ਸੁਵੰਨੀਆਂ, ਫੈਸ਼ਨਏਬਲ ਤਿਤਲੀਆਂ ਵਰਗੀਆਂ ਕੁੜੀਆਂ... ਜਿਵੇਂ ਇਹਨਾਂ ਦੇ ਸਰੀਰ ਇਸਪਾਤ ਦੇ ਬਣੇ ਹੋਣ, ਜਿਵੇਂ ਠੰਡ ਮਹਿਸੂਸ ਹੀ ਨਾ ਹੋ ਰਹੀ ਹੋਵੇ। ਚਲੋ, ਸਾਨੂੰ ਕੀ? ਸਵੇਰੇ ਜਦੋਂ ਬਿਮਾਰ ਹੋਈਆਂ ਤਾਂ ਪਤਾ ਲੱਗੂਗਾ।

''ਓਹ ਬੈਠੇ ਆ, ਆਪਣੇ ਵਾਲੇ...।'' ਕਮਲ ਨੇ ਦੂਰੋਂ ਹੀ ਵੇਖਦਿਆਂ ਕਿਹਾ।

ਸਾਮ੍ਹਣੇ ਮੇਜ ਦੇ ਆਲੇ ਦੁਆਲੇ ਨੌਂ-ਦਸ ਜਾਣੇ ਬੈਠੇ ਸਨ ਤੇ ਉਨ੍ਹਾਂ ਦਰਮਿਆਨ ਇਕ ਔਰਤ ਵੀ ਬੈਠੀ ਸੀ ...ਵਾਹਵਾ ਸੱਜੀ ਫੱਬੀ... ਜਿਵੇਂ ਕੋਈ ਨਵ ਵਿਆਹੀ...। ਉਤਸੁਕਤਾ ਵੱਸ ਅਸੀਂ ਓਧਰ ਨੂੰ ਹੋ ਤੁਰੀਆਂ।

''ਕਮਾਲ ਆ,ਇੰਨੇ ਬੰਦਿਆਂ 'ਚ ਇਕੱਲੀ ਔਰਤ ਕੀ ਕਰ ਰਹੀ ਆ?'' ਮੇਰੀ ਦਿਲਚਸਪੀ ਹੋਰ ਵੱਧ ਗਈ ਤੇ ਅਸੀਂ ਤਿੰਨੋਂ ਸਿੱਧੀਆਂ ਇਹਨਾਂ ਦੇ ਟੇਬਲ ਵੱਲ ਹੋ ਤੁਰੀਆਂ। ਉਂਝ ਭਾਵੇਂ ਅਸੀਂ ਪੰਜਾਬੀ ਕਿੰਨੇ ਵੀ ਐਡਵਾਂਸ ਹੋ ਜਾਈਏ ... ਅਜੇ ਵੀ ਸਾਡੀਆਂ ਔਰਤਾਂ ਸ਼ਰਾਬ ਪੀਣ ਵਾਲੇ ਬੰਦਿਆਂ ਕੋਲ ਬੈਠਣੋ ਪਰਹੇਜ਼ ਕਰਦੀਆਂ ਹਨ। ਬੰਦੇ ਵੀ ਨਹੀਂ ਚਾਹੁੰਦੇ ਹੁੰਦੇ ਕਿ ਉਹਨਾਂ ਦੀ ਬੀਵੀ ਓਹਨਾਂ ਦੇ ਕੋਲ਼ ਬੈਠੇ... ਭਾਵੇਂ ਉਹ ਕਿੰਨੇ ਵੀ ਨੇੜੇ ਦੇ ਮਿੱਤਰ ਹੋਣ।

ਉੱਚੀ ਉੱਚੀ ਹੱਸਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ''ਆਵਾਜ਼ਾਂ ਦਾ ਵੋਲੀਅਮ ਦੱਸ ਰਿਹਾ ਸੀ ਕੇ ਦੋ-ਦੋ, ਤਿੰਨ- ਤਿੰਨ ਪੈਗ ਲੱਗ ਚੁੱਕੇ ਸਨ...।'' ਮੈਂ ਹੱਸਦਿਆਂ ਪ੍ਰਿੰਸੀਪਲ ਨਰਿੰਦਰ, ਜਿਸ ਨੂੰ ਸਾਰੇ ਬੋਕੀ ਚਾਚਾ ਕਹਿ ਕੇ ਸੱਦਦੇ ਸੀ... ਦੀ ਵਾਈਫ ਜਗਜੀਤ ਨੂੰ ਕਿਹਾ।''

''ਏਸੇ ਲਈ ਹੀ ਤਾਂ ਸਾਨੂੰ ਨਾਲ ਨਹੀਂ ਬਿਠਾਉਂਦੇ, ਇਹਨਾਂ ਦੀਆਂ ਗੱਲਾਂ ਵਿੱਚ ਖ਼ਲਲ ਪੈਂਦਾ ਹੋਣਾ।'' ਮੈਂ ਔਖੇ ਜਿਹੇ ਹੁੰਦਿਆਂ ਕਿਹਾ।

''ਲੱਗਦਾ ਤਾਂ ਕੁਝ ਇੰਜ ਹੀ ਆ...'' ਉਹ ਹੱਸਦਿਆਂ ਬੋਲੀ, ''ਇਹਨਾਂ ਨੇ ਤਾਂ ਹੁਣ ਪੀ ਲੈਣੀ ਆ... ਗੱਡੀ ਫਿਰ ਮੈਨੂੰ ਚਲਾਉਣੀ ਪੈਣੀ ਆ।'' ਉਹਨੂੰ ਆਵਦੇ ਘਰੇ ਪਹੁੰਚਣ ਦੀ ਚਿੰਤਾ ਸਤਾ ਰਹੀ ਸੀ। ਇਹਨਾਂ ਦੇ ਬਹੁਤੇ ਦੋਸਤ ਪੁਲਿਸ ਅਫ਼ਸਰ ਸਨ, ਕੁਝ ਕਾਲਜਾਂ ਦੇ ਪ੍ਰਿੰਸੀਪਲ ਕੁਝ ਪੀ ਸੀ ਐਸ, ਕਈ ਜੱਜ ...ਕੁਝ ਬਾਹਰਲੀਆਂ ਯੂਨੀਵਰਸਿਟੀ 'ਚ ਪ੍ਰੋਫੈਸਰ, 'ਤੇ ਕਈ ਵਿਦੇਸ਼ਾਂ ਚ ਚੰਗੇ ਕਾਰੋਬਾਰੀ... ਸਾਰੇ ਪੜ੍ਹੇ ਲਿਖੇ ਤਹਿਜ਼ੀਬਯਾਫ਼ਤਾ...।

ਸਾਨੂੰ ਤਿੰਨਾਂ ਨੂੰ ਆਪਣੇ ਵੱਲ ਆਉਂਦਿਆਂ ਵੇਖ ਸਾਰੇ ਖੜ੍ਹੇ ਹੋ ਗਏ ਸਨ। ਦੁਆ ਸਲਾਮ ਤੋਂ ਬਾਅਦ ਇਹਨਾਂ ਨੇ ਤਾਅਰੁਫ਼ ਕਰਵਾਉਂਦਿਆਂ ਦੱਸਿਆ,'' ਇਹ ਆਪਣੇ ਬਾਈ ਜੀ ਵਿਰਕ ਨੇ... ਸਾਡੇ ਨਾਲ ਖਾਲਸਾ ਕਾਲਜ ਪੜ੍ਹਦੇ ਹੁੰਦੇ ਸੀ। ਇਹ ਭਾਬੀ ਜੀ! ਮਿਸਿਜ ਵਿਰਕ ਪਿੱਛੇ ਜਿਹੇ ਹੀ ਇਹਨਾਂ ਦਾ ਵਿਆਹ ਹੋਇਆ। ਸਗੋਂ ਸਾਡੇ ਕੋਲ ਬੈਠੇ ਬੋਰ ਹੋ ਰਹੇ ਸਨ। ਤੁਸੀਂ ਇਹਨਾਂ ਨੂੰ ਆਪਣੇ ਨਾਲ ਹੀ ਲੈ ਜਾਓ।'' ਜਿਵੇਂ, ਇਹਨਾਂ ਨੇ ਇੱਕ ਹੋਰ ਸਮਾਨ ਸਾਨੂੰ ਚੁਕਵਾ ਦਿੱਤਾ ਹੋਵੇ। ਉਹ ਤਾਂ ਸਾਡੇ ਲਈ ਇਕਦਮ ਅਜਨਬੀ ਸੀ ਭਲਾ ਇਹਦੇ ਨਾਲ ਕੀ ਗੱਲਾਂ ਕਰਾਂਗੀਆਂ ਸਗੋਂ ਸਾਡਾ ਹਾਸਾ ਠੱਠਾ ਵੀ ਬੰਦ ਹੋ ਜਾਣਾ ਸੀ।

ਵੇਖਣ ਤੋਂ ਤਾਂ ਮਿਸਿਜ ਵਿਰਕ ਛਿਆਲੀ ਸੰਤਾਲੀ ਸਾਲ ਦੀ ਲੱਗਦੀ ਸੀ। ਸੁਨੱਖੀ ਸੀ। ਹੱਥੀਂ ਚੂੜਾ ਵੇਖ ਕੇ ਅਸੀਂ ਤਿੰਨੋਂ ਹੀ ਹੈਰਾਨ ਸਾਂ। ਇਸ ਉਮਰ 'ਚ ਵਿਆਹ... ਇਹ ਭਲਾ ਕੀ ਭਾਣਾ ਵਾਪਰਿਆ ? ਸਾਡੀ ਤਿੰਨਾਂ ਦੀ ਬੋਲਤੀ ਬੰਦ ਹੋਈ ਪਈ ਸੀ। ਨਿੱਘੀ ਜਿਹੀ ਥਾਂ ਵੇਖ ਅਸੀਂ ਚਾਰੋਂ ਬੈਠ ਗਈਆਂ ਸਾਂ। ਇਕਦਮ ਪੁੱਛਣਾ ਵੀ ਚੰਗਾ ਨਹੀਂ ਲੱਗਦਾ ਪਰ ਰਿਪਨ ਨੇ ਆਖਿਰ ਸਿੱਧਾ ਸਵਾਲ ਕਰਦਿਆਂ ਪੁੱਛ ਹੀ ਲਿਆ,''ਭੈਣ ਜੀ! ਚੂੜਾ ਪਾਇਆ ਵਧੀਆ ਲੱਗਦਾ... ਹੁਣੇ ਹੁਣੇ ਵਿਆਹ ਹੋਇਆ ਲੱਗਦਾ?''

''ਹਜੇ ਮਹੀਨਾ ਹੀ ਹੋਇਆ... ਵਿਰਕ ਸਾਹਿਬ ਅਮਰੀਕਾ ਤੋਂ ਆਏ।ਆਪਣੇ ਬੱਚਿਆਂ ਨਾਲ ਅਸੀਂ ਪਹਿਲਾਂ ਹੀ ਗੱਲ ਕਰ ਲਈ ਸੀ। ਇਹ ਮੇਰੇ ਬੇਟੇ ਨੂੰ ਮਿਲੇ, ਉਸ ਨੂੰ ਵੀ ਕੋਈ ਇਤਰਾਜ਼ ਨਹੀਂ ਸੀ। ਇੱਕ ਸਾਦਾ ਜਿਹੀ ਸੈਰੇਮਨੀ ਹੋਈ...ਸਾਡੇ ਦੋਹਾਂ ਦੇ ਕੁਝ ਮਿੱਤਰ ਸ਼ਾਮਿਲ ਹੋਏ ਤੇ ਇੰਝ ਵਿਆਹ ਹੋ ਗਿਆ। ਆਪਣੇ ਦੋਸਤਾਂ ਬਾਰੇ ਇਹ ਵਿਆਹ ਤੋਂ ਪਹਿਲਾਂ ਵੀ ਜ਼ਿਕਰ ਕਰਦੇ ਹੁੰਦੇ ਸਨ 'ਤੇ ਵੇਖੋ ਹੁਣ ਤੁਹਾਨੂੰ ਸਭ ਨੂੰ ਮਿਲਣ ਦਾ ਸਬੱਬ ਵੀ ਬਣ ਗਿਆ।'' ਬਬਿਤਾ ਬੜੇ ਚਾਅ ਨਾਲ ਦੱਸ ਰਹੀ ਸੀ।

ਉਹ ਖੁਸ਼ ਸੀ ਜਿਵੇਂ ਕੋਈ ਨਾਯਾਬ ਹੀਰਾ ਲੱਭ ਪਿਆ ਹੋਵੇ। ...'ਤੇ ਮਿਸਿਜ ਵਿਰਕ ਯਾਨੀ ਬਬਿਤਾ ਨੇ ਬਹੁਤੀ ਝਿਜਕ ਵਿਖਾਏ ਬਿਨਾ... ਖਿਦੋ ਵਾਂਗ ਪਰਤਾਂ ਉਧੇੜਦਿਆਂ ਆਪਣੇ ਬਾਰੇ ਸਾਰੀਆਂ ਜਰਬਾਂ- ਤਕਸੀਮਾਂ ਸਿਲਸਿਲੇਵਾਰ ਦੱਸਣੀਆਂ ਸ਼ੁਰੂ ਕਰ ਦਿੱਤੀਆਂ...ਓਵੇਂ ਹੀ ਜਿਵੇਂ ਜਦੋਂ ਕੋਈ ਬਹੁਤ ਖੁਸ਼ ਹੁੰਦਾ ਤਾਂ ਉਹ ਆਪਣੀਆਂ ਸਾਰੀਆਂ ਗੱਲਾਂ ਸਾਂਝੀਆਂ ਕਰਨੀਆਂ ਚਾਹੁੰਦਾ।

ਓਹਦਾ ਪਤੀ ਬਲਜਿੰਦਰ ਵਿਰਕ ਪਿਛਲੇ ਤੀਹ ਸਾਲ ਤੋਂ ਅਮਰੀਕਾ ਵਿੱਚ ਰਹਿ ਰਿਹਾ ਸੀ। ਦਸ ਕੂ ਸਾਲ ਪਹਿਲਾਂ ਓਹਦੀ ਪਤਨੀ ਦੀ ਕੈਂਸਰ ਨਾਲ ਮੌਤ ਹੋ ਗਈ ਤਾਂ ਉਹ ਇਕੱਲਾ ਰਹਿ ਗਿਆ। ਬੇਟਾ ਤੇ ਬੇਟੀ ਵਿਆਹ ਤੋਂ ਬਾਅਦ ਵੱਖਰੇ ਰਹਿਣ ਲੱਗੇ। ਵਿਰਕ ਸਾਹਿਬ ਬਿਲਕੁਲ ਇਕੱਲੇ ਅਤੇ ਉਪਰਾਮ...।''

''ਇਹਦਾ ਮਤਲਬ ਵਿਰਕ ਦੀ ਉਮਰ ਸੱਠ ਸਾਲ ਦੀ ਤਾਂ ਹੋਵੇਗੀ। ਦਾਹੜੀ ਰੰਗੀ ਹੋਣ ਕਰਕੇ ਪੰਜਾਹ ਕੂ ਦਾ ਹੀ ਲਗਦਾ ਸੀ।' ਮੈਂ ਮਨ ਹੀ ਮਨ ਅੰਦਾਜ਼ੇ ਲਾ ਰਹੀ ਸਾਂ।

ਸ਼ਾਇਦ ਬਬਿਤਾ ਉਨਾਂ ਲੋਕਾਂ ਵਿੱਚੋਂ ਸੀ ਜਿਹੜੇ ਪਹਿਲੀ ਮਿਲਣੀ ਵਿੱਚ ਹੀ ਸਦੀਆਂ ਪੁਰਾਣੀ ਸਾਂਝ ਵਾਲੀ ਨਿੱਘ ਤੇ ਨੇੜਤਾ ਮਹਿਸੂਸ ਕਰਵਾ ਦਿੰਦੇ ਨੇ...। ਕਥਾ ਅਤੇ ਫਿਰ ਓਹ ਵੀ ਦਿਲਚਸਪ ਹੋਵੇ...।ਅਸੀਂ ਤਿੰਨੋ ਓਹਦੀ ਕਥਾ ਸੁਨਣ ਲਈ ਪੂਰਨ ਉਤਸੁਕ ਸਾਂ।

ਓਹਦੇ ਦੱਸਣ ਮੁਤਾਬਿਕ ਬਬਿਤਾ ਪਹਿਲਾਂ ਵੀ ਵਿਆਹੀ ਹੋਈ ਸੀ। ਇਕ ਬੇਟਾ ਸੀ ਜੋ ਗ੍ਰੈਜੂਏਸ਼ਨ ਕਰ ਰਿਹਾ ਸੀ। ''ਭੈਣ ਜੀ,ਤੁਸੀਂ ਇੰਡੀਆ ਤੇ ਵਿਰਕ ਬਾਈ ਜੀ ਅਮਰੀਕਾ... ਮਿਲੇ ਕਿੱਥੇ ਤੁਸੀਂ...?'' ਰਿਪਨ ਉਤਸੁਕਤਾ ਨਾਲ ਪੁੱਛ ਰਹੀ ਸੀ।

''ਤੁਸੀਂ ਸੱਚ ਨਹੀਂ ਮੰਨਣਾ ...ਅਸੀਂ ਪਹਿਲੀ ਵਾਰ ਫੇਸ ਬੁਕ ਤੇ ਮਿਲੇ ਸੀ। ਲੰਮੀ ਕਹਾਣੀ ਏ...ਨਹੀਂ ਤਾਂ ਕਿੱਥੇ ਕੋਈ ਇਸ ਉਮਰੇ ਵਿਆਹ ਦਾ ਅੱਕ ਚੱਬਦਾ...ਪਰ ਕਈ ਵਾਰੀ ਅੱਕ ਹੀ ਦਵਾਈ ਦਾ ਕੰਮ ਕਰਦਾ।''

ਆਪਣੇ ਅਤੀਤ ਨੂੰ ਯਾਦ ਕਰਦਿਆਂ ਬਬਿਤਾ ਦੇ ਚਿਹਰੇ ਤੇ ਦਰਦ ਦੀਆਂ ਲਕੀਰਾਂ ਉਭਰ ਆਈਆਂ ਸਨ। ਸ਼ਾਇਦ ਸਾਥੋਂ ਉਸ ਦੀ ਦੁੱਖਦੀ ਰਗ 'ਤੇ ਹੱਥ ਰੱਖਿਆ ਗਿਆ ਸੀ। ਮੌਕਾ ਤਾਂ ਮੁਹਲਤ ਨਹੀਂ ਦਿੰਦਾ ਸੀ ਪਰ ਫਿਰ ਵੀ ਓਹਦੀਆਂ ਅੱਖੀਆਂ ਭਰ ਆਈਆਂ ਸਨ।

ਸਹਿਵਨ ਹੀ ਮੈਂ ਆਪਣੇ ਹੱਥ ਨਾਲ ਉਸਦੇ ਹੱਥ ਨੂੰ ਘੁੱਟਦਿਆਂ ਕਿਹਾ, ''ਕਾਹਨੂੰ ਚੇਤੇ ਕਰਨੀਆਂ ਪੁਰਾਣੀਆਂ ਗੱਲਾਂ... ਜੇ ਸਾਡਾ ਇਉਂ ਪੁੱਛਣਾ ਤੁਹਾਨੂੰ ਬੁਰਾ ਲੱਗਿਆ... ਤਾਂ ਮੁਆਫ਼ ਕਰ ਦਿਓ। ਅਸੀਂ ਤਾਂ ਬਸ ਜਾਨਣਾ ਚਾਹੁੰਦੇ ਸੀ। ਤੁਹਾਡਾ ਇਉਂ ਲਕੀਰ ਦੀ ਫ਼ਕੀਰੀ ਛੱਡ ਆਪਣੇ ਲਈ ਜਿਉਣਾ... ਮੁੜ ਵਿਆਹ ਕਰਵਾਉਣ ਦਾ ਫ਼ੈਸਲਾ ਲੈਣਾ... ਹੈਰਾਨੀਜਨਕ ਹੈ ਅਤੇ ਬਹਾਦਰੀ ਵਾਲਾ ਵੀ...?''

ਮੇਰੀ ਪਿਆਰ ਛੋਹ ਨੇ ਸ਼ਾਇਦ ਬਬਿਤਾ ਨੂੰ ਅਪਣੱਤ ਦਾ ਅਹਿਸਾਸ ਕਰਵਾ ਦਿੱਤਾ ਸੀ... ਉਸਨੇ ਟਿਸ਼ੂ ਪੇਪਰ ਨਾਲ ਆਪਣੀਆਂ ਅੱਖਾਂ ਪੂੰਝਦਿਆਂ, ਗੱਲ ਨੂੰ ਸਿਲਸਿਲੇਵਾਰ ਦੱਸਣਾ ਸ਼ੁਰੂ ਕਰ ਦਿੱਤਾ।

''ਸਾਡੀ ਅਰੇਂਜ ਮੈਰਿਜ ਸੀ। ਵਿਆਹ ਤੋਂ ਕੁਝ ਚਿਰ ਬਾਅਦ ਹੀ ਮੈਨੂੰ ਮੇਰੇ ਪਹਿਲੇ ਪਤੀ ਦੀ ਅਸਲੀਅਤ ਦਾ ਪਤਾ ਲੱਗ ਗਿਆ ਸੀ। ਸਿਰੇ ਦਾ ਸ਼ਰਾਬੀ 'ਤੇ ਝੂਠਾ ਬੰਦਾ। ਮੇਰੇ ਸੱਸ ਸਹੁਰਾ ਵੀ ਉਸ ਤੋਂ ਦੁਖੀ ਰਹਿੰਦੇ ਸਨ। ਰਵਾਇਤਨ ਹਰ ਮਾਂ ਪਿਓ ਸੋਚਦਾ ਆ ਕਿ ਵਿਆਹ ਤੋਂ ਬਾਅਦ ਉਹਨਾਂ ਦਾ ਪੁੱਤ ਸੁਧਰ ਜਾਵੇਗਾ। ਜਿਵੇਂ ਵਹੁਟੀ ਕੋਲ ਕੋਈ ਤੰਤਰ ਮੰਤਰ ਜਾਂ ਜਾਦੂ ਦੀ ਛੜੀ ਹੋਵੇ ਜਿਸ ਨਾਲ ਉਹ ਓਹਨਾਂ ਦਾ ਵਿਗੜਿਆ ਤਿਗੜਿਆ ਮੁੰਡਾ ਭਲਾ ਚੰਗਾ ,ਦਰੁਸਤ ਕਰਨ ਦੀ ਮੁਹਾਰਤ ਰੱਖਦੀ ਹੋਵੇ। ਚੰਦਰੇ! ਬਿਗਾਨੀ ਧੀ ਲਈ ਨਰਕ ਦੇ ਦਵਾਰ ਖੋਲ੍ਹ ਦਿੰਦੇ। ਭਲਾ! ਭੋਰਾ ਕੁ ਹਮਦਰਦੀ ਵੀ ਨਹੀਂ ਹੁੰਦੀ ਬਿਗਾਨੀ ਧੀ ਨਾਲ...।''

''ਮੇਰਾ ਪਤੀ ਸੂਰਜ ਕੇਵਲ ਨਾਂ ਦਾ ਹੀ ਸੂਰਜ ਸੀ...ਉਂਝ ਘੁੱਪ ਹਨੇਰੇ ਨਾਲ ਭਰਿਆ ਹੋਇਆ। ਉਸ ਦਾ ਬਿਜਨਸ ਵੱਲ ਧਿਆਨ ਘੱਟ ਤੇ ਪੀਣ ਪਿਆਉਣ ਵੱਲ ਵਧੇਰੇ ਸੀ। ਭੈੜੇ ਭੈੜੇ ਦੋਸਤਾਂ ਨੂੰ ਘਰੇ ਦਾਰੂ ਪਿਆਉਣ ਲਈ ਲੈ ਆਉਂਦਾ ...ਉਹਨਾਂ ਦੀਆਂ ਭੈੜੀਆਂ ਹਵਸੀ ਨਜ਼ਰਾਂ ਮੇਰੇ ਪਿੰਡੇ ਤੇ ਮਿਰਚਾਂ ਧੂੜਦੀਆਂ। ਇਕ ਦਿਨ ਜਦੋਂ ਸੂਰਜ ਪੀ ਕੇ ਬੇਸੁਧ ਹੋ ਗਿਆ ਤਾਂ ਓਹਦੇ ਦੋਸਤ ਨੇ ਮੇਰੇ ਨਾਲ ਛੇੜਖਾਨੀ ਸ਼ੁਰੂ ਕਰ ਦਿੱਤੀ। ਉਹ ਤੇ ਭਲਾ ਹੋਵੇ ਮੇਰੇ ਸਹੁਰੇ ਦਾ... ਉਸ ਡੰਡੇ ਮਾਰ ਮਾਰ ਉਸ ਨੂੰ ਭਜਾ ਦਿੱਤਾ। ਸਵੇਰੇ ਓਹਦੀ ਐਨੀ ਕੁ ਬਾਬ ਹੋਈ ਕੇ ਮੁੜ ਓਸ ਦੋਸਤਾਂ ਨੂੰ ਘਰ ਲਿਆਉਣਾ ਛੱਡ ਦਿੱਤਾ। ਮੇਰੀ ਸੱਸ ਸਿਆਣੀ ਔਰਤ ਸੀ। ਉਹਨੇ ਮੈਨੂੰ ਹੌਸਲਾ ਦੇਣਾ।ਅਸੀਂ ਨੂੰਹ ਸੱਸ ਨੇ ਬਥੇਰੇ ਓਹੜ-ਪੋਹੜ ਕੀਤੇ... ਖਾਣੇ ਵਿੱਚ ਦਵਾਈਆਂ ਪਾ-ਪਾ ਕੇ ਵੀ ਦਿੱਤੀਆਂ ਕਿ ਸ਼ਾਇਦ ਇਹਦੀ ਸ਼ਰਾਬ ਛੁੱਟ ਜਾਵੇ। ਉਹ ਸਾਨੂੰ ਸਿਖਾਇਆ ਜਾਂਦਾ ਨਾ ਕਿ 'ਦੜ ਵੱਟ ਦਮਾਮੇ ਕੱਟ, ਭਲੇ ਦਿਨ ਆਵਣਗੇ'। ਬਸ ਇਸੇ ਆਸ ਤੇ ਹੀ ਸਮਾਂ ਲੰਘਦਾ ਗਿਆ ਅਤੇ ਮੈਂ ਕਿਸਮਤ ਨਾਲ ਸਮਝੌਤਾ ਕਰਦੀ ਗਈ। ਸੂਰਜ ਦੀ ਸ਼ਰਾਬ ਦੀ ਲੱਤ ਵੱਧਦੀ ਗਈ ਅਤੇ ਮੇਰੇ ਜੀਣ ਦੀ ਇੱਛਾ ਘਟਦੀ ਗਈ। ਮਾਂ ਪਿਓ ਨੂੰ ਦੱਸਿਆ ਤਾਂ ਉਹ ਵੀ ਸਮਝੌਤੀਆਂ ਦੇ ਕੇ ਚੁੱਪ ਕਰਵਾ ਦਿੰਦੇ।''

''ਜ਼ਿੰਦਗੀ ਵਿੱਚ ਸਿਰਫ਼ ਇੱਕ ਆਸ ਦੀ ਕਿਰਨ ਸੀ 'ਤੇ ਉਹ ਸੀ ਸਨੀ... ਮੇਰਾ ਬੇਟਾ... ਬਸ ਉਸੇ ਨੂੰ ਵੇਖ ਵੇਖ ਹੀ ਜੀਊਣ ਦੀ ਆਸ ਬਣੀ ਰਹਿੰਦੀ।ਪੜ੍ਹੀ ਲਿਖੀ ਸਾਂ। ਇੱਕ ਪ੍ਰਾਈਵੇਟ ਸਕੂਲ ਵਿੱਚ ਹਿੰਦੀ ਟੀਚਰ ਲੱਗ ਗਈ।'' ਬਬਿਤਾ ਲਗਾਤਾਰ ਬੋਲੀ ਜਾ ਰਹੀ ਸੀ।

''ਸਕੂਲ ਵਿੱਚ ਤਾਂ ਫਿਰ ਵੀ ਬੱਚਿਆਂ ਨਾਲ ਪਰਚੀ ਰਹਿੰਦੀ। ਘਰ ਵੱਢ ਖਾਣ ਨੂੰ ਪੈਂਦਾ। ਉਦਾਸ ਹੁੰਦੀ ਤਾਂ ਫੇਸਬੁੱਕ ਖੋਲ੍ਹ ਕੇ ਬੈਠ ਜਾਂਦੀ। ਇੱਕ ਦਿਨ ਫਰੈਂਡ ਰਿਕੁਐਸਟ ਵਿੱਚ ਇਹਨਾਂ ਦਾ ਨਾਮ ਵੇਖ ਮੈਂ ਪ੍ਰੋਫਾਈਲ ਚੈਕ ਕੀਤੀ ਤੇ ਰਿਕਵੈਸਟ ਅਸੈਪਟ ਕਰ ਲਈ। ਸਾਡੀ ਦੋਹਾਂ ਦੀ ਸਾਂਝ ਸ਼ਾਇਦ ਸਾਡਾ ਇਕੱਲਾਪਨ ਹੀ ਸੀ। ਇਹਨਾਂ ਦੀ ਵਾਈਫ ਦੀ ਡੈਥ ਹੋ ਚੁੱਕੀ ਸੀ, ਬੇਟਾ ਬੇਟੀ ਵਿਆਹੇ ਵਰੇ ਸਨ। ਇਕੱਲਤਾ ਦੇ ਸਤਾਏ...ਅਸੀਂ ਦੋਵੇਂ...।'' ਓਸ ਨੇ ਫਿਲਮੀ ਅੰਦਾਜ਼ ਵਿਚ ਕਿਹਾ।

''ਅੱਛਾ ਤੇ ਫਿਰ ਗੱਲ ਅੱਗੇ ਕਿਵੇਂ ਵਧੀ?'' ਰਿਪਨ ਤੋਂ ਆਪਣੀ ਉਤਸੁਕਤਾ ਲੁਕੋਈ ਨਾ ਗਈ।

''ਕਮਾਲ ਆ... ਅਜਿਹਾ ਮੌਕਾ ਮੇਲ ਤਾਂ ਫਿਲਮਾਂ ਜਾਂ ਨਾਵਲਾਂ ਵਿੱਚ ਹੀ ਹੁੰਦਾ ਆ। ਪਰ ਆਹ ਤਾਂ ਸਾਹਮਣੇ ਹੀ ਕਹਾਣੀ ਦੀ ਬਿਰਤਾਂਤਕਾਰੀ ਹੋ ਰਹੀ ਸੀ। ਭਲਾ! ਇੰਝ ਵੀ ਹੋ ਸਕਦਾ?' ਮੇਰੇ ਅੰਦਰਲਾ ਕਹਾਣੀਕਾਰ ਕਥਾ ਰਸ ਦਾ ਆਨੰਦ ਲੈਂਦਿਆਂ ਸੋਚ ਰਿਹਾ ਸੀ।

ਠੰਡ ਦਾ ਤਾਂ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ। ਖਾਣਾ ਪੀਣਾ ਵੀ ਭੁੱਲ ਗਿਆ ਸੀ। ਵੇਟਰ ਨੂੰ ਅਸੀਂ ਦੂਰੋਂ ਹੀ ਸਿਰ ਮਾਰ ਦਿੰਦੀਆਂ... ਕਿਤੇ ਸਾਡੀ ਕਹਾਣੀ ਵਿੱਚ ਖ਼ਲਲ ਨਾ ਪਾ ਦੇਵੇ।

''ਫੇਸਬੁਕ ਤੇ ਦੋਸਤੀ ਕੀ ਹੋਈ... ਅਸੀਂ ਇੱਕ ਦੂਜੇ ਦੀਆਂ ਪੋਸਟਾਂ ਵੇਖਦੇ... ਲਾਈਕ ਕਰਦੇ, ਕਮੈਂਟ ਕਰਦੇ, ਬਸ

ਇਸ ਤੋਂ ਅੱਗੇ... ਨਾ ਵਿਰਕ ਸਾਹਿਬ ਨੇ ਕਦਮ ਵਧਾਏ ਅਤੇ ਨਾ ਹੀ ਮੈਂ ਪਹਿਲ ਕੀਤੀ। ਜ਼ਿੰਦਗੀ ਪੜਾਅ ਦਰ ਪੜਾਅ ਬੁਣਤੀਆਂ ਬੁਣ ਰਹੀ ਸੀ। ਮੈਂ ਤਾਂ ਆਪਣੀ ਜ਼ਿੰਦਗੀ ਦੀ ਇਸ ਸਨਦ ਨੂੰ ਹੋਣੀ ਹੀ ਮੰਨ ਲਿਆ ਹੋਇਆ ਸੀ। ਮੁੜ ਅੱਗੜ ਪਿੱਛੜ ਸੱਸ ਸਹੁਰਾ ਵੀ ਸਵਰਗ ਸਿਧਾਰ ਗਏ। ਰਹਿ ਗਏ ਪਿੱਛੇ ਮੈਂ ਤੇ ਮੇਰਾ ਪੁੱਤ ਸਨੀ। ਓਹਦੀ ਸ਼ਰਾਬ ਹੁਣ ਸੰਭਾਲਿਆਂ ਵੀ ਨਾ ਸੰਭਲਦੀ। ਉੱਤੋਂ ਓਹਦੀ ਮਾਰ ਕੁਟਾਈ ਨੇ ਮੇਰੇ ਜੀਣ ਦੀ ਇੱਛਾ ਨੂੰ ਉੱਕਾ ਹੀ ਖ਼ਤਮ ਕਰ ਦਿੱਤਾ। ਮੇਰੀ ਤਨਖ਼ਾਹ ਤੇ ਵੀ ਉਹਦੀ ਅੱਖ ਰਹਿੰਦੀ। ਜਦੋਂ ਦਾਅ ਲੱਗਦਾ, ਪਰਸ ਵਿੱਚੋਂ ਪੈਸੇ ਕੱਢ ਕੇ ਲੈ ਜਾਂਦਾ। ਮੈਂ ਸੋਚਦੀ ਨਰਕ ਵੀ ਇਸ ਤੋਂ ਚੰਗਾ ਹੁੰਦਾ ਹੋਵੇਗਾ। ਪੁੱਤਰ ਦੇ ਸਾਹੀਂ ਜਿਉਂਦੀ... ਮਰ ਵੀ ਤਾਂ ਨਹੀਂ ਸੀ ਸਕਦੀ।'' ਬਬਿਤਾ ਦੀ ਇਸ ਦਰਦਮਈ ਵਿਥਿਆ ਨੇ ਸਾਨੂੰ ਤਿੰਨਾਂ ਨੂੰ ਦ੍ਰਵਿਤ ਕਰ ਦਿੱਤਾ ਸੀ। ''ਇਹ ਕਿਸ ਸਦੀ ਦੀ ਔਰਤ ਹੈ... ਜੋ ਹਜੇ ਵੀ ਮਰਦ ਦੀ ਕੁੱਟਮਾਰ ਸਹਿ ਰਹੀ ਆ। ਕੀ ਕਮੀ ਸੀ ਬਬਿਤਾ ਵਿੱਚ... ਪੜ੍ਹੀ ਲਿਖੀ ਸੀ... ਸੋਹਣੀ ਸੀ... ਪਰ ਕਰਮਾਂ ਦੀ ਮਾਰੀ... ।' ਮੈਂ ਮਨੋ ਮਨੀ ਦਲੀਲਾਂ ਦੇ ਰਹੀ ਸੀ।

''ਤੁਸੀਂ ਵਿਰੋਧ ਨਾ ਕੀਤਾ... ਥਾਣੇ ਰਿਪੋਰਟ ਕਰਦੇ... ਰਿਸ਼ਤੇਦਾਰਾਂ ਨੂੰ ਕਹਿੰਦੇ... ਉਹ ਸਮਝਾਉਂਦੇ। ਕੁੱਟਮਾਰ ਤਾਂ ਅੱਜ ਕੱਲ ਅਨਪੜ੍ਹ ਔਰਤਾਂ ਵੀ ਨਹੀਂ ਸਹਿੰਦੀਆਂ। ਤੁਸੀਂ ਅੱਡ ਕਿਉਂ ਨਾ ਹੋਏ... ਡਾਇਵੋਰਸ ਦੇ ਦੇਣਾ ਸੀ। ਅਜਿਹੇ ਗੰਦੇ ਬੰਦੇ ਨਾਲ ਨਰਕ ਭੁਗਤਣ ਦੀ ਥਾਂ ਇਕੱਲੇ ਰਹਿਣਾ ਕਿਤੇ ਚੰਗਾ ਹੁੰਦਾ।'' ਮੇਰੇ ਅੰਦਰਲੀ ਬਗਾਵਤੀ ਨਾਰੀ ਆਪਣਾ ਫਲਸਫ਼ਾ ਝਾੜ ਰਹੀ ਸੀ।

''ਕਹਿਣਾ ਬਹੁਤ ਸੌਖਾ ਹੁੰਦਾ, ਅਮਲ ਕਰਨਾ ਬਹੁਤ ਔਖਾ, ਪੇਕੇ ਝੱਲਣ ਲਈ ਤਿਆਰ ਨਹੀਂ ਸਨ, ਮਾਂ ਪਿਓ ਜਿਉਂਦੇ ਹੁੰਦੇ ਤਾਂ ਸ਼ਾਇਦ ਸਮਝਦੇ... ਪਰ ਭਰਾ ਭਾਬੀ ਲਈ ਤਾਂ ਪੇਕੇ ਬੈਠੀ ਕੁੜੀ ਬੋਝ ਹੀ ਹੁੰਦੀ ਐ ਨਾ? ਉਹ ਵੀ ਕੀ ਕਰਦੇ ਉਹਨਾਂ ਦੀ ਆਪਣੀ ਗ੍ਰਹਿਸਥੀ ਸੀ। ਇਹ ਸਮਾਜ ਹੈ ਨਾ ਜਿਹੜਾ... ਇਹ ਨਾ ਤਾਂ ਔਰਤ ਨੂੰ ਜਿਉਣ ਦਿੰਦਾ ਅਤੇ ਨਾ ਹੀ ਮਰਨ ਦਿੰਦਾ। ਕੋਈ ਠਾਹਰ ਨਾ ਸੀ, ਨਾ ਕੋਈ ਆਸਰਾ। ਔਰਤ ਜਰਾ ਜਿਹੀ ਕਮਜ਼ੋਰੀ ਵਿਖਾਵੇ ਤਾਂ ਆਪਣੇ ਹੀ ਇੱਲਾਂ ਵਾਂਗ ਨੋਚਣ ਲਈ ਤਿਆਰ ਹੁੰਦੇ ਨੇ... ਇੱਥੇ ਘੱਟੋ ਘੱਟ ਸੁਰੱਖਿਤ ਤਾਂ ਸਾਂ।'' ਓਹ ਬੇਬਸੀ ਦਾ ਇਜ਼ਹਾਰ ਕਰਦਿਆਂ ਬੋਲੀ।

''ਚੰਦਰਾ ਇਹੀ ਤਾਂ ਮਸਲਾ ਏ... ਕਿਤਾਬਾਂ ਕੁਝ ਹੋਰ ਕਹਿੰਦੀਆਂ ਅਤੇ ਜ਼ਿੰਦਗੀ ਦੇ ਸਬਕ ਕੁਝ ਹੋਰ... ਪੜ੍ਹਾਏ ਜਾਂਦੇ ਨੇ... ਔਰਤ ਵਿਚਾਰੀ ਕਰੇ ਵੀ ਤਾਂ ਕੀ ਕਰੇ...?'' ਮੈਥੋਂ ਬਦੋਬਦੀ ਕਹਿ ਹੋ ਗਿਆ।

ਟਿਕ ਟਿਕ ਘੜੀ ਦੀ ਰਫ਼ਤਾਰ ਸਮੇਂ ਦੇ ਬੀਤਣ ਦੀ ਦੁਹਾਈ ਪਾ ਰਹੀ ਸੀ। ਰੋਟੀ ਖਾਣ ਦਾ ਵੇਲ਼ਾ ਹੋ ਗਿਆ ਸੀ... ਪਰ ਸਾਡੇ ਵਿੱਚੋਂ ਕੋਈ ਵੀ ਕਥਾ ਦੀ ਰਵਾਨੀ ਭੰਨਣ ਲਈ ਤਿਆਰ ਨਾ ਸੀ।

''ਅੱਛਾ, ਭੈਣ ਜੀ! ਫਿਰ ਗੱਲ ਅੱਗੇ ਕਿਵੇਂ ਵਧੀ?'' ਰਿਪਨ ਨੇ ਕਥਾ ਨੂੰ ਅਗਾਂਹ ਤੋਰਨ ਲਈ ਹੱਲਾਸ਼ੇਰੀ ਦਿੱਤੀ।

''ਪਤਾ ਨਹੀਂ ਇਹਨਾਂ ਨੂੰ ਮੇਰਾ ਕੀ ਚੰਗਾ ਲੱਗਿਆ ਇਹਨਾਂ ਨੇ ਮੇਰਾ ਫੋਨ ਨੰਬਰ ਮੰਗਿਆ, ਖ਼ਤਰੇ ਵਾਲੀ ਕੋਈ ਗੱਲ ਨਹੀਂ ਸੀ, ਅਮਰੀਕਾ ਬੈਠਾ ਬੰਦਾ ਮੇਰਾ ਕੀ ਵਿਗਾੜ ਲਊਗਾ... ਪਰ ਹਾਂ, ਮੇਰੀਆਂ ਗੱਲਾਂ ਉਹਦੀਆਂ ਗੱਲਾਂ... ਸਾਡੀਆਂ ਖਾਲੀ ਥਾਵਾਂ ਭਰਦੀਆਂ ਗਈਆਂ।''

''ਵਟਸਐਪ ਤੇ ਮੈਸੇਜ ਹੋਣ ਲੱਗੇ, ਇੱਕ ਦੂਜੇ ਦੀਆਂ ਖ਼ੂਬੀਆਂ ਖ਼ਾਮੀਆਂ ਸਾਹਮਣੇ ਆਉਣ ਲੱਗੀਆਂ। ਇੱਕ ਦਿਨ ਇਹਨਾਂ ਦਾ ਮੈਸੇਜ ਆਇਆ '' ਕੀ ਕਰ ਰਹੇ ਹੋ?''

ਮੈਂ ਕਿਹਾ,'' ਉਹਦੀ ਰਜ਼ਾ ਵਿੱਚ ਹਾਂ।''

''ਬਸ ਯਕਲਖ਼ਤ ਇਹਨਾਂ ਦੀ ਵਟਸ ਐਪ 'ਤੇ ਕਾਲ ਆ ਗਈ। ਫਿਰ ਤਾਂ ਕਹਿਣਾ ਹੀ ਕੀ ਸੀ। ਅਸੀਂ ਗੱਲਾਂ ਕਰਦੇ ਆਲਾ ਦੁਆਲਾ ਭੁੱਲ ਜਾਂਦੇ।''

''ਹੌਲੀ- ਹੌਲੀ ਅਸੀਂ ਇੱਕ ਦੂਜੇ ਦੇ ਹਾਲਾਤ ਤੋਂ ਜਾਣੂ ਹੁੰਦੇ ਗਏ। ਇਹਨਾਂ ਦੀ ਬੇਟੀ ਅਤੇ ਬੇਟਾ ਆਪਣੀ ਦੁਨੀਆ ਵਿੱਚ ਮਗਨ ਸਨ। ਮੇਰਾ ਬੇਟਾ ਜਵਾਨੀ ਦੀ ਅਉਧ ਵਿੱਚੋਂ ਲੰਘ ਰਿਹਾ ਸੀ। ਗੱਲਾਂ ਹੁੰਦੀਆਂ ਰਹੀਆਂ, ਤਿੰਨ ਸਾਲ ਲੰਘ ਗਏ। ਮੈਂ ਆਪਣੇ ਘਰਵਾਲੇ ਤੋਂ ਤਲਾਕ ਲੈਣ ਲਈ ਸੰਘਰਸ਼ ਕੀਤਾ। ਵਿਰਕ ਸਾਹਿਬ ਨੇ ਮੇਰਾ ਪੂਰਾ ਸਾਥ ਦਿੱਤਾ। ਇਹਨਾਂ ਨੇ ਆਪਣੇ ਬੱਚਿਆਂ ਨਾਲ ਗੱਲ ਕੀਤੀ। ਮੈਂ ਆਪਣੇ ਪੁੱਤਰ ਨੂੰ ਸਮਝਾਇਆ... 'ਤੇ ਇਉਂ ਹੁਣ ਵਿਰਕ ਸਾਹਿਬ ਅਮਰੀਕਾ ਤੋਂ ਆਏ। ਅਸੀਂ ਆਹਮੋ ਸਾਹਮਣੇ ਹੋਏ। ਮਿਲ ਕੇ ਚੰਗਾ ਲੱਗਿਆ। ਬੱਚਿਆਂ ਦੀ ਰਜ਼ਾਮੰਦੀ ਨਾਲ ਅਸੀਂ ਕੋਰਟ ਵਿੱਚ ਵਿਆਹ ਕਰਵਾ ਲਿਆ।...' ਤੇ ਬਸ ਹੁਣ ਪੇਪਰ ਵਰਕ ਤੋਂ ਬਾਅਦ... ਅਸੀਂ ਅਮਰੀਕਾ ਚਲੇ ਜਾਵਾਂਗੇ।'' ਬਬਿਤਾ ਨੇ ਇੰਝ ਗੱਲ ਮੁਕਾਈ ਜਿਵੇਂ ਜੰਗ ਦਾ ਮੈਦਾਨ ਫਤਿਹ ਕਰ ਲਿਆ ਹੋਵੇ।

''ਤੁਹਾਨੂੰ ਔਖਾ ਨਹੀਂ ਲੱਗਿਆ... ਸਮਾਜ... ਰਿਸ਼ਤੇਦਾਰ...।'' ਮੈਂ ਸਹਿਵਨ ਹੀ ਪੁੱਛ ਲਿਆ।

''ਇਹ ਸਮਾਜ ਰਿਸ਼ਤੇਦਾਰ ਸਭ ਬਕਵਾਸ ਹੈ... ਜਦੋਂ ਕੋਈ ਕੁੱਟਮਾਰ ਸਹਿੰਦਾ, ਜ਼ਿੰਦਗੀ ਜਿਉਣ ਲਈ ਤਰਸਦਾ, ਉਦੋਂ ਇਹ ਸਮਾਜ ਕਿੱਥੇ ਹੁੰਦਾ ਭਲਾ? ਐਵੇਂ ਡਰੀ ਜਾਓ, ਲੋਕਾਂ ਨੇ ਤਾਂ ਕੁਝ ਨਾ ਕੁਝ ਭੌਂਕਣਾ ਹੀ ਹੁੰਦਾ। ਇਹ ਮੇਰੀ ਜ਼ਿੰਦਗੀ ਏ ਮੈਂ ਹੀ ਜਿਉਣੀ ਆ... 'ਤੇ ਫਿਰ ਮਰਜ਼ੀ ਵੀ ਮੇਰੀ ਹੀ ਹੋਵੇਗੀ ਨਾ...।'' ਬਬੀਤਾ ਦੇ ਬੋਲਾਂ ਵਿੱਚੋਂ ਚੰਗਿਆੜੀਆਂ ਵਰ੍ਹ ਰਹੀਆਂ ਸਨ।

...ਤੇ ਅਸੀਂ ਤਿੰਨੋਂ ਆਲੇ ਦੁਆਲੇ ਦੀ ਗਹਿਮਾ ਗਹਿਮੀ ਤੋਂ ਬੇਖ਼ਬਰ... ਠਰੀ ਰਾਤ ਵਿੱਚ...ਬਬਿਤਾ ਦੇ ਬੋਲਾਂ ਵਿਚਲੀਆਂ ਚੰਗਿਆੜੀਆਂ ਨਾਲ ਨਿੱਘੀਆਂ ਹੋਈਆਂ ਮਹਿਸੂਸ ਕਰ ਰਹੀਆਂ ਸਾਂ...।

**98151-72073**

# ਕਵਿਤਾਵਾਂ / ਗੁਰਪਰਵੀਨ ਕੌਰ

## ਸ਼ਬਦ

ਕਦੇ ਕਦੇ ਕਮਾਲ
ਹੋ ਜਾਂਦੇ ਨੇ ਸ਼ਬਦ
ਤੇ ਕਦੇ ਬੇਮਿਸਾਲ
ਹੋ ਜਾਂਦੇ ਨੇ ਸ਼ਬਦ।

ਕਦੇ ਅੱਖਾਂ ਨੂੰ
ਥਾਈਂ ਕੀਲ ਲੈਂਦੇ
ਕਦੇ ਸੋਚ ਨੂੰ ਦੂਰ ਕਿਤੇ
ਲੈ ਜਾਂਦੇ ਨੇ ਸ਼ਬਦ ।

ਕਦੇ ਨੈਣਾਂ ਵਿੱਚ ਸਹਿਮਦੇ
ਝੀਲ ਬਣ ਕੇ
ਕਦੇ ਬੁੱਲ੍ਹਾਂ ਤੇ ਮੁਸਕੜੀ
ਦੇ ਜਾਂਦੇ ਨੇ ਸ਼ਬਦ।

ਕਦੇ ਸੌਂ ਜਾਵਣ ਬਾਲ਼
ਸੁਣ ਲੋਰੀ ਮਿੱਠੜੀ
ਕਦੇ ਆਸ਼ਕਾਂ ਦੀ ਨੀਂਦ
ਉਡਾ ਜਾਂਦੇ ਨੇ ਸ਼ਬਦ।

ਕਦੇ ਕੰਨਾਂ ਵਿੱਚ ਘੁਲਦੇ
ਖੰਡ ਬਣ ਕੇ
ਕਦੇ ਸੀਨੇ ’ਚ ਨਸ਼ਤਰ
ਖੁਭੋ ਜਾਂਦੇ ਨੇ ਸ਼ਬਦ।

ਕਦੇ ਵਿਸ ਘੋਲ
ਰੱਤ ਵਹਾਉਣ ਆਪਣਿਆਂ ਦਾ
ਕਦੇ ਇੱਕ ਓਅੰਕਾਰ ਦਾ ਪਾਠ
ਪੜ੍ਹਾ ਜਾਂਦੇ ਨੇ ਸ਼ਬਦ !!!

## ਕੁਝ ਰਿਸ਼ਤੇ

ਕੁਝ ਰਿਸ਼ਤੇ ਲਾਵੇ ਵਾਂਗ ਹੁੰਦੇ
ਜ਼ਹਿਨ ਵਿੱਚ ਉਬਲਦੇ ਰਹਿੰਦੇ
ਵਰਜਣਾ ਦੀ ਪੇਪੜੀ
ਥੱਲੇ ਛਟਪਟਾਉਂਦੇ
ਜਦੋਂ ਫੁੱਟਦੇ,



ਅੰਗਿਆਰ ਵਿਛਾਉਂਦੇ
ਮਨ ਦੀ ਮਿੱਟੀ ਵਿੱਚੋਂ
ਸਿਰ ਕੱਢਦੀਆਂ ਕਰੂੰਬਲ਼ਾਂ
ਸੜ ਕੇ ਸੁਆਹ ਹੋ ਜਾਂਦੀਆਂ
ਉਠਦੀਆਂ ਲਾਟਾਂ ਵਿੱਚ
ਇਹ ਰਿਸ਼ਤੇ
ਠਰ ਕੇ ਯਖ ਹੋ ਜਾਂਦੇ
ਤੇ ਮੌਤ ਦੀ
ਨੀਂਦਰ ਸੌਂ ਜਾਂਦੇ।

ਕੁਝ ਰਿਸ਼ਤੇ
ਸ਼ਰਬਤ ਵਰਗੇ ਹੁੰਦੇ
ਮਿੱਠੇ ਅਤੇ ਸੁਆਦ
ਮਨ ਤੇ ਤਨ ਲਈ
ਗੁਣਕਾਰੀ ਹੁੰਦੇ
ਪਰ ਪਤਾ ਈ ਨਾ ਲੱਗਦਾ
ਕਦੋਂ ਮਿਠਾਸ ਮੁੱਕ ਜਾਂਦੀ
ਕਦੇ ਮਗਰੂਰੀ ਅਤੇ
ਕਦੇ ਮਜਬੂਰੀ ਦੇ
ਕਾਸੇ ਵਿੱਚ ਪਿਆ ਰਸ
ਕਸੈਲਾ ਹੋਣ ਲੱਗਦਾ
ਕੁੜੱਤਣ ਭਰੇ
ਇਹ ਰਿਸ਼ਤੇ
ਫੇਰ ਅਹਿਸਾਸ ਦੇ ਗਲਿਓਂ ਨਾ
ਉਤਰਦੇ।

ਕੁਝ ਰਿਸ਼ਤੇ
ਮੀਂਹ ਵਾਂਗ ਹੁੰਦੇ
ਜਿਹੜਾ ਨਾ ਵਰ੍ਹੇ
ਤਾਂ ਔੜ ਲੱਗਦੀ
ਸੱਧਰਾਂ ਦਾ ਬੰਬੀਹਾ ਤਰਸਦਾ
ਜ਼ਿਆਦਾ ਵਰ੍ਹੇ ਤਾਂ
ਹਓਮੈ ਦਾ ਹੜ੍ਹ ਆ ਜਾਂਦਾ
ਚੈਨ ਸਕੂਨ ਸਭ
ਵਹਾ ਲੈ ਜਾਂਦਾ
ਦਰਮਿਆਨਾ ਵਰ੍ਹਦਾ ਤਾਂ
ਸੁਫਨਿਆਂ ਦੀ
ਧਰਤ ਮਹਿਕ ਉਠਦੀ
ਉਮੀਦਾਂ ਦੇ ਛੱਪੜ ਭਰ ਜਾਂਦੇ
ਪਰ ਹੌਲੀ ਹੌਲੀ
ਦਿਲ ਦਿਮਾਗ਼ ਦਾ ਕੂੜਾ
ਇਸ ਟੋਭੇ ਵਿੱਚ
ਆ ਰਲਦਾ
ਲਾਚਾਰ ਪਾਣੀ
ਮੁਸ਼ਕਣ ਲੱਗਦਾ
ਮੁਸ਼ਕਦੇ ਰਿਸ਼ਤੇ
ਆਖ਼ਰ ਨੂੰ ਸੜ ਜਾਂਦੇ

ਕੁਝ ਰਿਸ਼ਤੇ
ਸਾਫ਼ ਸ਼ਫ਼ਾਫ਼
ਪਾਣੀ ਵਰਗੇ ਹੁੰਦੇ
ਹਰ ਰੰਗ ਵਿੱਚ ਰਚ ਜਾਂਦੇ
ਹਰ ਸਵਾਦ ਦੀ
ਹਾਮੀ ਭਰਦੇ
ਦਿਲ ਜਿਗਰ ਦੀ
ਪਿਆਸ ਬੁਝਾਉਂਦੇ
ਦੁੱਖ ਤਕਲੀਫ਼ਾਂ ਦੀ
ਮੈਲ ਧੋਂਦੇ
ਸਾਹਾਂ ਦੇ ਖ਼ਜ਼ਾਨੇ ਭਰਦੇ
ਪਰ ਸੁੱਚਾ ਸ਼ੁੱਧ
ਖ਼ਾਲਸ ਪਾਣੀ
ਅੱਜ ਕੱਲ
ਮਿਲਦਾ ਕਿੱਥੇ ਐ।

ਕਦੇ ਕਦੇ ਮੈਂ ਸੋਚਦੀ ਆਂ
ਠੋਸ ਰਿਸ਼ਤੇ
ਤਰਲਤਾ ਨੂੰ ਨਕਾਰ
ਕਿਧਰੇ ਹਵਾ ਹੀ ਨਾ ਹੋ ਜਾਣ !!!

# ਕਵਿਤਾਵਾਂ / ਤਰਲੋਚਨ ਮੀਰ

## ਹੋਣਹਾਰ

ਉਸਦੀਆਂ ਜਟੂਰੀਆਂ ਉਲਝੀਆਂ ਨੇ
ਹੱਥ ਗਰਮ ਨੇ ਸਿਰ ਤਪ ਰਿਹੈ
ਪੈਰ ਮੱਚ ਰਹੇ
ਢਿੱਡ ਗੁੜ ਗੁੜ ਕਰਦੈ
ਹੋਠ ਫਟੇ ਨੇ
ਦਾਹੜੀ ਪੂਰੀ ਉੱਤਰੀ ਨਹੀਂ
ਪਰ ਉਸਦੀਆਂ ਰਗਾਂ ’ਚ
ਹੌਲੀ ਹੌਲੀ ਲਾਵਾ ਉੱਤਰ ਰਿਹੈ
ਮਨ ਖ਼ਾਸ ਆਕਿਰਤੀ ਵਿੱਚ
ਢਲਦਾ ਜਾਂਦੈ
ਪੂਰੇ ਵਿਸ਼ਵ ਉੱਤੇ ਧੂੰਏਂ ਵਾਂਗ
ਫੈਲਦਾ ਜਾਂਦੈ ਪੇਟ ਦੀ ਗੁੜ ਗੁੜ
ਹਵਾ ਭੱਖਣ ਨਾਲ਼ ਸ਼ਾਂਤ
ਹੁੰਦੀ ਜਾਂਦੀ ਹੈ
ਜਟੂਰੀ ਜਟ ਬਣਦੀ ਜਾਂਦੀ ਹੈ
ਪੈਗ਼ੰਬਰੀ ਹੱਥ ਉਸਦੇ ਮੋਢੇ ’ਤੇ ਟਿਕਦੈ
ਉਹ ਸ਼ੂਦਰ ਤੋਂ ਖੱਤਰੀ ਬਣਦੈ
ਨਿਰਬਲ ਕਾਇਆ
ਤਿਰਸ਼ੂਲ ਚੁੱਕਦੀ ਹੈ
ਦੁੱਧ ਚੁੰਘਦੇ ਮਾਨਵ ਦੇ ਵਿੱਚੋਂ
ਪਾਰ ਕਰਦੀ ਹੈ
ਉਸਦੇ ਅੱਗੇ ਹੋਰ ਨਿਰਬਲ
ਤਨ ਤੁਰੇ ਜਾਂਦੇ ਨੇ
ਪੈਗ਼ੰਬਰ ਹੱਥ ਪਿੱਛੇ ਕਰਦਾ ਹੈ
ਭੀੜ ਸਵਰਗ ਵੱਲ ਜਾਂਦੀ ਹੈ
ਜਿੱਥੇ ਸਵਰਨਾਂ ਦੇ ਦਰ ਨੇ
ਨਿਰਬਲ ਤਨ ਦਰਬਾਨ
ਬਣਕੇ ਖੜ੍ਹ ਜਾਂਦੇ ਨੇ।
ਆਪਣਾ ਘਰ ਪਿੱਛੇ ਛੱਡ ਆਏ
ਪਿਆਰ ਦੀ ਪੱਕੀ ਫ਼ਸਲ
ਭੁੱਲ ਭੁਲਾ ਕੇ
ਕਿਸੇ ਅਮੁੱਕ ਨਸ਼ੇ ਦੀ
ਖੁਮਾਰੀ ਵਿੱਚ ਲੀਨ।

## ਯੁੱਧ ਵਿਰਾਮ

ਸੂਰਜ ਦੀ ਪਹਿਲੀ ਕਿਰਨ
ਜਦੋਂ ਨੰਗੇ ਪਿੰਡਿਆਂ ਨੂੰ ਚੁੰਮਦੀ ਹੈ



ਉਦੋਂ ਧਰਤੀ ਦੇ
ਪਿੰਡੇ ਨੂੰ ਸੰਵਾਰਿਆ ਜਾਂਦੈ
ਖਿੱਲਰੀਆਂ ਜਟੂਰੀਆਂ ਵਾਹੀਆਂ
ਜਾਂਦੀਆਂ ਨੇ
ਮੈਲ਼ਾ ਤਨ ਨਵਾਹਿਆ ਜਾਂਦੈ
ਇਸਦੀਆਂ ਜ਼ੁਲਫ਼ਾਂ
ਵਾਹੀਆਂ ਜਾਂਦੀਆਂ ਨੇ
ਇਸਦੇ ਪੁੱਤਰ ਇਸਨੂੰ
ਖ਼ੂਬਸੂਰਤ ਰੱਖਣ ਦਾ
ਵਰਤਦੇ ਨੇ ਹਰ ਹੀਲਾ
ਧਰਤੀ ਦੇ ਉੱਤਰ ਦੱਖਣ
ਤੇ ਪੂਰਬ ਪੱਛਮ
ਧਰਤੀ ਦਾ ਹਰ ਅੰਗ
ਦਰੁਸਤ ਕੀਤਾ ਜਾਂਦੈ
ਇਸਦੇ ਹਾਰ ਸ਼ਿੰਗਾਰ ਮਗਰੋਂ
ਆ ਫੜਕਦੇ ਨੇ
ਯੁੱਧ ਯੁੱਧ ਕਰਦੇ
ਮਾਪ ਤੋਲ ਕਰਦੇ
ਆਪਣੀਆਂ ਜੇਬਾਂ ਭਰਨ ਖ਼ਾਤਰ
ਹੱਸਦੇ ਵਸਦੇ ਗਗਨ ਚੁੰਬੀ ਘਰ
ਸਣੇ ਨਿੱਕੀਆਂ ਨਿੱਕੀਆਂ
ਝੁੱਗੀਆਂ ਦੇ
ਢਹਿ ਜਾਂਦੇ ਉਸਦੇ ਇਸ਼ਾਰੇ ’ਤੇ
ਲੜ ਪੈਂਦੇ ਦੋ ਚਾਰ ਬਾਂਦਰ
ਬਾਂਦਰ ਧਰਤੀ ਪੁੱਤਰਾਂ ਨੂੰ
ਦਿੰਦੇ ਹੁਕਮ
ਇੱਕ ਦੂਜੇ ਨਾਲ਼ ਲੜਨ ਦਾ
ਫੇਰ ਚਾਹੇ ਜਾਪਾਨ ਹੋਵੇ
ਗਾਜ਼ਾ ਪੱਟੀ ਹੋਵੇ
ਫਲਸਤੀਨ ਹੋਵੇ
ਸੀਰੀਆ ਹੋਵੇ ਚਾਹੇ ਦੇਵ ਤੇ
ਦਾਨਵ ਭੂਮੀ
ਲੀਰ ਲੀਰ ਹੁੰਦੀ ਮਨੁੱਖਤਾ
ਬਾਲਾਂ ਦੇ ਮੋਹ ਦੀ ਉੱਡਦੀ ਛਾਂ
ਬਿਰਧਾਂ ਦੇ ਸਹਾਰੇ
ਮੁਹੱਬਤ ਨਾਲ਼ ਭਰੀ ਜਵਾਨੀ
ਰੁਲ਼ ਜਾਂਦੀ ਹੈ
ਟੈਂਕਾਂ ਤੋਪਾਂ ਬੰਬਾਂ ਹੇਠ
ਨਾਗਾਸਾਕੀ, ਹੀਰੋਸ਼ੀਮਾ ਬਣ ਜਾਂਦੈ
ਖ਼ੂਬਸੂਰਤੀ ਨਾਲ਼ ਭਰਿਆ ਸ਼ਹਿਰ
ਨਰਕ ਬਣ ਜਾਂਦੇ
ਨਿੱਕੇ ਨਿੱਕੇ ਪਿੰਡ
ਕੋਈ ਫ਼ਰਕ ਨਹੀਂ ਪੈਂਦਾ ਉਸਨੂੰ
ਉਸਦੇ ਇੱਕ ਇਸ਼ਾਰੇ ’ਤੇ
ਰੁਕ ਜਾਂਦੈ ਯੁੱਧ
ਤੇ ਸ਼ੁਰੂ ਹੋ ਜਾਂਦੈ
ਬਚੇ ਖੁਚੇ ਧਰਤੀ ਪੁੱਤਰ
ਉੱਜੜੇ ਘਰੀਂ ਪਰਤਦੇ
ਮਸ਼ਵਰਾ ਕਰਦੇ ਕਿਵੇਂ ਬਚਾਈਏ
ਬਾਂਦਰਾਂ ਤੋਂ ਤੇ
ਬਾਂਦਰਾਂ ਦੇ ਮਾਲਕਾਂ ਤੋਂ
ਮਸ਼ਵਰਾ ਚਲਦਾ ਹੈ
ਮਸ਼ਵਰਾ ਚੱਲ ਰਿਹਾ ਹੈ
ਨਿਰਣੇ ਦੀ ਉਡੀਕ ਹੈ ।

## ਈਸ਼ਵਰ

ਤੁਸੀਂ ਆਪਣੇ ਮਸਤਕ
ਤੇ ਜ਼ੁਬਾਨ ਉੱਤੇ
ਹੁੰਦੀ ਖਾਰਿਸ਼ ਨੂੰ
ਸ਼ਾਂਤ ਕਰਨ ਲਈ
ਸਵੇਰ ਸ਼ਾਮ
ਤੋਤਾ ਰਟ ਕਰਦੇ ਹੋ
ਇਸ ਤਰ੍ਹਾਂ ਈਸ਼ਵਰ
ਜਿਉਂਦਾ ਰਹਿੰਦਾ ਹੈ
ਇੱਕ ਲੰਮੀ ਉਮਰ
ਅਮੁੱਕ ਕਾਲ।

## ਯਾਤਰਾ ਪ੍ਰਸੰਗ : ਠੰਢੇ ਰੇਗਿਸਤਾਨ ਦੀ ਗਰਮਾਹਟ / ਸੁਖਪਾਲ ਸਿੰਘ ਥਿੰਦ

ਖਰਦੁੰਗਲਾ ਪਾਸ ਦੀ ਚੋਟੀ ਤੇ ਆਕਸੀਜਨ ਦੀ ਕਮੀ ਕਾਰਣ ਅਸੀਂ ਜਲਦੀ-ਜਲਦੀ ਉਥੋਂ ਗੱਡੀ ਤੋਰਨੀ ਠੀਕ ਸਮਝੀ। ਇਸ ਜਲਦੀ ਦੀ ਦੂਜੀ ਵਜਹ ਇਹ ਵੀ ਸੀ ਕਿ ਘੜੀ ਦੀ ਸੂਈ ਬਾਰਾਂ ਟੱਪ ਚੁੱਕੀ ਸੀ ਤੇ ਅਸੀਂ ਨੁਬਰਾ ਵੈਲੀ ਦੇ 'ਹੰਡਰ ਪਿੰਡ' ਵਾਲੇ ਰੇਤ ਦੇ ਟਿੱਲੇ ਵੇਖ ਕੇ ਸ਼ਾਮੀਂ ਵਾਪਸ ਲੇਹ ਵੀ ਪਰਤਣਾ ਸੀ। ਪਹਿਲਾਂ ਨੁਬਰਾ ਵਿੱਚ ਹੀ ਰਾਤ ਠਹਿਰਣ ਦਾ ਪ੍ਰੋਗਰਾਮ ਸੀ ਪਰ ਹੋਟਲ ਮੈਨੇਜਰ ਨੇ ਲੰਮੀ ਗੱਲਬਾਤ ਬਾਅਦ ਤੱਤ ਕੱਢ ਕੇ ਰੱਖ ਦਿੱਤਾ,



"ਉਧਰ ਨੁਬਰਾ ਮੇਂ ਰਹਿਨੇ ਮੇਂ ਮੁਸ਼ਕਿਲ ਤੋਂ ਹੋਗੀ। ਰਾਤ ਕੋ ਠੰਢ ਭੀ ਬਹੁਤ ਹੋ ਜਾਤੀ ਹੈ। ਇਧਰ ਜੈਸੀ ਫਸਿਲਟੀ ਤੋਂ ਵਹਾਂ ਨਹੀਂ ਮਿਲੇਗੀ। ਪਰਤਨਾ ਅੱਛਾ ਰਹੇਗਾ !"

ਗੱਲ ਸੁਣਨ ਉਪਰੰਤ ਪਤਨੀ ਰਮਣੀਕ ਨੇ ਫੈਸਲਾ ਲੈਣ ਵਿੱਚ ਇੱਕ ਮਿੰਟ ਲਾਇਆ - "ਸ਼ਾਮੀਂ ਵਾਪਸ ਮੁੜੀਏ।

ਸ਼ਾਮੀਂ ਵਾਪਸ ਮੁੜਨ ਦਾ ਨਿਸ਼ਾਨਾ ਲੈ ਕੇ ਅਸੀਂ ਨੁਬਰਾ ਦੇ ਰਾਹ ਪੈ ਗਏ। ਖੁਰਦੰਗਦਲਾ ਤੋਂ ਅੱਗੇ ਰਾਹ ਵਿੱਚ ਨੁਬਰਾ ਵੈਲੀ ਦੇ ਸਭ ਤੋਂ ਪ੍ਰਾਚੀਨ ਦਿਸਕਿਤ ਮੱਠ ਨੇ ਵੀ ਆਉਣਾ ਸੀ। ਸਾਡੇ ਕੋਲ ਸਮਾਂ ਬੜੇ ਸਰਫੇ ਵਾਲਾ ਸੀ। ਖਰਦੁੰਗਲਾ ਤੋਂ ਹੰਡਰ ਪਿੰਡ ਦੀ ਦੂਰੀ ਤਾਂ ਭਾਵੇਂ 50 ਕੁ ਕਿੱਲੋਮੀਟਰ ਦੇ ਕਰੀਬ ਹੀ ਸੀ ਪਰ ਉਚਾਈ ਵਾਲਾ ਪਹਾੜੀ ਰਸਤਾ ਅਤੇ ਤੰਗ ਸੜਕ ਹੋਣ ਕਰਕੇ ਇਥੇ ਪਹੁੰਚਣ ਵਿੱਚ ਘੱਟੋ ਘੱਟ ਦੋ ਘੰਟੇ ਦਾ ਸਮਾਂ ਤਾਂ ਲੱਗਣਾ ਹੀ ਸੀ। ਗੱਡੀ ਖਰਦੁੰਗਲਾ ਤੋਂ ਹੌਲੀ ਹੌਲੀ ਅੱਗੇ ਵੱਧਣੀ ਸ਼ੁਰੂ ਹੋ ਗਈ। ਉਤਰਾਈ ਵਾਲਾ ਸਫ਼ਰ ਸ਼ੁਰੂ ਹੋ ਗਿਆ। ਆਸ-ਪਾਸ ਦੇ ਬਰਫ਼ ਢਕੇ ਪਹਾੜਾਂ ਨੇ ਮਨ ਮੋਹਿਆ ਪਿਆ ਸੀ। ਦਿਲ ਹਰ ਦ੍ਰਿਸ਼ ਨੂੰ ਅੱਖਾਂ ਦੇ ਕੈਮਰੇ ਵਿੱਚ ਕੈਦ ਕਰਨਾ ਲੋਚ ਰਿਹਾ ਸੀ। ਪਰ ਨਾਲ ਨਾਲ ਸਾਡੇ ਮੋਬਾਇਲ ਕੈਮਰੇ ਵੀ ਸਭ ਕੁਝ ਕੈਦ ਕਰੀ ਜਾ ਰਹੇ ਸਨ।

ਚੜ੍ਹਾਈ ਉੱਤਰੇ ਤਾਂ ਸਾਹਮਣੇ ਫੌਜੀ ਗੱਡੀਆਂ ਦਾ ਜਾਮ ਮਿਲ ਗਿਆ। ਅੱਗੇ ਸੜਕ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਸੀ ਜਿਸ ਕਾਰਨ ਟ੍ਰੈਫਿਕ ਰੁਕਿਆ ਪਿਆ ਸੀ। ਤੰਗ ਪਹਾੜੀ ਰਸਤਾ ਹੋਣ ਕਰਕੇ ਇਥੇ ਇਵੇਂ ਹੀ ਕੰਮ ਚੱਲ ਸਕਦਾ ਸੀ। ਦੋਨੋਂ ਕੰਮ ਇਕੱਠੇ ਨਹੀਂ ਸਨ ਹੋ ਸਕਦੇ। ਮਨ ਕਾਹਲਾ ਪੈਣ ਲੱਗ ਪਿਆ। ਪਰ ਸਾਡੇ ਚੰਗੇ ਭਾਗੀ ਜਲਦੀ ਹੀ ਰਾਹ ਖੁੱਲ੍ਹ ਗਿਆ। ਉਚਾਈ ਉੱਤਰਦੇ ਹੀ ਸੜਕ ਦੇ ਨਾਲ ਨਾਲ ਸ਼ਿਓਕ ਨਦੀ ਦਿਸਣੀ ਸ਼ੁਰੂ ਹੋ ਗਈ। ਹੋਰ ਅੱਗੇ ਗਏ ਤਾਂ ਪੈਂਗੋਂਗ ਝੀਲ ਨੂੰ ਨਿਕਲਦਾ ਰਸਤਾ ਦਿਖਿਆ। ਮੈਂ ਹਸਰਤ ਭਰੀਆਂ ਨਜ਼ਰਾਂ ਨਾਲ ਰਸਤੇ ਵੱਲ ਵੇਖਿਆ। ਇਵੇਂ ਜਿਵੇਂ ਇਥੋਂ ਹੀ ਪੈਂਗੋਂਗ ਝੀਲ ਤੱਕ ਲੈਣੀ ਹੋਵੇ। ਅਸਲ ਵਿੱਚ ਇਥੋਂ ਦੀ ਹੀ ਅਸੀਂ ਨੁਬਰਾ ਵੈਲੀ ਵੇਖ ਕੇ ਅਗਲੇ ਦਿਨ ਪੈਂਗੋਂਗ ਝੀਲ ਵੱਲ ਜਾਣਾ ਸੀ ਪਰ ਹੋਟਲ ਮੈਨੇਜਰ ਨੇ ਸਾਨੂੰ ਡਰਾ ਦਿੱਤਾ ਸੀ ,

"ਉਧਰ ਕੀ ਰੋਡ ਬਹੁਰ ਖਰਾਬ ਹੈ। ਪਹਾੜ ਕੇ ਓਪਰ ਸੇ ਘੂੰਮ ਕੇ ਆਨਾ ਪੜ੍ਹੇਗਾ। ਯਹਾਂ ਲੇਹ ਸੇ ਪੈਂਗੋਂਗ ਬੜੀਆ ਰਹੇਗਾ। "

ਅਸੀਂ ਵੀ ਹਿਸਾਬ ਕਿਤਾਬ ਲਾਇਆ। ਗੂਗਲ ਬਾਬੇ ਦੀ ਮਦਦ ਨਾਲ ਪੈਂਗੋਂਗ ਦਾ ਖੁਰਾ ਖੋਜ ਲੱਭਿਆ। ਹੰਡਰ ਪਿੰਡ ਤੋਂ ਪੈਂਗੋਂਗ 233 ਕਿਲੋਮੀਟਰ ਅਤੇ ਲੇਹ ਤੋਂ 225 ਕਿੱਲੋਮੀਟਰ ਦਿਸ ਰਿਹਾ ਸੀ। ਸਾਰੀਆਂ ਮਿਣਤੀਆਂ ਕਰਕੇ ਮੈਂ ਨਤੀਜੇ ਤੇ ਅੱਪੜਿਆ - "ਕੱਲ ਲੇਹ ਤੋਂ ਹੀ ਪੈਗੋਂਗ ਚੱਲਾਂਗੇ ।"

ਹੰਡਰ ਪਿੰਡ ਵੱਲ ਜਾਂਦਿਆਂ ਪੈਂਗੋਂਗ ਲੇਕ ਮੇਰੀਆਂ ਅੱਖਾਂ ਅੱਗੇ ਛਾਈ ਰਹੀ। ਝੀਲ ਦੇ ਨੀਲੇ ਪਾਣੀਆਂ ਦੀ ਨੀਲਗੀ ਗੱਡੀ ਤੱਕ ਤੁਰ ਕੇ ਆ ਗਈ। ਝੀਲ ਬਾਰੇ ਸੋਚਦਿਆਂ 'ਥ੍ਰੀ ਈਡੀਅਟ' ਫਿਲਮ ਦੇ ਇਸ ਝੀਲ ਤੇ ਫਿਲਮਾਏ ਸੀਨ ਜਿਹਨ ਵਿੱਚ ਉੱਭਰਨ ਲੱਗ ਪਏ। ਆਮਿਰ ਖਾਨ ਦੇ ਥਾਂ ਮੈਂ ਖ਼ੁਦ ਨੂੰ ਉਥੇ ਤੁਰਦਾ ਫਿਰਦਾ ਮਹਿਸੂਸ ਰਿਹਾ ਸਾਂ। ਗੱਡੀ ਹੌਲੀ-ਹੌਲੀ ਸਰਕਦੀ ਅੱਗੇ ਵੱਧਦੀ ਜਾ ਰਹੀ ਸੀ। ਸਾਰਾ ਰਾਹ ਸੁੰਞ ਮਸਾਨ ਪਿਆ ਸੀ। ਦਿਸਕਿਤ ਦਾ ਬੋਰਡ ਆਇਆ ਤਾਂ ਕੁਝ ਰੌਣਕ ਨਜ਼ਰ ਆਈ। ਸੜਕ ਦੇ ਖੱਬੇ ਬੰਨੇ ਪਹਾੜੀ ਦੇ ਬਿਲਕੁਲ ਉੱਪਰ ਕਰਕੇ ਬਣਿਆ 'ਦਿਸਕਿਤ ਮੱਠ' ਨਜ਼ਰ ਪਿਆ। ਮੈਂ ਗੱਡੀ ਵਿੱਚ ਪਿੱਛੇ ਤੱਕਦਿਆਂ ਸਭ ਵੱਲ ਨਜ਼ਰ ਦੌੜਾਈ,

"ਵੇਖਣਾ ...?"

"ਪਾਪਾ ! ਸੈਂਡ ਵਾਲੀ ਥਾਂ ਚੱਲੀਏ !" ਬੱਚਿਆਂ ਨੇ ਇੱਕ ਅਵਾਜ਼ ਵਿੱਚ ਫੁਰਤੀ ਨਾਲ ਫੈਸਲਾ ਸੁਣਾਇਆ। ਉਨ੍ਹਾਂ ਨੂੰ ਰੇਤ ਦੇ ਟਿੱਲਿਆ ਤੇ ਗੱਡੀਆਂ ਭਜਾਉਣ ਦੀ ਸੋਚ ਨੇ ਰੋਮਾਂਚਿਤ ਕੀਤਾ ਪਿਆ ਸੀ। ਗੱਡੀ ਅੱਗੇ ਵਧੀ ਤਾਂ ਮੱਠ ਦੇ ਹੇਠਾਂ ਇੱਕ ਪਹਾੜੀ ਤੇ ਬੁੱਧ ਦੀ ਵਿਸ਼ਾਲ ਮੂਰਤੀ ਨਜ਼ਰ ਪਈ। 108 ਫੁੱਟ ਉੱਚੀ ਇਹ ਮੂਰਤੀ ਇਥੇ ਆਉਂਣ ਵਾਲੇ ਯਾਤਰੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਦੀ ਹੈ। ਅਸੀਂ ਦੂਰੋਂ ਹੀ ਇਸਦੇ ਦਰਸ਼ਨ ਕਰਕੇ ਅੱਗੇ ਵੱਧ ਗਏ। ਸਭ ਨੂੰ ਭੁੱਖ ਚਮਕ ਆਈ ਸੀ। ਸੁੰਨੇ ਜਿਹੇ ਰਾਹ ਵਿੱਚ ਨੁਬਰਾ ਵੈਲੀ ਰੈਸਟੋਰੈਂਟ ਨਜ਼ਰ ਆਇਆ। ਰੁਕੇ ਹੀ ਸਾਂ ਕਿ ਬਾਈਕ ਸਵਾਰਾਂ ਦੀ ਇੱਕ ਟੋਲੀ ਵੀ ਸਾਡੇ ਮਗਰੇ ਉਥੇ ਆ ਰੁਕੀ। ਉਨ੍ਹਾਂ ਦੇ ਬਾਈਕਾਂ ਅਤੇ ਵੱਖਰੇ ਨਜ਼ਰ ਆਉਂਦੇ ਚਿਹਰਿਆਂ ਨੇ ਮੇਰਾ ਤੁਰੰਤ ਧਿਆਨ ਖਿੱਚ ਲਿਆ। ਖਾਣੇ ਦਾ ਆਰਡਰ ਦੇ ਮੈਂ ਉਨ੍ਹਾਂ ਨਾਲ ਜਾਣ ਪਛਾਣ ਕਰਨ ਲੱਗ ਪਿਆ। ਸਾਰੀ ਮਿੱਤਰਾਂ ਦੀ ਟੋਲੀ ਮੇਘਾਲਿਆ ਤੋਂ ਸੀ। ਬਾਈਕਾਂ ਉੱਪਰ ਇੱਕ ਮਹੀਨੇ ਦੇ ਟੂਰ ਤੇ ਨਿੱਕਲੇ ਹੋਏ ਸਨ। ਇੱਕ ਨੂੰ ਛੱਡ ਸਭ ਵਿਆਹੇ ਹੋਏ। ਚੰਗੀ ਡੀਲ ਡੌਲ ਵਾਲੇ। ਮੈਂ ਹੱਸਿਆ - " ਲੱਕੀ ਹੈਂ ਆਪ ! ਇਤਨੇ

ਲੰਬੇ ਟੂਰ ਪਰ, ਵੋਹ ਭੀ ਅਕੇਲੇ ...!"

ਸਾਡੇ ਵੱਲ ਵੇਖਦਿਆਂ ਉਹ ਵੀ ਹੱਸਣ ਲੱਗ ਪਏ। ਮੇਰੇ ਨਾਲ ਜਲਦੀ ਹੀ ਖੁੱਲ੍ਹ ਗਏ। ਬੜੀ ਖੁਸ਼ੀ-ਖੁਸ਼ੀ ਉਨ੍ਹਾਂ ਸਾਡੇ ਨਾਲ ਫੋਟੋ ਕਰਵਾਈਆਂ। ਉਨ੍ਹਾਂ ਦੇ ਅਗਲੇ ਘੁੰਮਣ ਪ੍ਰੋਗਰਾਮ ਬਾਰੇ ਪੁੱਛਦਿਆਂ ਮੇਰੀ ਦਿਲਚਸਪੀ ਇਹ ਜਾਣਨ ਵਿੱਚ ਸੀ ਕਿ ਉਹ ਪੰਜਾਬ ਵਿੱਚ ਕਿੱਥੇ-ਕਿੱਥੇ ਜਾ ਰਹੇ ਸਨ। ਪਰ ਉਹ ਤਾਂ ਸ੍ਰੀਨਗਰ ਤੋਂ ਪਠਾਨਕੋਟ ਜਾਂਦਿਆਂ ਸਿੱਧੇ ਦਿੱਲੀ ਦਾ ਪ੍ਰੋਗਰਾਮ ਬਣਾਈ ਬੈਠੇ ਸਨ। ਮੈਂ ਦੱਸਣੋਂ ਰਹਿ ਨਾ ਸਕਿਆ - " ਤੁਹਾਨੂੰ ਅੰਮ੍ਰਿਤਸਰ ਵੀ ਆਪਣੇ ਰੂਟ ਵਿੱਚ ਸ਼ਾਮਲ ਕਰਨਾ ਚਾਹੀਦਾ ...ਗੋਲਡਨ ਟੈਂਪਲ, ਵਾਹਗਾ ਬਾਰਡਰ ਵੇਖੇ ਬਿਨਾਂ ਨਾ ਜਾਣਾ !"

ਜਵਾਬ ਵਿੱਚ ਉਨ੍ਹਾਂ ਆਪਣੇ ਗਰੁੱਪ ਦੇ ਆਗੂ ਵੱਲ ਵੇਖਿਆ। ਉਸਨੇ ਰਸਮੀ ਹੂੰ ਹਾਂ ਕੀਤੀ। ਆਪਣੇ ਟੇਬਲ ਵੱਲ ਤੁਰਨ ਲੱਗਿਆ ਮੈਂ ਫਿਰ ਵੀ ਕਹਿਣੋ ਰੁਕ ਨਾ ਸਕਿਆ, "ਡੌਂਟ ਮਿੱਸ ਇੱਟ ... ਇੱਟ ਵਿੱਲ ਬੀ ਏ ਲਾਈਫ਼ ਟਾਈਮ ਐਕਸਪੀਰੀਅਸ !" ਉਨ੍ਹਾਂ ਸਹਿੰਦਾ-ਸਹਿੰਦਾ ਸਿਰ ਹਿਲਾਇਆ।

ਖਾਣਾ ਖਾ ਕੇ ਅਸੀਂ ਆਪਣੀ ਮੰਜ਼ਿਲ ਵੱਲ ਤੁਰ ਪਏ। ਮੰਜ਼ਿਲ ਕਿਹੜਾ ਦੂਰ ਸੀ। ਪਹਾੜਾਂ ਵਿੱਚ ਘਿਰੀ ਖੁੱਲ੍ਹੀ ਵਾਦੀ ਵਿੱਚ ਚਿੱਟੀ ਰੇਤ ਦੇ ਛੋਟੇ-ਛੋਟੇ ਟਿੱਲੇ ਦੂਰੋਂ ਹੀ ਨਜ਼ਰ ਪੈਣ ਲੱਗ ਪਏ। ਜਿਵੇਂ-ਜਿਵੇਂ ਕੋਲ-ਕੋਲ ਪਹੁੰਚ ਰਹੇ ਸਾਂ ਟਿੱਲਿਆਂ ਦੀ ਚਮਕ ਹੋਰ ਵੀ ਵੱਧਣੀ ਸ਼ੁਰੂ ਹੋ ਗਈ । ਪਰ ਉਹ ਚੀਜ਼ ਅਜੇ ਨਜ਼ਰ ਨਹੀਂ ਸੀ ਪਈ ਜਿਸ ਨੇ ਇਸ ਥਾਂ ਨੂੰ ਸਾਡੇ ਲਈ ਹੋਰ ਵੀ ਖਿੱਚ ਭਰਪੂਰ ਬਣਾਇਆ ਹੋਇਆ ਸੀ। ਸਾਡੀਆਂ ਅੱਖਾਂ ਲਗਾਤਾਰ ਉਨ੍ਹਾਂ ਨੂੰ ਲੱਭ ਰਹੀਆਂ ਸਨ। ਰਮਣੀਕ ਨੂੰ ਕੁਝ ਨਜ਼ਰ ਆਇਆ ਤਾਂ ਉਹ ਜੋਸ਼ ਵਿੱਚ ਬੋਲੀ, " ਔਹ ਵੇਖੋ ! ਡਬਲ ਹੰਪ ਵਾਲਾ ਊਠ ! "

"ਇਹ ਤਾਂ ਛੋਟਾ ਜਿਹਾ, ਜਮਾਂ ਗਧੇ ਵਰਗਾ !" ਮੈਂ ਹੱਸਿਆ।

"ਇਥੇ ਬੰਜ਼ਰ ਪਹਾੜਾਂ 'ਚ ਵਿਚਾਰੇ ਨੂੰ ਖਾਣ ਨੂੰ ਕੁਝ ਮਿਲਦਾ ਨਹੀਂ ਹੋਣਾ, ਇਸੇ ਲਈ ਰਹਿ ਗਿਆ ਨਿੱਕਚਾ ਜਿਹਾ ਵਿਚਾਰਾ ! " ਮੈਂ ਗੱਲ ਹਾਸੇ ਪਾਈ।

ਪਰ ਬੱਚਿਆਂ ਨੂੰ ਊਠ ਦੀ ਬਜਾਇ ਰੇਤ ਉਪੱਰ 'ਕੁਐਡ ਬਾਈਕਿੰਗ' ਵਿੱਚ ਜਿਆਦਾ ਦਿਲਚਸਪੀ ਸੀ। ਜੀਪ ਅਤੇ ਬਾਈਕ ਦੇ ਸੁਮੇਲ ਵਾਲੀ ਸਾਹਮਣੇ ਖੜ੍ਹੀ ਗੱਡੀ ਉਨ੍ਹਾਂ ਨੂੰ ਆਪਣੇ ਵੱਲ ਖਿੱਚੀ ਤੁਰੀ ਜਾ ਰਹੀ ਸੀ। ਉਹ ਰੇਤ ਦੇ ਟਿੱਲਿਆਂ ਉੱਪਰ ਇਸ ਦੋ ਸੀਟਾਂ ਵਾਲੀ ਨਿੱਕਚੂ ਜਿਹੀ ਜੀਪੜੀ ਦੇ ਪਟਾਕੇ ਕਢਾਉਣਾ ਚਾਹੁੰਦੇ ਸਨ। ਫਿਲਮੀ ਨਾਇਕ/ਨਾਇਕਾ ਵਾਂਗ ਰੇਤ ਨੂੰ ਚੀਰ ਕੇ ਅੱਗੇ ਲੰਘਣ ਲਈ ਉਤਸਕ ਸਨ। ਮੈਂ ਉਨ੍ਹਾਂ ਲਈ ਟਿਕਟਾਂ ਲਈਆਂ। ਉਹ ਵਿਹਦਿਆਂ-ਵਿਹਦਿਆਂ ਹੀ ਗੜਗੜਾਹਟ ਪਾਉਂਦੀ ਜੀਪੜੀ ਪਿੱਛੇ ਚਿੱਟੀ ਧੂੜ ਉਡਾਉਂਦੇ ਪਲਾਂ ਵਿਚ ਹੀ ਰੇਤ ਦੇ ਟਿੱਲਿਆਂ ਪਿੱਛੇ ਜਾ ਛੁਪੇ। ਹੁਣ ਇਸ ਤਰਫ਼ ਹੇਠਾਂ ਉੱਡ ਰਹੀ ਰੇਤ ਅਤੇ ਉੱਪਰ ਫੈਲਿਆ ਸਾਫ਼ ਨੀਲਾ ਅਕਾਸ਼ ਹੀ ਨਜ਼ਰ ਪੈ ਰਿਹਾ ਸੀ। ਕੁਝ ਦੇਰ ਇਹ ਨਜ਼ਾਰਾ ਤੱਕਣ ਬਾਅਦ ਅਸੀਂ ਦੋਨੋਂ ਤੁਰ ਕੇ ਦੂਜੇ ਪਾਸੇ ਆ ਗਏ।

ਸਾਹਮਣੇ ਜਿੱਥੋਂ ਤੱਕ ਨਜ਼ਰ ਪਹੁੰਚਦੀ ਸੀ ਚਿੱਟੀ ਰੇਤ ਦਾ ਰੇਗਿਸਤਾਨ ਵਿਛਿਆ ਪਿਆ ਸੀ। ਰੇਤ ਪਿੱਛੇ ਬਰਫ਼ ਢਕੇ ਪਹਾੜ ਅਤੇ ਉੱਪਰ ਨਜ਼ਰ ਆਉਂਦਾ ਸਾਫ਼ ਚਿੱਟਾ ਨੀਲਾ ਅਕਾਸ਼। ਸਭ ਕੁਝ ਮਨ ਨੂੰ ਮੋਹਿਤ ਕਰ ਦੇਣ ਵਾਲਾ। ਸਾਡੇ ਕਦਮ ਇੱਕਾ-ਇੱਕ ਰੇਤ ਤੇ ਵਧਣੇ ਸ਼ੁਰੂ ਹੋ ਗਏ। ਭਾਰਤ ਵਿੱਚ ਏਨਾ ਸਾਫ਼ ਆਲਾ ਦੁਆਲਾ ਦੁਰਲੱਭ ਜਿਹੀ ਗੱਲ ਜਾਪਦੀ ਹੈ। ਜਾਪਿਆ, ਬੋਧੀ ਲਾਮਿਆ ਨੇ ਆਪਣੇ ਮਨ ਨੂੰ ਸੂਤਰ-ਬੱਧ ਕਰਨ ਲਈ ਐਵੇਂ ਨਹੀਂ ਇਸ ਧਰਤੀ ਨੂੰ ਚੁਣਿਆ ਹੋਵੇਗਾ। ਐਨੀਂ ਸ਼ਾਂਤ ਅਤੇ ਨਿਰਛੋਹ ਕੁੰਜ- ਕੁਆਰੀ ਧਰਤੀ ਦਾ ਟੁਕੜਾ ਹੋਰ ਕਿੱਥੇ ਮਿਲ ਸਕਦਾ ਹੋਵੇਗਾ ?

ਕੱਕੀ ਰੇਤ ਦੇ ਟਿੱਲਿਆਂ ਨੂੰ ਤਾਂ ਜੈਸਲਮੇਰ ਵਿੱਚ ਘੁੰਮਦਿਆਂ ਹੋਇਆਂ ਵੇਖਿਆ ਸੀ ਅਤੇ ਇਸੇ ਰੰਗ ਦੇ ਟਿੱਲੇ ਮੇਰੇ ਮਨ ਮਸਤਕ ਵਿੱਚ ਪੱਕੇ ਉੱਕਰੇ ਹੋਏ ਸਨ। ਪਰ ਨੁਬਰਾ ਦੀ ਤਾਂ ਗੱਲ ਹੀ ਹੋਰ ਸੀ। ਚਿੱਟੀ ਰੇਤ ਦੇ ਟਿੱਲਿਆਂ ਨੂੰ ਵੇਖਣ ਦਾ ਇਹ ਅਜਬ-ਅਨੂਠਾ ਅਨੁਭਵ ਸੀ। ਸਭ ਕੁਝ ਇਥੋਂ ਦੇ ਪਹਾੜਾਂ ਅਤੇ ਉਨ੍ਹਾਂ ਵਿੱਚ ਵਹਿੰਦੇ ਸ਼ਿਓਕ ਦਰਿਆ ਦਾ ਸਦੀਆਂ ਵਿੱਚ ਕੀਤਾ ਹੋਇਆ ਕੁਦਰਤੀ ਕ੍ਰਿਸ਼ਮਾ। ਅਸੀਂ ਇਸ ਕ੍ਰਿਸ਼ਮੇ ਨੂੰ ਵੇਖ ਮਾਣ ਰਹੇ ਸਾਂ। ਰਮਣੀਕ ਇਥੋਂ ਦੇ ਦੂਜੇ ਕ੍ਰਿਸ਼ਮੇ ਬਾਬਤ ਦੱਸਣ ਲੱਗ ਪਈ -

"ਡਬਲ ਹੰਪ ਕੈਮਲ ਸਿਰਫ਼ ਇਥੇ ਹੀ ਮਿਲਦੇ ਨੇ।"

ਉਸਦੀ ਗੱਲ ਸੱਚ ਸੀ। ਇੱਕ ਕੂਬੜ ਵਾਲੇ ਊਠ ਤਾਂ ਬਹੁਤ ਵੇਖੇ ਸਨ ਪਰ ਇਹ ਦੋ ਕੂਬੜਾਂ ਵਾਲੇ ਊਠ ਵੇਖਣ ਦਾ ਸਾਡਾ ਪਹਿਲਾ ਅਨੁਭਵ ਸੀ। ਬੈਕਟਰੀਅਨ ਨਸਲ ਦੇ ਇਨਾਂ ਊਠਾਂ ਬਾਰੇ ਦੱਸਦੇ ਹਨ ਕਿ ਬਹੁਤ ਪੁਰਾਣੇ ਸਮਿਆਂ ਵਿੱਚ ਕਿਸੇ ਵੇਲੇ ਇਨ੍ਹਾਂ ਦੇ ਵੱਡ ਵਡੇਰਿਆਂ ਨੂੰ ਸਿਲਕ ਰੂਟ ਰਾਹੀਂ ਮੰਗੋਲੀਆ ਤੋਂ ਵਪਾਰ ਲਈ ਲਿਆਂਦਾ ਗਿਆ ਸੀ। ਇਹੋ ਜਿਹੋ ਉਚਾਈ, ਖੁਸ਼ਕੀ ਅਤੇ ਠੰਢ ਵਾਲੇ ਇਲਾਕੇ ਦੀ ਮਾਰ ਇਸ ਨਸਲ ਦੇ ਊਠ ਹੀ ਝੱਲ ਸਕਦੇ ਸਨ। ਕੁਦਰਤ ਨੇ ਇਸ ਖਿੱਤੇ ਵਿੱਚ ਇਨ੍ਹਾਂ ਨੂੰ ਜਿਉਂਦੇ ਰੱਖਣ ਲਈ ਇਨ੍ਹਾਂ ਨੂੰ ਇੱਕ ਕੂਬੜ ਦੀ ਬਜਾਇ ਦੋ ਕੂਬੜਾਂ ਨਾਲ ਨਿਵਾਜ਼ ਦਿੱਤਾ ਸੀ।

"ਕਮਾਲ ਹੈ ਕੁਦਰਤ ... ਚੁੱਪ ਚਪੀਤੇ ਆਪਣੇ ਕ੍ਰਿਸ਼ਮੇ ਕਰਦੀ ਰਹਿੰਦੀ ਹੈ !" ਨੁਬਰਾ ਵੈਲੀ ਦੇ ਊਠਾਂ ਬਾਰੇ ਸੋਚਦਿਆਂ ਮੇਰਾ ਮਨ ਕੁਦਰਤ ਦੇ ਸਦਕੇ-ਸਦਕੇ ਜਾ ਰਿਹਾ ਸੀ। ਕੁਦਰਤ ਦੇ ਨਜਾਰੇ ਤੱਕਦੇ ਅਸੀਂ ਰੇਤ ਉੱਪਰ ਵਾਹਵਾ ਅੱਗੇ ਲੰਘ ਆਏ ਸਾਂ। ਵਾਪਸ ਮੁੜੇ ਤਾਂ ਊਠਾਂ ਦਾ ਵੱਡਾ ਸਾਰਾ ਝੁੰਡ ਸਾਡੇ ਵੱਲ ਆਉਂਦਾ ਦਿਸਿਆ। ਇਹ ਤਾਂ ਅਕਾਰ ਵਿੱਚ ਆਮ ਊਠਾਂ ਵਰਗੇ ਹੀ ਸਨ। ਅੰਤਰ ਸੀ ਤਾਂ ਇਨ੍ਹਾਂ ਦੀ ਪਿੱਠ ਤੇ ਇੱਕ ਦੀ ਬਜਾਇ ਉੱਭਰੇ ਦੋ ਕੂਬੜਾਂ ਦਾ। ਅਸਲ ਵਿੱਚ

ਪਹਿਲਾਂ ਅਸੀਂ ਇਨ੍ਹਾਂ ਦੇ ਬੱਚੇ ਤੱਕ ਕੇ ਇਨ੍ਹਾਂ ਦੇ ਛੋਟੇ ਅਕਾਰ ਦੇ ਹੋਣ ਬਾਰੇ ਰਾਏ ਬਣਾ ਲਈ ਸੀ। ਊਠਾਂ ਕੋਲ ਪਹੁੰਚ ਕੇ ਮੈਂ ਫਲਸਫੀ ਹੋਣ ਲੱਗ ਪਿਆ – " ਬੰਦੇ ਨੂੰ ਅੱਧ-ਪਚੱਧ ਸੱਚ ਵੇਖ ਕੇ ਐਵੇਂ ਨ੍ਹੀਂ ਆਪਣੀ ਰਾਏ ਬਣਾ ਲੈਣੀ ਚਾਹੀਦੀ, ਗੱਲ ਦੀ ਤਹਿ ਤੱਕ ਜਾਣਾ ਚਾਹੀਦਾ।"

ਪਰ ਇਹ ਫਲਸਫੀ ਹੋਣ ਦਾ ਨਹੀਂ ਸਗੋਂ ਕੁਦਰਤ ਦੇ ਨਜ਼ਾਰੇ ਤੱਕਣ ਦਾ ਸਮਾਂ ਸੀ। ਅਸੀਂ ਊਠਾਂ ਦੇ ਝੁੰਡ ਵੱਲ ਤੱਕਣ ਲੱਗ ਪਏ। ਉਹ ਅਰਾਮ ਨਾਲ ਆਣ ਕੇ ਆਪਣੀ ਮੁਕੱਰਰ ਜਗ੍ਹਾ ਤੇ ਬੈਠ ਗਏ। ਇਨ੍ਹਾਂ ਦੀਆਂ ਪਿੱਠਾਂ ਨੂੰ ਰੰਗਲੀਆਂ ਛੱਟਾਂ ਨਾਲ ਸਜਾਇਆ -ਫਬਾਇਆ ਜਾ ਰਿਹਾ ਸੀ। ਇਨ੍ਹਾਂ ਰੰਗਲੀਆਂ ਛੱਟਾਂ ਤੇ ਬੈਠ ਕੇ ਇਥੇ ਆਏ ਯਾਤਰੂਆਂ ਨੇ ਆਪਣੀ ਯਾਤਰਾ ਨੂੰ ਰੰਗਲਾ ਅਤੇ ਯਾਦਗਾਰੀ ਬਣਾਉਣਾ ਸੀ। ਇਨ੍ਹਾਂ ਰੰਗੀਨੀਆਂ ਨਾਲ ਹੀ ਇਨ੍ਹਾਂ ਅਦਭੁੱਤ ਊਠਾਂ ਅਤੇ ਇਨ੍ਹਾਂ ਦੇ ਮਾਲਕਾਂ ਦੀ ਸ਼ਾਮ ਰੰਗਲੀ ਬਣਨੀ ਸੀ।

ਬੇਟੀ ਨੂਰ ਅਤੇ ਬੇਟਾ ਸ਼ੁਭ ਵੀ ਸਾਡੇ ਨਾਲ ਆਣ ਰਲੇ। ਰੇਤ ਤੇ ਫੁੱਲ ਸਪੀਡ ਨਾਲ ਭਜਾਈਆਂ ਜੀਪੜੀਆਂ ਦਾ ਰੋਮਾਂਚ ਉਨ੍ਹਾਂ ਦੇ ਚਿਹਰਿਆਂ ਤੇ ਖੇਡਾਂ ਕਰ ਰਿਹਾ ਸੀ। ਉਨ੍ਹਾਂ ਨੂੰ ਖੁਸ਼ ਵੇਖ ਕੇ ਸਾਨੂੰ ਲੱਗਾ ਕਿ ਉਨ੍ਹਾਂ ਦੇ ਕੈਨੇਡਾ ਤੋਂ ਆਉਣ ਦਾ ਕੁਝ ਮੁੱਲ ਚੁਕਤਾ ਹੋ ਗਿਆ ਸੀ। ਉਹ ਖੁਸ਼ ਸਨ ਅਤੇ ਉਨ੍ਹਾਂ ਨੂੰ ਵੇਖ ਕੇ ਅਸੀਂ ਵੀ ਖਿੜੇ ਪਏ ਸਾਂ। ਊਠਾਂ ਦੀ ਸਵਾਰੀ ਲਈ ਅਜੇ ਟਿਕਟਾਂ ਨਹੀਂ ਸਨ ਖੁੱਲ੍ਹੀਆਂ। ਅਸੀਂ ਰੇਤ ਤੇ ਖੁੱਲ੍ਹੇ ਅਸਮਾਨ ਹੇਠ ਸ਼ਾਂਤ ਬੈਠੇ ਊਠਾਂ ਕੋਲ ਆ ਗਏ। ਇਸ ਵੇਲੇ ਨੁਬਰਾ ਵੈਲੀ ਦੇ ਸਭ ਤੋਂ ਵੱਡੇ ਸਟਾਰ ਇਹ ਊਠ ਹੀ ਸਨ। ਸਭ ਉਨ੍ਹਾਂ ਨਾਲ ਫੋਟੋਆਂ ਕਰਵਾਉਣ ਲਈ ਵਿੰਗੇ ਟੇਢੇ ਹੋ ਰਹੇ ਸਨ। ਪਰ ਉਹ ਆਪਣੀ ਮਸਤੀ ਵਿੱਚ ਜੰਗਾਲੀ ਕਰੀ ਜਾ ਰਹੇ ਸਨ। ਉਨ੍ਹਾਂ ਨੂੰ ਪੋਜ ਦੇਣ ਦੀ ਕੋਈ ਜ਼ਰੂਰਤ ਨਹੀਂ ਸੀ। ਜਿਨ੍ਹਾਂ ਫੋਟੋਆਂ ਲੈਣੀਆਂ ਸਨ ਉਹ ਉਨ੍ਹਾਂ ਦੀ ਸਹੂਲਤ ਮੁਤਾਬਿਕ ਆਪਣੇ ਪੋਜ ਬਣਾ ਰਹੇ ਸਨ। ਦੂਰ ਪੱਛਮ ਵਿੱਚ ਸੂਰਜ ਹੇਠਾਂ ਨੂੰ ਸਰਕਣਾ ਸ਼ੁਰੂ ਹੋਇਆ ਪਿਆ ਸੀ। ਘੜੀ ਦੀਆਂ ਸੂਈਆਂ ਦੀ ਟਿੱਕ ਟਿੱਕ ਦਿਲ ਵਿਚ ਵੱਜਣੀ ਸ਼ੁਰੂ ਹੋ ਗਈ। ਅਸਾਂ ਤਾਂ ਵਾਪਸ ਲੇਹ ਵੀ ਪਹੁੰਚਣਾ ਸੀ। ਰਾਹ ਵਿੱਚ ਖਰਦੂੰਗਲਾ ਨੂੰ ਵੀ ਮੁੜ ਸਰ ਕਰਨਾ ਸੀ।

"ਚਲੋ ਬਈ ਚਲੋ... ਲੇਟ ਨਾ ਹੋ ਜਾਈਏ !" ਰੇਤ ਤੇ ਖੇਡਾਂ ਕਰਦੇ ਮਸਤੀ ਵਿੱਚ ਡੁੱਬੇ ਬੱਚਿਆਂ ਨੂੰ ਮੈਂ ਤੋਰਨ ਦੇ ਇਰਾਦੇ ਨਾਲ ਕਿਹਾ।


ਗੱਡੀ ਲੇਹ ਵੱਲ ਤੁਰ ਪਈ। ਨੁਬਰਾ ਦੇ ਬਰਫ਼ ਢਕੇ ਪਹਾੜਾ ਵਿੱਚ ਪੱਸਰੀ ਚਿੱਟੀ ਰੇਤ ਤੇ ਧੜਕਦੀ ਜਿੰਦਗੀ ਦਾ ਦ੍ਰਿਸ਼ ਮੇਰੇ ਅੰਦਰ ਖੁਭਣਾ ਸ਼ੁਰੂ ਹੋਇਆ ਪਿਆ ਸੀ। ਖਰਦੂੰਗਲਾ ਤੱਕ ਪਹੁੰਚਦਿਆਂ-ਪਹੁੰਚਦਿਆਂ ਹਨ੍ਹੇਰਾ ਉੱਤਰ ਆਇਆ। ਇਹ ਥਾਂ ਹੁਣ ਬਿਲਕੁਲ ਸ਼ਾਂਤ ਅਤੇ ਸੁੰਨ-ਮਸਾਨ ਸੀ। ਇਸ ਸੁੰਨ-ਮਸਾਨ ਨੂੰ ਹੋ ਰਹੀ ਬਰਫਬਾਰੀ ਹੋਰ ਸੰਘਣਾ ਬਣਾਈ ਜਾ ਰਹੀ ਸੀ। ਖਰਦੂੰਗਲਾ ਦੀ ਟੀਸੀ ਤੇ ਪਹੁੰਚਦਿਆਂ ਮੈਂ ਮਾਣ ਨਾਲ ਭਰਕੇ ਕਿਹਾ,


"ਜਿਸ ਖਰਦੂੰਗਲਾ ਨੂੰ ਇੱਕ ਵਾਰ ਲੰਘਦਿਆਂ ਲੋਕ ਡਰ ਜਾਂਦੇ ਨੇ ਆਪਾਂ ਦਿਨ 'ਚ ਦੋ ਵਾਰ ਸਰ ਕਰ ਲਿਆ।"


ਗੱਲ ਸੁਣ ਸਭ ਸਾਥੀ ਚਹਿਕ ਪਏ। ਖਰਦੂੰਗਲਾ ਲੰਘਦਿਆਂ ਅਸੀਂ ਜੇਤੂ ਅਹਿਸਾਸ ਨਾਲ ਭਰੇ ਹੋਏ ਸਾਂ। ਨੌਰਥ ਪੁਆਇੰਟ ਤੇ ਜਿੱਥੇ ਸਵੇਰੇ ਨਾਸ਼ਤਾ ਕੀਤਾ ਸੀ ਉਥੇ ਵੀ ਬਿਲਕੁਲ ਚੁੱਪ-ਚਾਨ ਸੀ। ਬਾਹਰ ਸ਼ੀਤ ਸੀ ਪਰ ਸਾਡੇ ਅੰਦਰ ਜੇਤੂਆਂ ਵਾਲੀ ਗਰਮਾਹਟ ਨਾਲ ਭਰੇ ਹੋਏ ਸਨ। ਮੇਰੀ ਸੋਚ ਵਾਲੀ ਅੱਖ ਨੂੰ ਹੁਣ ਸਿਰਫ਼ ਲੇਹ ਦਿਸ ਰਿਹਾ ਸੀ। ਰਾਤ ਲੱਗਭੱਗ ਅੱਠ ਵੱਜਦੇ ਨੂੰ ਲੇਹ ਦੇ ਦੂਰ ਤੋਂ ਦਰਸ਼-ਦੀਦਾਰ ਹੋ ਗਏ। ਉੱਚੀ ਪਹਾੜੀ ਤੋਂ ਹੇਠਾਂ ਤੱਕਦਿਆਂ ਲੇਹ ਵਿੱਚ ਰੌਸ਼ਨੀਆਂ ਦੇ ਬਲਬ ਦੀਵਿਆਂ ਵਾਂਗ ਜਗਦੇ ਨਜ਼ਰ ਪਏ। ਇੰਝ ਜਾਪਿਆ ਜਿਵੇਂ ਲੇਹ, ਸਾਡੇ ਸਵਾਗਤ ਵਿੱਚ ਅੱਖਾਂ ਵਿਛਾਈ, ਦੀਪਮਾਲਾ ਕਰੀ ਬੈਠਾ ਹੋਵੇ।

**98885-21960**



## ਕਵਿਤਾਵਾਂ / ਸਰਬਜੀਤ ਕੌਰ ਜੱਸ

### ਗੁਰਮੁਖੀ ਦਾ ਕਰਿਸ਼ਮਾ
**(ਨਾ ਮੈਂ ਮੇਲਣੇ ਪੜ੍ਹੀ ਗੁਰਮੁਖੀ)**

ਮਾਂ ਨੇ ਗੁਰਮੁਖੀ ਨਹੀਂ ਸੀ ਪੜ੍ਹੀ
ਇਸੇ ਲਈ ਜੋੜਦੀ ਸੀ
ਮੋਟੇ 'ਨ੍ਹੇਰੇ ਦੀ ਬੁੱਕਲ 'ਚ ਬੈਠ ਕੇ
ਬੇਨਾਮ ਬੋਲੀਆਂ
ਜੋ ਵਕਤ ਨੇ
ਲੋਕਾਂ ਦੇ ਖਾਤੇ 'ਚ ਪਾ ਦਿੱਤੀਆਂ
ਤੇ ਬਣਾ ਦਿੱਤੀਆਂ
ਲੋਕ ਬੋਲੀਆਂ
ਮੈਂ ਪੜ੍ਹੀ ਹੈ ਗੁਰਮੁਖੀ
ਲਿਖਦੀ ਹਾਂ
ਚਾਨਣ ਦੇ ਵੇਹੜੇ 'ਚ ਬੈਠ ਕੇ
ਚਮਕਦੀਆਂ ਧੁੱਪਾਂ ਵਰਗੀਆਂ
ਬੇਖ਼ੌਫ਼ ਕਵਿਤਾਵਾਂ
ਖ਼ੁਦ ਦੇ ਸਿਰਨਾਵੇਂ ਹੇਠਾਂ
ਤੇ ਕਰਦੀ ਹਾਂ
ਆਪਣੇ ਸ਼ਬਦਾਂ ਦੀ
ਆਪਣੇ ਹੀ ਨਾਂ ਵਸੀਅਤ

ਇਹ ਮੇਰਾ ਨਹੀਂ
ਕਰਿਸ਼ਮਾ ਹੈ ਗੁਰਮੁਖੀ ਦਾ।

### ਬੁੱਢੀ ਸੋਚ ਵਾਲੀਆਂ ਜਵਾਨ ਔਰਤਾਂ

ਬੁੱਢੀ ਸੋਚ ਵਾਲੀਆਂ ਜਵਾਨ ਔਰਤਾਂ
ਇਸਤਰੀ ਕੀਤੇ ਕੱਪੜੇ ਪਾਉਂਦੀਆਂ
ਪਰ ਮਨਾਂ 'ਤੇ
ਦੁਨੀਆ ਭਰ ਦੀਆਂ ਸਿਲਵਟਾਂ
ਹੰਢਾਉਂਦੀਆਂ

ਬੁੱਲ੍ਹਾਂ 'ਤੇ ਸੁਰਖੀ ਲਾਉਂਦੀਆਂ
ਪਰ ਸੁਰਖ਼ ਬੋਲਾਂ ਤੋਂ ਬਹੁਤ
ਤਰਹਿੰਦੀਆਂ
ਉਹ ਮੋਟੀਆਂ ਨਸ਼ੀਲੀਆਂ ਅੱਖਾਂ 'ਚ
ਕੱਜਲ ਪਾਉਣਾ ਜਾਣਦੀਆਂ
ਪਰ ਚੇਤਨਾ ਦੀ ਲੋਅ
ਮਟਕਾਉਣਾ ਨਹੀਂ ਜਾਣਦੀਆਂ
ਉਹ ਜਗਮਗ-ਜਗਮਗ ਕਰਦੇ
ਟਿੱਕਿਆਂ ਨਾਲ ਢੱਕ ਲੈਂਦੀਆਂ
ਆਪਣੇ ਬੁਝੇ ਹੋਏ ਮੱਥੇ
ਬੇਹੀਆਂ ਰੀਤਾਂ ਨੂੰ
ਆਧੁਨਿਕਤਾ ਦੇ ਪੋਣੇ 'ਚ
ਲਪੇਟ ਕੇ ਰੱਖ ਲੈਂਦੀਆਂ
ਤੇ ਫਿਰ ਭੋਰਾ-ਭੋਰਾ
ਖਾਂਦੀਆਂ ਰਹਿੰਦੀਆਂ
ਉਮਰ ਦੇ ਤਿੰਨੇ ਪਹਿਰ

ਬਹੁਤ ਭੋਲੀਆਂ ਹੁੰਦੀਆਂ
ਬੁੱਢੀ ਸੋਚ ਵਾਲੀਆਂ ਜਵਾਨ ਔਰਤਾਂ
ਉਹ ਪੌੜੀਆਂ ਚੜ੍ਹਨਾ ਤਾਂ ਜਾਣਦੀਆਂ
ਪਰ ਉਤਰਨਾ ਨਹੀਂ ਜਾਣਦੀਆਂ
ਸਫਲਤਾ ਦੀ ਟੀਸੀ 'ਤੇ ਪਹੁੰਚ
ਧੜੰਮ ਡਿੱਗ ਪੈਂਦੀਆਂ
ਤੇ ਟੁੱਟੀ ਬੋਹਣੀ 'ਚੋਂ
ਡਿੱਗੀ ਭਾਣ ਤਰ੍ਹਾਂ ਬਿਖਰ ਜਾਂਦੇ
ਉਹਨਾਂ ਦੇ ਸਤਰੰਗੇ ਸੁਪਨੇ
ਸਸਤੀ ਸ਼ੋਹਰਤ ਨੂੰ
ਮਹਿੰਗੇ ਭਾਅ ਖਰੀਦ ਲੈਂਦੀਆਂ
ਤੇ ਫਿਰ ਬਣ ਜਾਂਦੀਆਂ
ਕਿਸੇ ਪੰਸਾਰੀ ਦੀ ਹੱਟ ਦਾ
ਪੰਜਾਹ-ਸੱਠ
ਜਾਂ ਪੈਂਹਠ ਕਿੱਲੋ ਦਾ ਵੱਟਾ

ਬੁੱਢੀ ਸੋਚ ਵਾਲੀਆਂ
ਜਵਾਨ ਔਰਤਾਂ
ਉਹ ਮੱਛੀਆਂ ਹੁੰਦੀਆਂ
ਜੋ ਚਿੰਤਾ ਦੇ ਤਲਾਅ 'ਚ
ਤਾਂ ਤਰ ਲੈਂਦੀਆਂ
ਪਰ ਚਿੰਤਨ ਦੇ ਡੂੰਘੇ ਪਾਣੀਆਂ ਦਾ
ਥਹੁ ਪਤਾ ਵੀ ਨਾ ਜਾਣਦੀਆਂ ...

ਬੁੱਢੀ ਸੋਚ ਵਾਲੀਆਂ ਜਵਾਨ ਔਰਤਾਂ
ਇਸਤਰੀ ਕੀਤੇ ਕੱਪੜੇ ਪਾਉਂਦੀਆਂ
ਪਰ ਮਨਾਂ 'ਤੇ
ਦੁਨੀਆ ਭਰ ਦੀਆਂ ਸਿਲਵਟਾਂ
ਹੰਢਾਉਂਦੀਆਂ

### ਲਿਬਾਸ

ਕੱਪੜੇ ਦੀ ਦੁਕਾਨ 'ਚ ਪੈਰ ਧਰਦਿਆਂ
ਪਹਿਲਾਂ ਨੰਗੇ ਹੋਣਾ ਪਵੇਗਾ
ਪਛਾਣ ਨੂੰ 'ਟਰਾਈ ਰੂਮ' ਦੀ
ਕਿੱਲੀ 'ਤੇ ਟੰਗਣਾ ਪਵੇਗਾ

ਤਨ ਤੋਂ ਮਨ ਤੱਕ
ਪਾਰਦਰਸ਼ੀ ਹੋਣਾ ਪਵੇਗਾ
ਤਾਂ ਕਿ ਪੂਰੇ ਦੇ ਪੂਰੇ
ਵਪਾਰ ਦਾ ਪਾਰਾ
ਹੱਡਾਂ 'ਚ ਉਤਰ ਸਕੇ

ਇਤਿਹਾਸ ਸਭਿਅਤਾ
ਬੋਲੀ ਤੇ ਉਹ ਲੱਠਾ
ਜਿਹੜਾ ਸਾਡੇ ਪਿੱਤਰਾਂ ਦੇ ਕੱਫ਼ਣਾਂ ਤੋਂ
ਸਾਡੀਆਂ ਆਉਣ ਵਾਲੀਆਂ
ਪੀੜ੍ਹੀਆਂ ਦੇ ਪੋਤੜਿਆਂ ਤੱਕ
ਚਾਹੀਦਾ ਸੀ ਹੰਢਣਾ
ਅਣਹੰਢਾਇਆ ਹੀ
ਅਰਪਿਤ ਕਰਨਾ ਪਵੇਗਾ
ਫਿਰ ਜਾ ਕੇ ਬਣਾਂਗੇ
ਮਹਿੰਗੇ 'ਬਰਾਂਡ' ਦੇ ਹਾਣੀ

ਤਲੀ 'ਤੇ ਰੱਖ ਲਓ
ਇਸ ਮਘਦੇ ਹੋਏ ਸੱਚ ਦਾ ਅੰਗਾਰ
ਕਿ ਹੁਣ ਲਿਬਾਸ ਬੰਦੇ ਦੇ
ਮੇਚ ਦਾ ਨਹੀਂ ਬਣਦਾ
ਬੰਦੇ ਨੂੰ ਆਪਣੇ
ਮੇਚ ਦਾ ਬਣਾਉਂਦਾ ਹੈ।



## ਕਹਾਣੀ / ਸ਼ਗਨਾਂ ਦੀ ਚੁੰਨੀ / ਜਸਬੀਰ ਕੌਰ ਮਾਨ



ਉਸਦੇ ਘਰ ਬਹੁਤ ਸਾਰੇ ਮਹਿਮਾਨ ਆਏ ਹੋਏ ਸਨ।ਘਰ ਨੂੰ ਪੂਰੀ ਤਰ੍ਹਾਂ ਸਜਾਇਆ ਗਿਆ ਸੀ। ਇਕ ਪਾਸੇ ਨਾਨਕੀਆਂ ਬੈਠੀਆਂ ਸਨ ਤੇ ਦੂਜੇ ਪਾਸੇ ਦਾਦਕੀਆਂ।ਦੋਹਾਂ ਧਿਰਾਂ ਨੇ ਲੋਕ ਗੀਤਾਂ ਦੀ ਪੂਰੀ ਛਹਿਬਰ ਲਾਈ ਹੋਈ ਸੀ ।ਇਕ ਦੂਜੇ ਨੂੰ ਸਿੱਠਣੀਆਂ ਦੇ ਕੇ ਸੁਣਨ ਵਾਲਿਆਂ ਦੇ ਢਿੱਡੀਂ ਪੀੜਾਂ ਪਵਾ ਰਹੀਆਂ ਸਨ।ਉਹ ਹਲਕੇ ਬਦਾਮੀ ਰੰਗ ਦਾ ਸੂਟ ਪਾਈ ਸਭ ਰਿਸ਼ਤੇਦਾਰਾਂ ਦੀ ਸੇਵਾ ਕਰ ਰਹੀ ਸੀ।ਖੁਸ਼ੀ ਉਸਦੇ ਚਿਹਰੇ ਤੇ ਡੁੱਲ੍ਹ-ਡੁੱਲ੍ਹ ਪੈਂਦੀ ਕਿਉਂਕਿ ਕੱਲ੍ਹ ਨੂੰ ਉਸਦੀ ਵੱਡੀ ਧੀ ਸਿੰਮੀ ਦਾ ਵਿਆਹ ਸੀ ਤੇ ਅੱਜ ਉਸਦੇ ਸ਼ਗਨ ਲੱਗਣਾ ਸੀ।

ਉਸਦੀ ਧੀ ਸਿੰਮੀ ਅਜੇ ਹੁਣੇ-ਹੁਣੇ ਹੀ ਪਾਰਲਰ ਵਿਚੋਂ ਤਿਆਰ ਹੋ ਕੇ ਆਈ ਸੀ।ਹਰ ਕੋਈ ਉਸਦੇ ਸੁਹੱਪਣ ਦੀ ਸਿਫ਼ਤ ਕਰ ਰਿਹਾ ਸੀ।ਕੋਈ ਉਸਦੇ ਲਹਿੰਗੇ ਨੂੰ ਫੜ੍ਹ ਕੇ ਵੇਖਦਾ ਤੇ ਕੋਈ ਉਸਦੀ ਜਿਊਲਰੀ ਨੂੰ।ਸਿੰਮੀ ਹਲਕੇ ਗੁਲਾਬੀ ਰੰਗ ਦੇ ਲਹਿੰਗੇ ਵਿਚ ਪਰੀ ਲੱਗ ਰਹੀ ਸੀ ਉਂਝ ਉਸਦੀ ਦੂਜੀ ਧੀ ਨਿੰਮੀ ਵੀ ਪਰੀਆਂ ਤੋਂ ਘੱਟ ਨਹੀਂ ਸੀ।

ਜਦ ਵਿਆਹ ਵਿਚ ਆਈਆਂ ਮੇਲਣਾਂ ਉਸ ਕੋਲ ਉਸਦੀ ਤੇ ਉਸਦੀਆਂ ਧੀਆਂ ਦੀ ਤਾਰੀਫ ਕਰਦੀਆਂ ਹੋਈਆਂ ਇਹ ਆਖਦੀਆਂ,"ਨਿੰਦਰ ਤੇਰੀਆਂ ਦੋਹੇਂ ਧੀਆਂ ਤਾਂ ਜਮ੍ਹਾਂ ਹੀ ਤੇਰੀ ਕਾਪੀ ਲੱਗਦੀਆਂ ਹਨ।" ਇਹ ਗੱਲ ਸੁਣ ਉਸਦੀ ਰੂਹ ਖਿੜ ਜਾਂਦੀ।ਉਸਨੂੰ ਆਪਣੇ ਆਪ ਤੇ ਮਾਣ ਹੋਣ ਲੱਗਦਾ।ਉਹ ਹੱਸਦੀ ਤੇ ਆਪਣੇ ਮਨ ਅੰਦਰ ਹੀ ਆਖਦੀ,

"ਮੇਰੀਆਂ ਧੀਆਂ ਨੇ ਮੇਰੇ ਵਾਂਗ ਹੀ ਲੱਗਣਾ। ਮੇਰੀਆਂ ਧੀਆਂ ਮੇਰੀ ਜਾਨ, ਮੇਰੀ ਜ਼ਿੰਦਗੀ।"

ਉਹ ਆਪਣੀਆਂ ਧੀਆਂ ਦਾ ਕਦੇ ਵਿਸਾਹ ਨਾ ਕਰਦੀ।

ਜਵਾਨੀ ਵੇਲੇ ਉਹ ਸੱਚਮੁੱਚ ਹੀ ਆਪਣੀ ਧੀਆਂ ਸਿੰਮੀ ਤੇ ਨਿੰਮੀ ਵਾਂਗ ਲੱਗਿਆ ਕਰਦੀ ਸੀ।ਉਸਦਾ ਪੇਕਿਆਂ ਦਾ ਨਾਂ ਨਰਿੰਦਰਪਾਲ ਸੀ , ਪਰ ਸਾਰੇ ਉਸਨੂੰ ਨਿੰਦਰ ਆਖ ਕੇ ਬੁਲਾਉਂਦੇ ਸਨ।ਉਸਦੇ ਕਨੇਡਾ ਤੋਂ ਗਏ ਪਤੀ ਰਾਜੇ ਨੇ ਹਜ਼ਾਰਾਂ ਕੁੜੀਆਂ ਨੂੰ ਵੇਖਣ ਤੋਂ ਬਾਅਦ ਜਦ ਉਸਨੂੰ ਪਹਿਲੀ ਵਾਰੀ ਵੇਖਿਆ ਸੀ ਤਾਂ ਉਹ ਵੀ ਉਸੇ ਵਕਤ ਹੀ ਕੀਲਿਆ ਗਿਆ ਸੀ।ਪਹਿਲੀ ਵਾਰੀ ਮਿਲਣ ਤੇ ਹੀ ਉਸਨੇ ਉਸਨੂੰ ਹਾਂ ਕਰ ਦਿੱਤੀ ਤੇ ਉਸੇ ਵਕਤ ਹੀ ਉਸਨੂੰ ਸ਼ਗਨ ਪਾ ਕੇ ਵਿਆਹ ਦਾ ਦਿਨ ਤਹਿ ਹੋ ਗਿਆ ਸੀ। ਵਿਆਹ ਤੋਂ ਤਰੁੰਤ ਬਾਅਦ ਹੀ ਉਸਦੇ ਪਤੀ ਨੇ ਉਸਦਾ ਨਾਮ ਨਰਿੰਦਰਪਾਲ ਤੋਂ ਬਦਲ ਕੇ ਨੈਨਸੀ ਰੱਖ ਲਿਆ ਸੀ।ਇਸ ਤਰ੍ਹਾਂ ਕੁਝ ਰਿਸ਼ਤੇਦਾਰ ਉਸਨੂੰ ਨੈਨਸੀ ਆਖ ਕੇ ਬੁਲਾਉਂਦੇ ਤੇ ਕੁਝ ਅਜੇ ਨਰਿੰਦਰ ਨਾਂ ਨਾਲ ਹੀ ਬੁਲਾਉਂਦੇ ਸਨ।

ਸਿੰਮੀ ਦੇ ਸ਼ਗਨ ਪੈਣ ਦਾ ਸਮਾਂ ਹੋ ਗਿਆ ਸੀ।ਉਸਦਾ ਸਹੁਰਾ ਪਰਿਵਾਰ ਆ ਚੁੱਕਾ ਸੀ।ਗੀਤ ਸੰਗੀਤ ਦਾ ਪੂਰਾ ਮਹੌਲ ਮਘਿਆ ਹੋਇਆ ਸੀ।ਨੈਨਸੀ ਨੇ ਸ਼ਗਨ ਵਾਲ਼ੀ ਥਾਲ਼ੀ ਤੇ ਦੋਸੜੇ ਦੀ ਗੁਲਾਬੀ ਚੁੰਨੀ ਵੀ ਤਿਆਰ ਕਰ ਰੱਖੀ ਸੀ।ਬੱਸ ਆਪਣੀ ਸੱਸ ਮਾਂ ਦਾ ਇੰਤਜ਼ਾਰ ਕਰ ਰਹੀ ਸੀ ਕਿ ਮਾਤਾ ਜੀ ਕਦ ਉਸਨੂੰ ਸ਼ਗਨ ਪਾਉਣ ਦੇ ਲਈ ਹੁਕਮ ਕਰੇ।ਉਹ ਜਦ ਤੋਂ ਇਸ ਘਰ ਵਿਚ ਵਿਆਹੀ ਆਈ ਸੀ ਉਦੋਂ ਤੋਂ ਹੀ ਮਾਤਾ ਜੀ ਦਾ ਹੁਕਮ ਮੰਨਦੀ ਆਈ ਸੀ।ਆਪਣੀ ਸੱਸ ਦੀ ਆਗਿਆ ਮੰਨਣੀ ਉਸਦੀ ਮਜ਼ਬੂਰੀ ਦੇ ਨਾਲ਼-ਨਾਲ਼ ਹੁਣ ਉਸਦੀ ਆਦਤ ਵੀ ਬਣ ਗਈ ਸੀ।

ਉਸ ਵੱਲੋਂ ਸ਼ਗਨ ਦਾ ਸਭ ਸਮਾਨ ਭਾਵੇਂ ਤਿਆਰ ਸੀ ਪਰ ਫਿਰ ਵੀ ਉਹ ਉਸ ਥਾਲ਼ ਨੂੰ ਵਾਰ-ਵਾਰ ਵੇਖਦੀ।ਥਾਲ ਵਿੱਚ ਪਏ ਸੱਤ ਲੱਡੂ,ਖੰਭਣੀ ਤੇ ਦੋ ਸੌ-ਸੌ ਦੇ ਨੋਟ ਉਹਨੂੰ ਬੜੇ ਹੀ ਖੂਬਸੂਰਤ ਲੱਗ ਰਹੇ ਸਨ।ਸ਼ਗਨਾਂ ਵਾਲ਼ੀ ਗੁਲਾਬੀ ਚੁੰਨੀ ਜਿਸ ਨੂੰ ਪਤਲੀ ਕਿਨਾਰੀ ਵਾਲ਼ਾ ਗੋਟਾ ਲੱਗਿਆ ਹੋਇਆ ਸੀ ਉਹ ਵੀ ਥਾਲ਼ੀ ਉੱਪਰ ਹੀ ਤਹਿ ਲਾ ਕੇ ਰੱਖੀ ਹੋਈ ਸੀ। ਉਸਨੂੰ ਉਹ ਵਾਰ-ਵਾਰ ਖੋਲ੍ਹ ਕੇ ਵੇਖਦੀ।ਉਸ ਚੁੰਨੀ ਦਾ ਗੁਲਾਬੀ ਰੰਗ ਉਸਦੇ ਚਿਹਰੇ ਨੂੰ ਵੀ ਗੁਲਾਬੀ ਕਰ ਰਿਹਾ ਸੀ।ਬੱਸ ਉਸਨੂੰ ਇੰਤਜ਼ਾਰ ਸੀ ਉਸ ਸਮੇਂ ਦਾ ਕਿ ਕਦ ਉਹ ਉਸ ਚੁੰਨੀ ਨੂੰ ਆਪਣੇ ਸਿਰ ਤੇ ਲਵੇ ਤੇ ਆਪਣੀ ਧੀ ਦਾ ਸ਼ਗਨ ਕਰੇ।ਉਸਦੇ ਪੈਰ ਅੱਜ ਜ਼ਮੀਨ ਤੇ ਨਹੀਂ ਸੀ ਲੱਗ ਰਹੇ।ਮੁੱਦਤਾਂ ਬਾਅਦ ਉਸਦੇ ਘਰ ਦੀਆਂ ਬਰੂਹਾਂ ਤੇ ਇਸ ਖੁਸ਼ੀ ਨੇ ਦਸਤਕ ਦਿੱਤੀ ਸੀ।ਅੱਜ ਦੇ ਇਕ-ਇਕ ਪਲ ਨੂੰ ਉਹ ਮਾਨਣਾ ਚਾਹੁੰਦੀ ਸੀ।

ਦੂਜੇ ਪਾਸੇ ਉਹ ਆਪਣੀ ਧੀ ਸਿੰਮੀ ਵਾਰੇ ਸੋਚ ਕੇ ਉਦਾਸ ਹੋ ਜਾਂਦੀ ਕਿ ਸਿੰਮੀ ਹੁਣ ਉਸ ਤੋਂ ਦੂਰ ਚਲੀ ਜਾਵੇਗੀ।ਸਿੰਮੀ ਤੇ ਨਿੰਮੀ ਉਸਦੀ ਪਿਛਲੇ ਬਾਈ ਸਾਲਾਂ ਤੋਂ ਜ਼ਿੰਦਗੀ ਬਣੀਆਂ ਹੋਈਆਂ ਸਨ।ਸਿੰਮੀ ਉੱਦੋਂ ਡੇਢ ਸਾਲ ਦੀ ਸੀ ਤੇ ਨਿੰਮੀ ਸਿਰਫ ਛੇ ਮਹੀਨਿਆਂ ਦੀ, ਜਦ ਉਸਦੇ ਪਤੀ ਦੀ ਇਕ ਕਾਰ ਹਾਦਸੇ ਵਿਚ ਮੌਤ ਹੋ ਗਈ ।ਉਸ ਤੋਂ ਬਾਅਦ ਉਸਨੇ ਉਹਨਾਂ ਦੋਹਾਂ ਧੀਆਂ ਦੇ ਆਸਰੇ ਹੀ ਜ਼ਿੰਦਗੀ ਗੁਜ਼ਾਰੀ ਸੀ।ਭਰ ਜਵਾਨ ਹੋਣ ਕਰਕੇ ਰਿਸ਼ਤੇ ਤਾਂ ਭਾਵੇਂ ਉਸਨੂੰ ਬਹੁਤ ਆਏ ਸਨ ਪਰ ਦੋ ਫੁੱਲਾਂ ਵਰਗੀਆਂ ਧੀਆਂ ਨੂੰ ਲੈ ਕੇ ਉਹ ਕਿੱਥੇ ਜਾਂਦੀ। ਅਖਬਾਰਾਂ ਤੇ ਮੈਗਜ਼ੀਨਾਂ ਵਿਚ ਜਦ ਉਹ ਇਹ ਖਬਰਾਂ ਪੜ੍ਹਦੀ ਕਿ "ਫਲਾਂ ਥਾਂ ਤੇ ਮਤਰੇਏ ਬਾਪ ਨੇ ਧੀਆਂ ਨਾਲ਼ ਕੀਤਾ ਜਬਰ-ਜਿੰਨਾਹ, ਮਤਰੇਏ ਬਾਪ ਨੇ ਕੀਤਾ ਧੀਆਂ ਨਾਲ਼ ਮੂੰਹ ਕਾਲ਼ਾ" ਤਾਂ ਉਸਦਾ ਦਿਲ ਦਹਿਲ ਜਾਂਦਾ।ਇਹਨਾਂ ਗੱਲਾਂ ਤੋਂ ਡਰਦੀ ਨੇ ਅੜਬ ਸਹੁਰਿਆਂ ਦੇ ਪਰਿਵਾਰ ਵਿਚ ਹੀ ਆਪਣੇ ਦਿਨ ਕੱਢਣੇ ਬੇਹਤਰ ਸਮਝਿਆ।

ਕਿਸ ਤਰ੍ਹਾਂ ਉਸਨੇ ਏਨੇ ਔਖੇ ਦਿਨ ਕੱਢੇ ਸਨ ਉਸਨੂੰ

ਅੱਜ ਵਾਰ-ਵਾਰ ਉਹ ਸਮਾਂ ਯਾਦ ਆ ਰਿਹਾ ਸੀ ਤੇ ਉਸਦਾ ਧਿਆਨ ਵੀ ਅੱਜ ਪਤਾ ਨਹੀਂ ਕਿਉਂ ਆਪਣੇ ਪਿਛੋਕੜ ਵੱਲ ਨੂੰ ਜਾਂਦਾ ਸੀ। ਕਦੇ ਉਹ ਕਮਰੇ ਅੰਦਰ ਕੰਧ ਤੇ ਲੱਗੀ ਆਪਣੇ ਪਤੀ ਦੀ ਫੋਟੋ ਨੂੰ ਚੋਰੀ-ਚੋਰੀ ਵੇਖਦੀ ਤੇ ਮਨ ਵਿਚ ਉਸਨੂੰ ਪੱਛਦੀ,

"ਕਿਉਂ ਸਰਦਾਰ ਜੀ ਹੋ ਰਹੀ ਹਾਂ ਇਮਤਿਹਾਨ ਵਿਚੋਂ ਪਾਸ? ਆ ਹੀ ਗਿਆ ਖੁਸ਼ੀਆਂ ਦਾ ਦਿਨ ਆਪਣੀ ਜ਼ਿੰਦਗੀ ਵਿੱਚ।"

"ਕੁੜੇ ਨੈਨਾ ਲਿਆ ਪੁੱਤ ਸ਼ਗਨਾਂ ਵਾਲ਼ਾ ਥਾਲ਼, ਕਰੀਏ ਧੀ ਦੇ ਸ਼ਗਨ।"

ਜਦ ਉਸਦੀ ਸੱਸ ਕਦੇ ਖੁਸ਼ੀ ਦੇ ਮੂਡ ਵਿਚ ਹੁੰਦੀ ਉਦੋਂ ਉਸਨੂੰ ਨੈਨਸੀ ਨਹੀਂ ਨੈਨਾਂ ਆਖ ਕੇ ਬੁਲਾਉਂਦੀ।

ਰਸੋਈ ਵਿਚ ਕੰਮ ਕਰਦੀ ਨੈਨਸੀ ਦੇ ਕੰਨੀ ਸੱਸ ਦੀ ਆਵਾਜ਼ ਪਈ। ਉਹ ਫਟਾ-ਫਟ ਕੰਮ ਛੱਡ ਸ਼ਗਨਾਂ ਵਾਲ਼ਾ ਥਾਲ਼ ਚੁੱਕ ਲਿਆਈ ।

"ਆਹ ਲੌ ਮਾਤਾ ਜੀ।"

ਉਹ ਥਾਲ ਨੂੰ ਸੱਸ ਦੇ ਅੱਗੇ ਕਰਦਿਆਂ ਹੋਇਆਂ ਬੋਲੀ।

ਉਸਨੇ ਗੁਲਾਬੀ ਚੁੰਨੀ ਥਾਲ਼ ਤੋਂ ਚੁੱਕ ਲਈ ਤੇ ਫਟਾ-ਫਟ ਉਸਦੀ ਤਹਿ ਨੂੰ ਖੋਲ੍ਹਣਾ ਸ਼ੁਰੂ ਕੀਤਾ।

"ਇਹ ਚੁੰਨੀ ਮਿੰਦੀ ਨੂੰ ਫੜ੍ਹਾ ਦੇ"। ਉਸਦੀ ਸੱਸ ਨੇ ਮਿੰਦੀ ਵੱਲ ਨੂੰ ਇਸ਼ਾਰਾ ਕਰਦਿਆਂ ਹੋਇਆਂ ਉਸਨੂੰ ਕਿਹਾ।

ਸੱਸ ਦੀ ਗੱਲ ਸੁਣ ਉਹ ਥਾਂਏ ਹੀ ਰੁਕ ਗਈ ਤੇ ਸੱਸ ਦੇ ਮੂੰਹ ਵੱਲ ਤੱਕਣ ਲੱਗੀ।

"ਮਿੰਦੀ ! ਕਿਉਂ...?

ਉਸਦੇ ਮੂੰਹੋਂ ਆਪਣੇ ਆਪ ਹੀ ਨਿਕਲ਼ਿਆ।

"ਹਾਂ ਮਿੰਦੀ... ਉਹੀ ਕਰੇਗੀ ਸ਼ਗਨ...ਤੂੰ ਨਹੀਂ।"

ਸੱਸ ਮਾਂ ਥਾਲ਼ੀ ਵਿਚਲੀਆਂ ਚੀਜ਼ਾਂ ਨੂੰ ਧਿਆਨ ਨਾਲ਼ ਵੇਖਦੀ ਹੋਈ ਬੋਲੀ।

"ਪਰ ਮਾਤਾ ਜੀ...!"

"ਪਰ ਕੀ...।" ਮਾਤਾ ਨੇ ਥਾਲ਼ੀ ਵੱਲੋਂ ਆਪਣਾ ਧਿਆਨ ਹਟਾ ਤੇ ਮੱਥੇ ਤੇ ਤਿਊੜੀਆਂ ਪਾ ਉਸਨੂੰ ਘੂਰਦਿਆਂ ਹੋਇਆਂ ਕਿਹਾ।

"ਮਾਤਾ ਜੀ...ਮਾਂ ਤਾਂ ਮੈਂ ਹਾਂ...ਸਿੰਮੀ ਦੀ...ਮਿੰਦੀ ਭੈਣ ਨਹੀਂ।" ਉਸਨੇ ਸੱਸ ਵੱਲ ਨੂੰ ਵੇਖਦਿਆਂ ਹੋਇਆਂ ਬੜੇ ਮਾਣ ਨਾਲ਼ ਕਿਹਾ।

"ਮਾਂ ਤਾਂ ਤੂੰ ਹੀ ਰਹਿਣਾ...ਪਰ ਇਹ ਸ਼ਗਨ ਤੂੰ ਨਹੀ ਕਰ ਸਕਦੀ।"

"ਕਿਉਂ ਨਹੀਂ ਕਰ ਸਕਦੀ ?...ਜਦ ਮੈਂ ਹੋਰ ਸਾਰੀਆਂ ਜ਼ਿੰਮੇਂਵਾਰੀਆਂ ਪੂਰੀਆਂ ਕੀਤੀਆਂ ਹਨ ਸ਼ਗਨ ਕਰਨ ਵਿਚ ਕੀ ਹੈ?" ਉਹ ਟਣਕਵੀਂ ਆਵਾਜ਼ ਵਿਚ ਬੋਲੀ।

"ਤੇਰੀ ਮੱਤ ਨੂੰ ਕੀ ਹੋ ਗਿਆ...ਹਰ ਗੱਲ ਜੱਗੋਂ ਤੇਰਵੀਂ ਕਰਦੀ ਹੈਂ।" ਸੱਸ ਨੇ ਫਿਰ ਉਸਨੂੰ ਘੂਰਦਿਆਂ ਹੋਇਆਂ ਕਿਹਾ।

ਇਸ ਤਰ੍ਹਾਂ ਦੀ ਘੂਰ ਤਾਂ ਉਸਨੂੰ ਹੁਣ ਜ਼ਿੰਦਗੀ ਵਿਚ ਬਹੁਤ ਵਾਰੀ ਮਿਲ਼ਦੀ ਸੀ। ਜਿਸ ਦਿਨ ਤੋਂ ਉਸਨੇ ਕੁਝ ਚੰਗੀਆਂ ਕਿਤਾਬਾਂ ਨੂੰ ਪੜ੍ਹਨਾਂ ਤੇ ਚੰਗੇ ਨਾਟਕ ਵੇਖਣੇ ਸ਼ੁਰੂ ਕੀਤੇ ਸਨ। ਉਸ ਦਿਨ ਤੋਂ ਹੀ ਉਹ ਕੁਝ ਸੁਆਲ ਕਰਨ ਲੱਗੀ ਸੀ। ਜੋ ਕੇ ਉਸਦੇ ਪੇਕਿਆਂ ਤੇ ਸਹੁਰਿਆਂ ਵਿਚੋਂ ਕਿਸੇ ਨੂੰ ਵੀ ਪਸੰਦ ਨਹੀਂ ਸਨ।

ਉਸਦੇ ਮੂੰਹੋਂ ਕਿਉਂ ਸ਼ਬਦ ਨਿਕਲਣ ਤੇ ਉਸਦੀ ਸੱਸ ਮਾਂ ਦੇ ਤੇਵਰ ਇਕਦਮ ਬਦਲ ਗਏ ਤੇ ਉਹ ਨੈਨਸੀ ਨੂੰ ਬਾਹੋਂ ਫੜ੍ਹ ਅੰਦਰ ਨੂੰ ਲੈ ਗਈ ਤੇ ਉਸਨੂੰ ਸਮਝਾਉਂਦਿਆਂ ਹੋਇਆਂ ਆਖਣ ਲੱਗੀ,"ਵੇਖ,ਮੇਰੀ ਗੱਲ ਸੁਣ ਲੈ ਕੰਨ ਖੋਲ ਕੇ... ਇਹ ਸ਼ਗਨਾਂ ਦਾ ਕੰਮ ਹੈ...ਇਹੋ ਜਿਹੇ ਦਿਨ ਵਾਰ-ਵਾਰ ਨਹੀਂ ਆਉਂਦੇ। ਮਾਂਵਾਂ ਤਾਂ ਧੀਆਂ-ਪੁੱਤਾਂ ਦੀ ਹਮੇਸ਼ਾਂ ਸੁੱਖ ਹੀ ਮੰਗਦੀਆਂ ਨੇ...। ਤੂੰ ਇਹ ਸ਼ਗਨ ਮਿੰਦੀ ਨੂੰ ਕਰਨ ਦੇ...ਸੁਹਾਗਣਾ ਹੱਥੋਂ ਹੀ ਸ਼ਗਨ ਸੋਭਦੇ ਨੇ...।"

"ਨਹੀਂ ਮੈਂ ਆਪਣੀ ਧੀ ਦੇ ਸ਼ਗਨ ਖੁਦ ਕਰਾਂਗੀ।" ਨੈਨਸੀ ਨੇ ਸੱਸ ਦੀ ਜਿੱਦ ਅੱਗੇ ਅੜਦਿਆਂ ਹੋਇਆਂ ਉੱਚੀ ਆਵਾਜ਼ ਵਿਚ ਕਿਹਾ।

ਨੂੰਹ ਸੱਸ ਵਿਚ ਹੋ ਰਹੀ ਤਕਰਾਰ ਨੂੰ ਸੁਣ ਨੈਨਸੀ ਦੀ ਮਾਂ ਵੀ ਉਸ ਕੋਲ਼ ਆ ਗਈ। ਉਹ ਵੀ ਉਸਨੂੰ ਸਮਝਾਉਣ ਲੱਗੀ ਤੇ ਆਖਣ ਲੱਗੀ," ਧੀਏ ਜਿੱਦ ਨਾ ਕਰ ...ਸਿਆਣਿਆਂ ਦੀ ਗੱਲ ਮੰਨੀਦੀ ਹੈ।"

"ਪਰ ਮਾਂ... ਮੈਂ ਆਪਣੀ ਧੀ ਦਾ ਸ਼ਗਨ ਕਿਉਂ ਨਹੀਂ ਕਰ ਸਕਦੀ? ਮੈਨੂੰ ਕੀ ਹੋਇਆ। ਮੈਨੂੰ ਚੰਗੀ ਤਰ੍ਹਾਂ ਵੇਖ...ਮੇਰੇ ਵਿਚ ਕੋਈ ਕਮੀ ਲੱਗਦੀ ਹੈ ਤੈਨੂੰ।"

"ਕਮੀ ਤੇਰੇ 'ਚ ਨਹੀਂ...ਕਮੀ ਤੇਰੇ ਲੇਖਾਂ 'ਚ ਹੈ ਧੀਏ।"

ਮਾਂ ਨੇ ਦੁੱਖ ਭਰੀ ਆਵਾਜ਼ ਵਿਚ ਹੌਲ਼ੀ ਦੇਣੇ ਕਿਹਾ।

"ਇਸ ਵਿਚ ਦੱਸੋ ਤਾਂ ਮੇਰੇ ਲੇਖਾਂ ਦਾ ਕੀ ਕਸੂਰ ਹੈ?"

ਉਸਨੇ ਫਿਰ ਦੋਹਾਂ ਮਾਵਾਂ ਕੋਲ਼ੋਂ ਆਪਣੇ ਸੁਆਲ ਦਾ ਜੁਆਬ ਮੰਗਿਆ।

ਕੁਝ ਸਮੇਂ ਸਭ ਪਾਸੇ ਚੁੱਪ ਪਸਰ ਗਈ।

"ਤੂੰ ਸ਼ਗਨ ਨਹੀਂ ਕਰ ਸਕਦੀ। ਤੈਨੂੰ ਉਵੇਂ ਹੀ ਕਰਨਾ ਪੈਣਾ ਜਿਵੇਂ ਮੈਂ ਆਹਨੀ ਆਂ। ਜੇ ਅਗਾਂਹ ਦੀ ਸੁੱਖ ਮੰਗਦੀ ਹੈਂ ਤਾਂ... ਮੈਨੂੰ ਪਤਾ ਮੈਂ ਕਿਵੇਂ ਆਪਣਾ ਗਾਡਰ ਵਰਗਾ ਹੱਥੀਂ ਤੋਰਿਆ।" ਸੱਸ ਦੇ ਬੋਲ ਕੁਝ ਮਿੰਟਾਂ ਦੀ ਚੁੱਪ ਤੋਂ ਬਾਅਦ ਹੁਣ ਅੱਗੇ ਨਾਲੋਂ ਭਾਰੇ ਹੋ ਗਏ ਸਨ। ਏਨਾਂ ਆਖ ਮਾਤਾ ਆਪਣੀਆਂ ਅੱਖਾਂ ਨੂੰ ਪੂੰਝਦੀ ਹੋਈ ਬਾਹਰ ਨੂੰ ਚਲੀ ਗਈ ਤੇ ਉਹ ਉੱਥੇ ਹੀ ਪੱਥਰ ਦਾ ਬੁੱਤ ਬਣ ਗਈ। ਉਸਦੇ ਮੂੰਹੋਂ ਇਕ ਵੀ

ਸ਼ਬਦ ਨਾ ਨਿਕਲ਼ਿਆ। ਉਸ ਤੋਂ ਸ਼ਗਨਾਂ ਵਾਲ਼ੀ ਥਾਲ਼ੀ ਤੇ ਗੁਲਾਬੀ ਚੁੰਨੀ ਫੜ ਉਸਦੀ ਮਾਂ ਨੇ ਉਸਦੀ ਜਠਾਣੀ ਮਿੰਦੀ ਨੂੰ ਫੜਾ ਦਿੱਤੀ। ਜੋ ਉੱਥੇ ਆ ਖੜ੍ਹੀ ਸੀ।

ਮਿੰਦੀ ਉਹ ਔਰਤ ਸੀ ਜੋ ਰਿਸ਼ਤੇ ਵਜੋਂ ਤਾਂ ਉਸ ਦੀ ਜੇਠਾਣੀ ਲੱਗਦੀ ਸੀ ਪਰ ਸੀ ਉਸਦੀ ਸਭ ਤੋਂ ਵੱਡੀ ਦੁਸ਼ਮਣ। ਉਸਨੇ ਸਾਰੀ ਜ਼ਿੰਦਗੀ ਉਸ ਦੇ ਸਾਹ ਰੋਕੀ ਰੱਖੇ ਸਨ ਤੇ ਉਸਦਾ ਜੀਣਾ ਦੁੱਭਰ ਕੀਤਾ ਹੋਇਆ ਸੀ ਕਿਉਂਕਿ ਉਹ ਇਕੱਲੀ ਸੀ ਉਸਦੇ ਸਿਰ ਤੇ ਉਸਦਾ ਪਤੀ ਨਹੀਂ ਸੀ। ਅੱਜ ਉਹ ਉਸਦੀ ਧੀ ਦੇ ਸ਼ਗਨ ਕਰ ਰਹੀ ਸੀ ਕਿਉਂਕਿ ਉਹ ਸੁਹਾਗਣ ਸੀ ਤੇ ਉਸਦਾ ਪਤੀ ਜਿਉਂਦਾ ਸੀ।

ਮਿੰਦੀ ਦੇ ਸਿਰ ਤੇ ਸ਼ਗਨਾਂ ਦੀ ਚੁੰਨੀ ਲਈ ਵੇਖ ਨੈਨਸੀ ਦਾ ਪਾਰਾ ਉੱਪਰ ਨੂੰ ਹੀ ਚੜ੍ਹਦਾ ਜਾ ਰਿਹਾ ਸੀ। ਉਸਦਾ ਮਨ ਕਰ ਰਿਹਾ ਸੀ ਕਿ ਜੇਕਰ ਉਸਦਾ ਵੱਸ ਚੱਲੇ ਤਾਂ ਉਹ ਮਿੰਦੀ ਨੂੰ ਬਾਂਹ ਤੋਂ ਫੜ ਕੇ ਘਰੋਂ ਬਾਹਰ ਕੱਢ ਦੇਵੇ। ਪਰ ਉਹ ਮਜ਼ਬੂਰ ਸੀ ਕਿਉਂਕਿ ਉਹ ਘਰ ਇਕੱਲੀ ਉਸਦਾ ਹੀ ਨਹੀਂ ਸੀ ਬਲਕਿ ਮਿੰਦੀ ਦਾ ਵੀ ਸੀ। ਇੱਥੋਂ ਤੱਕ ਕੇ ਮਿੰਦੀ ਤਾਂ ਇਸ ਘਰ ਨੂੰ ਪੂਰਾ ਆਪਣਾ ਘਰ ਹੀ ਸਮਝਦੀ ਸੀ ਕਿਉਂਕਿ ਉਸਦੇ ਦੋ ਮੁੰਡੇ ਹੀ ਸਨ ਤੇ ਉਸ ਦੀਆਂ ਦੋ ਕੁੜੀਆਂ। ਅੱਜ ਸਿੰਮੀ ਨੇ ਵਿਆਹੀ ਜਾਣਾ ਹੈ ਤੇ ਕੱਲ੍ਹ ਨੂੰ ਨਿੰਮੀ ਵਿਆਹੀ ਜਾਵੇਗੀ ਤੇ ਫਿਰ ਸਭ ਕੁਝ ਉਸਦੇ ਮੁੰਡਿਆਂ ਦੇ ਕੋਲ ਹੀ ਰਹਿ ਜਾਵੇਗਾ। ਇਸ ਗੱਲ ਤੇ ਉਹਨਾਂ ਦੇ ਘਰ ਪਹਿਲਾਂ ਵੀ ਕਈ ਵਾਰ ਲੜਾਈ ਹੋ ਚੁੱਕੀ ਸੀ।

ਉਸ ਦਾ ਉਸ ਘਰ ਵਿਚ ਉੱਕਾ ਹੀ ਦਿਲ ਨਹੀਂ ਸੀ ਲੱਗਦਾ। ਮਜ਼ਬੂਰਨ ਉਸਨੂੰ ਉੱਥੇ ਰਹਿਣਾ ਪੈ ਰਿਹਾ ਸੀ। ਉਸਦੇ ਪਤੀ ਦੀ ਮੌਤ ਤੋਂ ਬਾਅਦ ਉਸਦੇ ਮਾਂ-ਪਿਓ ਤੇ ਸੱਸ-ਸਹੁਰੇ ਨੇ ਉਸਦੇ ਸਿਰ ਤੇ ਆਪਣੀ ਇੱਜ਼ਤ ਦਾ ਟੋਕਰਾ ਰੱਖ ਦਿੱਤਾ ਸੀ। ਉਸਦੇ ਅਜੇ ਵਿਆਹ ਨੂੰ ਤਿੰਨ ਸਾਲ ਹੋਏ ਸਨ ਜਦੋਂ ਉਸਦੇ ਪਤੀ ਦੀ ਮੌਤ ਹੋ ਗਈ ਸੀ। ਉਹ ਅਜੇ ਬਾਈ ਸਾਲਾਂ ਦੀ ਹੀ ਸੀ। ਜਦੋਂ ਉਹ ਵਿਧਵਾ ਹੋ ਗਈ ਸੀ ਤੇ ਉਦੋਂ ਤੋਂ ਹੀ ਉਸਦੇ ਮਾਪਿਆਂ ਤੇ ਸਹੁਰਿਆਂ ਨੇ ਉਸਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਤੂੰ ਇਹ ਨਹੀਂ ਕਰਨਾ, ਔਹ ਨਹੀਂ ਕਰਨਾ, ਇੱਥੇ ਨਹੀਂ ਜਾਣਾ, ਉੱਥੇ ਨਹੀਂ ਜਾਣਾ। ਉਸਤੇ ਬਹੁਤ ਸਾਰੀਆਂ ਰੋਕਾਂ ਲਗਾ ਦਿੱਤੀਆਂ ਗਈਆਂ ਸਨ। ਉਸਨੂੰ ਮਾਪਿਆਂ ਤੇ ਸਹੁਰਿਆਂ ਦੇ ਅਧੀਨ ਹੋ ਕੇ ਰਹਿਣਾ ਪੈ ਰਿਹਾ ਸੀ।

ਬੀ ਏ ਬੀ ਐੱਡ ਨੈਨਸੀ ਨੂੰ ਪਤੀ ਦੀ ਮੌਤ ਤੋਂ ਬਾਅਦ ਸਮਾਜ ਨੇ ਕੋਰੀ ਅਨਪੜ੍ਹ ਬਣਾ ਦਿੱਤਾ ਸੀ। ਉਸਦੇ ਕੱਪੜਿਆਂ ਵਿਚੋਂ ਲਾਲ-ਗੁਲਾਬੀ ਰੰਗ ਦੇ ਕੱਪੜੇ ਚੁੱਕ ਦਿੱਤੇ ਗਏ ਸੀ। ਅਨੇਕਾਂ ਹੋਰ ਰੰਗ ਉਸਦੀ ਜ਼ਿੰਦਗੀ ਵਿਚੋਂ ਮਨਫੀ ਕਰ ਦਿੱਤੇ ਗਏ ਸਨ। ਇੱਥੋਂ ਤੱਕ ਉਸਨੂੰ ਹਾਰ-ਸ਼ਿੰਗਾਰ ਲਗਾਉਣ ਤੋਂ ਵਿਵਰਜਿਤ ਕਰ ਦਿੱਤਾ ਗਿਆ ਸੀ। ਉਸ ਲਈ ਉੱਚੀਆਂ ਕੰਧਾਂ ਨੂੰ ਹੋਰ ਉੱਚਿਆਂ ਕਰ ਦਿੱਤਾ ਗਿਆ ਜਿੱਥੇ ਉਸਦਾ ਕਈ ਵਾਰੀ ਸਾਹ ਘੁੱਟਣ ਲੱਗਦਾ ਸੀ। ਉਹ ਕੁਝ ਬੋਲਣਾ ਚਹੁੰਦੀ ਪਰ ਹਰ ਵਾਰ ਉਸਨੂੰ ਚੱਪ ਕਰਵਾ ਦਿੱਤਾ ਜਾਂਦਾ।

ਜਿੱਥੇ ਕਿਸੇ ਵੀ ਰਿਸ਼ਤੇਦਾਰੀ ਵਿਚ ਵਿਆਹ ਸ਼ਾਦੀ ਹੋਣਾ ਉੱਥੇ ਉਹ ਨਹੀਂ ਉਸਦੀ ਜੇਠਾਣੀ ਮਿੰਦੀ ਜਾਇਆ ਕਰਦੀ ਸੀ। ਭਾਵੇਂ ਉਹ ਮਿੰਦੀ ਨਾਲੋਂ ਕਿਤੇ ਵੱਧ ਸੂਝਵਾਨ, ਸਿਆਣੀ ਤੇ ਪੜ੍ਹੀ ਲਿਖੀ ਕੁੜੀ ਸੀ ਜਿਸਨੂੰ ਬੋਲਣ ਦਾ ਏਨਾਂ ਵਧੀਆ ਸਲੀਕਾ ਸੀ ਕਿ ਹਰ ਕੋਈ ਉਸ ਨਾਲ਼ ਗੱਲਬਾਤ ਕਰਨੀ ਪਸੰਦ ਕਰਦਾ ਸੀ। ਪਰ ਉਸ ਨੂੰ ਹਰ ਸਮੇਂ ਲੋਕਾਂ ਤੋਂ ਬਚਾ ਕੇ ਰੱਖਿਆ ਜਾਂਦਾ । ਉਸਦੇ ਪਤੀ ਦੀ ਮੌਤ ਦਾ ਦੋਸ਼ੀ ਉਸਨੂੰ ਹੀ ਸਮਝਿਆ ਜਾਂਦਾ। ਅਸਲ ਜ਼ਿੰਦਗੀ ਨੇ ਉਸ ਤੋਂ ਅਜਿਹੇ ਇਮਤਿਹਾਨ ਲੈ ਲਏ ਸਨ ਜੋ ਕਦੇ ਕਿਸੇ ਯੂਨੀਵਰਸਿਟੀ ਨੇ ਵੀ ਕਿਸੇ ਤੋਂ ਨਹੀਂ ਸਨ ਲਏ।

ਉਂਝ ਤਾਂ ਭਾਵੇਂ ਉਸਦੇ ਪਤੀ ਦੀ ਮੌਤ ਹੋਈ ਨੂੰ ਕਈ ਸਾਲ ਹੋ ਗਏ ਸਨ ਤੇ ਇਸ ਸਮੇਂ ਦਰਮਿਆਨ ਉਸ ਦੀਆਂ ਭਾਵਨਾਂਵਾ ਨੂੰ ਬਹੁਤ ਵਾਰ ਜਲੀਲ ਕੀਤਾ ਗਿਆ ਸੀ। ਉਸਦੇ ਕੋਮਲ ਮਨ ਤੇ ਬਹੁਤ ਸਾਰੀਆਂ ਠੇਸਾਂ ਲੱਗੀਆਂ ਸਨ ਪਰ ਅੱਜ ਵਾਲ਼ੀ ਘਟਨਾ ਨੇ ਉਸਨੂੰ ਹਿਲਾ ਕੇ ਰੱਖ ਦਿੱਤਾ ਸੀ। ਉਸਦੀ ਧੀ ਦਾ ਵਿਆਹ ਹੋਵੇ ਤੇ ਉਸ ਦੇ ਹੁੰਦਿਆਂ ਹੋਇਆਂ ਕੋਈ ਹੋਰ ਸ਼ਗਨ ਕਰੇ। ਇਹ ਉਸ ਤੋਂ ਕਿਸੇ ਕੀਮਤ ਤੇ ਵੀ ਬਰਦਾਸ਼ਤ ਨਹੀਂ ਸੀ ਹੋ ਰਿਹਾ। ਉਸ ਨੂੰ ਜਾਪ ਰਿਹਾ ਸੀ ਕਿ ਜਿਵੇਂ ਉਹ ਜਿਉਂਦੀ ਹੀ ਮਾਰੀ ਜਾ ਰਹੀ ਹੋਵੇ।

ਇਸ ਸਮੇਂ ਉਸਨੇ ਆਪਣੀ ਚੇਤਨਾ ਨੂੰ ਹਲੂਣਿਆ। ਉਸ ਤੋਂ ਹੋਰ ਜਲੀਲ ਨਹੀਂ ਸੀ ਹੋਇਆ ਜਾ ਰਿਹਾ। ਉਹ ਬਹੁਤ ਪਰੇਸ਼ਾਨ ਹੋ ਚੁੱਕੀ ਸੀ। ਬਹੁਤ ਸਾਰੇ ਸੁਆਲ ਉਸਦੇ ਜਿਹਨ ਵਿਚ ਪੈਦਾ ਹੋ ਚੁੱਕੇ ਸਨ। ਉਹ ਆਪਣੇ ਆਪ ਨਾਲ਼ ਸੁਆਲ ਜੁਆਬ ਕਰਨ ਲੱਗਦੀ ਹੈ।

ਮੈਂ ਆਪਣੀ ਧੀ ਦੇ ਸ਼ਗਨ ਕਿਉਂ ਨਹੀਂ ਕਰ ਸਕਦੀ?

ਸੁਹਾਗਣ, ਰੰਡੀ, ਵਿਧਵਾ, ਕਲਹਿਣੀ, ਬਾਂਝ ਕੀ ਇਹ ਸਾਰੇ ਸ਼ਬਦ ਔਰਤ ਲਈ ਹੀ ਬਣੇ ਹਨ? ਜੇਕਰ ਔਰਤ ਲਈ ਹੀ ਹਨ ਤਾਂ ਕਿਉਂ...ਮਰਦ ਲਈ ਇਹ ਸ਼ਬਦ ਕਿਉਂ ਨਹੀਂ ਵਰਤੇ ਜਾਂਦੇ।

ਕੀ ਮਰਦ ਤੋਂ ਬਿਨਾਂ ਔਰਤ ਦਾ ਆਪਣਾ ਕੋਈ ਵਜੂਦ ਨਹੀਂ ਹੈ?

ਕੀ ਔਰਤ ਦੀ ਜ਼ਿੰਦਗੀ ਵਿਚ ਮਰਦ ਦਾ ਹੋਣਾ ਜ਼ਰੂਰੀ ਹੈ?

ਕੀ ਔਰਤ ਮਰਦ ਤੋਂ ਬਗੈਰ ਔਰਤ ਇਕੱਲਿਆਂ ਜ਼ਿੰਦਗੀ ਨਹੀਂ ਗੁਜ਼ਾਰ ਸਕਦੀ?

ਔਰਤ ਔਰਤ ਦੀ ਦੁਸ਼ਮਣ ਕਿਉਂ ਹੈ?

ਸਾਡੀਆਂ ਸਮਾਜਿਕ ਤਰੁੱਟੀਆਂ ਉਸਨੂੰ ਵਾਰ-ਵਾਰ ਪ੍ਰੇਸ਼ਾਨ ਕਰ ਰਹੀਆਂ ਸਨ। ਆਪਣੀ ਅੰਦਰਲੀ ਆਵਾਜ਼ ਨਾਲ਼ ਉਹ ਆਪੇ ਹੀ ਤ੍ਰਭਕ ਗਈ ਸੀ। ਜ਼ਿੰਦਗੀ ਵਿਚ ਭਾਵੇਂ ਉਸਨੇ

ਬਹੁਤ ਦੁੱਖ ਵੇਖੇ ਸਨ ਪਰ ਕਦੇ ਉਹ ਏਨਾਂ ਡਰੀ ਨਹੀਂ ਸੀ। ਅੱਜ ਅੰਦਰਲੇ ਵਿਚਾਰਾਂ ਨੇ ਉਸਦੇ ਅੰਦਰ ਖੌਰੂ ਪਾ ਰੱਖਿਆ ਸੀ। ਵਾਰ-ਵਾਰ ਉਸਨੂੰ ਔਰਤ ਹੋਣਾ ਇਕ ਸ਼ਰਾਪ ਲੱਗਦਾ ਸੀ। ਕਦੇ ਉਹ ਉਹਨਾਂ ਔਰਤਾਂ ਬਾਰੇ ਸੋਚਦੀ ਜੋ ਅਜਿਹੀ ਜ਼ਿੰਦਗੀ ਨੂੰ ਛੱਡ ਅੱਗੇ ਲੰਘ ਜਾਂਦੀਆਂ। ਕਦੇ ਵੀ ਉਸ ਨਾਲ਼ ਅਜਿਹਾ ਨਹੀਂ ਸੀ ਹੋਇਆ ਕਿ ਉਹ ਆਪਣੇ ਆਪ ਨਾਲ਼ ਸੁਆਲ-ਜੁਆਬ ਕਰੇ। ਅੱਜ ਪਹਿਲੀ ਵਾਰੀ ਅਣਗਿਣਤ ਸੁਆਲਾਂ ਨੇ ਉਸਨੂੰ ਘੇਰ ਲਿਆ ਸੀ।

ਸਮਾਜ ਵਿਚ ਇਕੱਲੀ ਔਰਤ ਦੀ ਕੋਈ ਅਹਿਮੀਅਤ ਨਹੀਂ ਹੈ। ਇੱਥੋਂ ਤੱਕ ਕੇ ਇਕੱਲੀ ਮਾਂ ਦੀ ਵੀ ਆਪਣੇ ਆਪ ਵਿਚ ਕੋਈ ਅਹਿਮੀਅਤ ਨਹੀਂ ਹੈ। ਉਸਦੇ ਨਾਲ਼ ਵੀ ਬੱਚੇ ਦਾ ਪਿਓ ਹਰ ਸਮੇਂ ਹੋਣਾ ਜ਼ਰੂਰੀ ਹੈ ਤਾਂ ਕਿ ਉਹ ਆਪਣੇ ਬੱਚੇ ਦੇ ਸ਼ਗਨ ਕਰ ਸਕੇ। ਕੋਈ ਕਾਰ-ਵਿਹਾਰ ਕਰ ਸਕੇ।

ਫਿਰ ਉਹ ਆਪਣੇ ਅੰਦਰ ਉੱਠੇ ਸੁਆਲਾਂ ਦੇ ਜੁਆਬ ਵੀ ਆਪਣੇ ਆਪ ਦਿੰਦੀ ਹੈ।

ਨਹੀਂ-ਨਹੀਂ ਇਹ ਨਹੀਂ ਹੋ ਸਕਦਾ। ਕੋਈ ਵੀ ਇਕੱਠਾ ਜੰਮਦਾ ਨਹੀਂ ਹੈ ਤੇ ਕੋਈ ਵੀ ਇਕੱਠਾ ਮਰਦਾ ਨਹੀਂ ਹੈ। ਇੱਥੋਂ ਤੱਕ ਕੇ ਜੁੜਵਾਂ ਬੱਚੇ ਵੀ ਕੁਝ ਸਮੇਂ ਦੇ ਵਕਫ਼ੇ ਨਾਲ਼ ਪੈਦਾ ਹੁੰਦੇ ਹਨ ਭਾਵੇਂ ਇਹ ਵਕਫ਼ਾ ਕੁਝ ਮਿੰਟਾਂ ਦਾ ਹੀ ਕਿਉਂ ਨਾ ਹੋਵੇ। ਇਸੇ ਤਰ੍ਹਾਂ ਪਤੀ-ਪਤਨੀ ਹਨ ਦੋਹਾਂ ਵਿਚੋਂ ਇਕ ਨੇ ਹੀ ਪਹਿਲਾਂ ਜਾਣਾ ਹੈ। ਮੌਤ ਇਕ ਕੁਦਰਤੀ ਵਰਤਾਰਾ ਹੈ ਫਿਰ ਵੀ ਅਸੀਂ ਇਸਨੂੰ ਸਵੀਕਾਰ ਕਿਉਂ ਨਹੀਂ ਕਰਦੇ। ਕਿਉਂ ਅਸੀਂ ਇਕ ਦੂਜੇ ਨੂੰ ਇਕ ਦੂਜੇ ਦੀ ਮੌਤ ਦਾ ਕਾਰਨ ਮੰਨਦੇ ਹਾਂ। ਕੌਣ ਚਾਹੁੰਦਾ ਹੈ ਕਿ ਉਸਦਾ ਪਿਆਰਾ ਉਸ ਤੋਂ ਦੂਰ ਜਾਵੇ। ਕੌਣ ਚਾਹੁੰਦਾ ਹੈ ਕਿ ਬੱਚਿਆਂ ਤੋਂ ਉਸਦਾ ਮਾਪਾ ਦੂਰ ਜਾਵੇ। ਪਰ ਇੱਥੇ ਅਸੀਂ ਕੁਝ ਨਹੀਂ ਕਰ ਸਕਦੇ ਇਹ ਸਭ ਕੁਦਰਤ ਦੇ ਹੱਥ ਵੱਸ ਹੈ।

ਨੈਨਸੀ ਆਪਣੇ ਆਪ ਵਿਚ ਏਨੀ ਖੁੱਭੀ ਹੋਈ ਸੀ ਕਿ ਉਸਨੂੰ ਪਤਾ ਵੀ ਨਹੀਂ ਚੱਲਿਆ ਕਿ ਕਦ ਸ਼ਗਨ ਪਾਉਣ ਦੀ ਰਸਮ ਸ਼ੁਰੂ ਹੋ ਗਈ। ਉਸਨੇ ਆਪਣੇ ਆਪ 'ਚੋਂ ਬਾਹਰ ਆ ਆਪਣੀ ਸੱਸ ਤੇ ਆਪਣੀ ਜਠਾਣੀ ਵੱਲ ਨੂੰ ਤੱਕਿਆ ਉਹ ਦੋਵੇਂ ਜਾਣੀਆਂ ਬਹੁਤ ਖ਼ੁਸ਼ ਸਨ। ਮਿੰਦੀ ਗੁਲਾਬੀ ਚੁੰਨੀ ਲੈ ਕੇ ਬੈਠੀ ਸੀ ਤੇ ਆਪਣੇ ਆਪ ਨੂੰ ਇੰਝ ਸਮਝ ਰਹੀ ਸੀ ਜਿਸ ਤਰ੍ਹਾਂ ਉਸਨੇ ਦੁਨੀਆ ਜਿੱਤ ਲਈ ਹੋਵੇ।

ਉਸਨੂੰ ਗੁਲਾਬੀ ਚੁੰਨੀ ਲੈ ਸਜੀ ਹੋਈ ਵੇਖ ਉਸ ਦੇ ਅੰਦਰੋਂ ਫਿਰ ਕੁਝ ਉਬਾਲ਼ ਉੱਠੇ । ਉਹ ਆਪਣੇ ਅੰਦਰ ਹੀ ਬੋਲਣ ਲੱਗੀ ਸਾਨੂੰ ਬਦਲਣਾ ਪਵੇਗਾ। ਜ਼ਰੂਰ ਬਦਲਣਾ ਪਵੇਗਾ।

''ਨਹੀਂ-ਨਹੀਂ ਇਹ ਨਹੀਂ ਹੋ ਸਕਦਾ। ਇਹ ਸਰਾਸਰ ਗਲ਼ਤ ਹੈ।'' ਉਸਨੇ ਆਪਣੀ ਸੱਸ ਤੇ ਮਾਂ ਦੇ ਚਿਹਰੇ ਵੱਲ ਨੂੰ ਤੱਕਿਆ। ਉਸਨੂੰ ਜਾਪਿਆ ਜਿਵੇਂ ਉਹ ਦੋਨੋਂ ਉਸਨੂੰ ਘੂਰ ਰਹੀਆਂ ਹੋਣ। ਉਹ ਉੱਥੋਂ ਉੱਠ ਆਪਣੇ ਕਮਰੇ ਵਿਚ ਆ ਗਈ ਤੇ ਆਪਣੇ ਪਤੀ ਦੀ ਤਸਵੀਰ ਅੱਗੇ ਖੜ੍ਹ ਆਪਣਾ ਮਨ ਖਰਾਬ ਕਰਨ ਲੱਗੀ।

ਜਿਉਂ ਹੀ ਮਿੰਦੀ ਸਿੰਮੀ ਨੂੰ ਸ਼ਗਨ ਪਾਉਣ ਲੱਗੀ ਤਾਂ ਉਸਦੀ ਧੀ ਸਿੰਮੀ ਇਕਦਮ ਉੱਚੀ ਆਵਾਜ਼ ਬੋਲੀ,'' ਵੇਅਰ ਇਜ਼ ਮਾਮ?''


ਸਿੰਮੀ ਦੀ ਆਵਾਜ਼ ਉਸਦੇ ਕੰਨਾਂ ਤੱਕ ਪਹੁੰਚੀ। ਆਵਾਜ਼ ਸੁਣ ਉਹ ਝੱਟ ਦੇਣੇ ਬਾਹਰ ਆਈ।


''ਮੈਂ ਇੱਥੇ ਹੀ ਹਾਂ ਬੇਟਾ।''


''ਤੁਸੀਂ ਅੱਗੇ ਆਉ ਮਾਮ...ਪਹਿਲਾ ਸ਼ਗਨ ਤੁਸੀਂ ਕਰੋ।'' ਸਿੰਮੀ ਨੇ ਚਮਕਦੀਆਂ ਅੱਖਾਂ ਤੇ ਮੁਸਕਰਾਉਂਦੇ ਚਿਹਰੇ ਰਾਹੀਂ ਉਸਨੂੰ ਕਿਹਾ।


ਵੱਡੀ ਭੈਣ ਸਿੰਮੀ ਦੇ ਮੂੰਹੋਂ ਇਹ ਗੱਲ ਸੁਣ ਛੋਟੀ ਧੀ ਨਿੰਮੀ ਨੇ ਆਪਣੀ ਤਾਈ ਮਿੰਦੀ ਤੋਂ ਗੁਲਾਬੀ ਚੁੰਨੀ ਲਾਹ ਆਪਣੀ ਮਾਂ ਦੇ ਸਿਰ ਤੇ ਦੇ ਦਿੱਤੀ।

**001-778-892-5122**



## ਹਰਕੰਵਲਜੀਤ ਸਾਹਿਲ ਦੀਆਂ ਕਵਿਤਾਵਾਂ



### ਧੂੜ

ਯੁਗਾਂ ਯੁਗਾਂ ਤੋਂ ਬੰਜਰ ਬੀਆਬਾਨ ਸਾਂ
ਤੇਰੇ ਬੁੱਕ ਬੁੱਕ ਡੁੱਲ੍ਹਦੇ ਹਾਸੇ
ਪਲਕਾਂ ਚੋਂ ਡਲਕਦੀਆਂ ਕਿਰਨਾਂ
ਤੇਰੀ ਹਰ ਚਾਲ
ਕਰਮ ਬੋਲ 'ਚੋਂ ਝਲਕਦੀ
ਲੁਕਾਉਂਦਿਆਂ ਹੋਇਆਂ ਵੀ
ਨਾ ਚਾਹੁੰਦਿਆਂ ਹੋਇਆਂ ਵੀ
ਬਦੋ ਬਦੀ ਪ੍ਰਗਟ ਆਉਂਦੀ
ਵਗਦੀ ਪ੍ਰੇਮ ਧਾਰਾ
ਨਿਮਰਤਾ ਤੇ 'ਸ਼ਰਮ' ਝਿਜਕ
ਜਿਹੀਆਂ ਕੁਝ ਕੁ ਅਲਾਮਤਾਂ
ਹੇ ਅਨੁਪਮਾ

ਮੇਰੇ ਅੰਤਰ ਦੇ ਹਨ੍ਹੇਰ
ਬੀਆਬਾਨ ਨੂੰ
ਵਖ਼ਤ ਪਾ ਦਿੰਦੀਆਂ...

ਹਰ ਗੱਲ 'ਚੋਂ ਲੱਭ ਲੈਂਦੀ
ਮੁਸਕਰਾਹਟਾਂ ਤੇ ਮਖੌਲਾਂ
ਖੇਲ ਤੇ ਤਮਾਸ਼ੇ
ਕਿਵੇਂ ਪੜ੍ਹ ਲੈਂਦੀ ਹੁੰਦੀ ਸੀ
ਜ਼ਿੰਦਗੀ ਨੂੰ..
ਲੁਕੋ ਲੈਂਦੀ ਦੱਸਦੀ ਨਾ
ਆਪਣੀ ਪੀੜ ਕਿਸੇ ਨੂੰ
ਲਵ ਯੂ ਸੋਹਣੀਏ
ਕਾਸ਼ ਕਿ ਮੈਂ ਤੇਰੇ ਵਰਗਾ ਬਣ ਸਕਦਾ
ਤੇਰੇ ਪੈਰਾਂ ਦੀ ਧੂੜ ਵਰਗਾ ਵੀ!

### ਹੁਣ!


ਕਿੰਞ ਫੜੀਏ ਵਰਤਮਾਨ
ਕਿੰਞ ਫੜੀਏ ਹੁਣ
ਕਿੱਥੇ ਹੈ ਵਰਤਮਾਨ
ਕਿੱਥੇ ਹੈ ਹੁਣ ਜਦ ਤੱਕ ਇਹਦਾ
ਅਹਿਸਾਸ ਕਰੀਏ
ਹੋ ਜਾਏ ਭੂਤਕਾਲ ਦਾ ਗੁਣ!
ਜੀਉਂਦੇ ਹਾਂ ਭੂਤ ਵਿੱਚ
ਹੰਡਾਏ ਸਬੂਤ ਵਿੱਚ
ਭਵਿੱਖ ਦੇ ਅਨੁਮਾਨ ਵਿਚ
ਆ ਰਹੇ ਵਕਤ ਦੇ
ਸਨਮਾਨ ਵਿੱਚ

ਸਾਹ ਦਾ ਆਉਣਾ ਜਾਣਾ ਹੀ ਹੁਣ ਹੈ
ਬਾਕੀ ਲੰਘ ਗਏ ਦਾ ਹੀ ਰੁਣ ਹੈ
ਇਹ ਸਾਹ ਹੀ ਸ਼ਾਹ ਹੈ
ਕਲਾ ਹੈ ਕਾਵਿ ਹੈ
ਜਿੰਦ ਹੈ ਮਲਾਹ ਹੈ
ਪ੍ਰਭ ਹੈ ਪ੍ਰਭਾ ਹੈ... ਹੁਣ ਹਰਗੁਣ ਹੈ
ਜੀਵਨ ਦੀ ਰੁਣ ਝੁਣ ਹੈ।

### ਰੂਹੇ

ਕਿੰਨੇ ਤੁਫ਼ਾਨਾਂ ਵਿਚ ਦੀ ਹੋ ਕੇ
ਫਿਰ ਵੀ ਠੀਕ ਠਾਕ ਹੈਂ
ਤੇਰਾ ਜ਼ਹਿਨ ਕਿੰਨਾ ਸਾਫ਼ ਹੈ
ਹੈਰਾਨੀ ਹੈ
ਰੱਬ ਤਾਂ ਨਹੀਂ ਹੈ ਤੂੰ!
ਜਾਂ ਕੋਈ ਵੈਦ
ਜ਼ਿੰਦਗੀ ਦੀਆਂ ਪੀੜਾਂ ਦਾ
ਦਰਦ ਦੀਆਂ ਰੀੜਾਂ ਦਾ
ਕਿ ਹਰ ਬਲਾ ਹਰ ਔਖ ਨੂੰ
ਢਾਲ ਦੇਂਦੀ ਰਹੀ ਹੈਂ
ਤਾਕਤ ਵਿਚ ਕਵਿਤਾ ਵਿਚ
ਗੀਤ ਵਿਚ ਸੰਗੀਤ ਵਿਚ
ਚੁੱਪ ਚਾਪ ਸਹਿਜ ਧਿਆਨੁ
ਧੜਕਦੀਏ ਜਗਦੀਏ
ਕਿਸੇ ਜਾਦੂ ਵਾਂਗ
ਹੇ ਮੇਰੀ ਰੂਹੇ...!

## ਅੰਬਰਾਂ ਤੇ ਟੁਣਕਾਰ / ਜਸਵੰਤ ਕੌਰ ਕੰਗ ਬੈਂਸ



ਮੈਂ ਮਾਂ ਬੋਲੀ ਮੇਰੇ ਦੇਸ਼ ਦੀ,
ਮੇਰੀ ਅੰਬਰਾਂ ਤੇ ਟੁਣਕਾਰ ।
ਚੰਦ ਸੂਰਜ ਮੈਨੂੰ ਪਿਆਰਦੇ,
ਸਦਾ ਹੀ ਕਰਨ ਸਤਿਕਾਰ।
ਸਦੀਆਂ ਨੇ ਸਭ ਜਾਣਦੀਆਂ,
ਕਿੰਨਾ ਉੱਚਾ ਮੇਰਾ ਕਿਰਦਾਰ।

ਮੈਂ ਮਾਂ ਬੋਲੀ ਮੇਰੇ ਦੇਸ਼ ਦੀ,
ਮੇਰੀ ਅੰਬਰਾਂ ਤੇ ਟੁਣਕਾਰ ।

ਮੈਨੂੰ ਸਾਂਭਿਆ ਸੰਤ ਫ਼ਕੀਰਾਂ ਨੇ,
ਗੁਰੂਆਂ ਦਾ ਕੀਤਾ ਮੈਂ ਦੀਦਾਰ।
ਚਾਰੇ ਰੁੱਤਾਂ ਨੇ ਸਿਰ ਝੁਕਾਉਂਦੀਆਂ,
ਆਖਣ ਤੂੰ ਏ ਸਾਡੀ ਪਾਲਣਹਾਰ।

ਮੈਂ ਮਾਂ ਬੋਲੀ ਮੇਰੇ ਦੇਸ਼ ਦੀ,
ਮੇਰੀ ਅੰਬਰਾਂ ਤੇ ਟੁਣਕਾਰ ।

ਵੇਲਾਂ, ਫੁੱਲ, ਬੂਟੇ ਨੇ ਹਨ ਵੰਡਦੇ,
ਮੇਰੇ ਹਰ ਪਾਸੇ ਆ ਗੁਲਜ਼ਾਰ।
ਰਾਤਾਂ ਦੇ ਤਾਰੇ ਵੀ ਨੇ ਮੈਨੂੰ ਦੱਸਦੇ,
ਗੂੰਜੇ ਮੇਰੀ ਅੰਬਰਾਂ ਤੇ ਘੁੰਮਕਾਰ।

ਮੈਂ ਮਾਂ ਬੋਲੀ ਮੇਰੇ ਦੇਸ਼ ਦੀ,
ਮੇਰੀ ਅੰਬਰਾਂ ਤੇ ਟੁਣਕਾਰ ।

ਪ੍ਰਦੇਸਾਂ ਵਿੱਚ ਮੈਨੂੰ ਸਾਂਭੀਂ ਬੈਠੇ,
ਆਪਣੀ ਬੁੱਕਲ਼ ਵਿੱਚ ਸਰਦਾਰ।
ਚਾਨਣੀਆਂ ਰਾਤਾਂ ਨੇ ਕਹਿੰਦੀਆਂ,
ਜਾਗਣ ਦੁਨੀਆਂ 'ਚ ਪਹਿਰੇਦਾਰ।
ਮੈਂ ਮਾਂ ਬੋਲੀ ਮੇਰੇ ਦੇਸ਼ ਦੀ,
ਮੇਰੀ ਅੰਬਰਾਂ ਤੇ ਟੁਣਕਾਰ।

## ਦਿਨ ਦੇ ਕੈਨਵਸ 'ਤੇ

ਸੱਚ ਤਾਂ ਇਹ ਹੈ
ਕਿ ਤੁਸੀਂ ਸਵੇਰੇ
ਇੱਕ ਤਾਜ਼ਾ ਮਨ ਲੈ ਕੇ ਜਾਗਦੇ ਓ

ਅਸਮਾਨ ਦਾ ਸੰਧੂਰੀ ਰੰਗ
ਆਪਣੇ ਦਿਨ ਦੇ ਕੈਨਵਸ 'ਤੇ
ਬਿਖਰਾਉਣ ਦੇ ਇਰਾਦੇ ਲੈ ਕੇ

ਫ਼ਿਰ ਕੋਈ ਕੁੱਝ ਆਖ ਬੈਠਦਾ
ਕੋਈ ਐਨਰਜੀ ਵੈਮਪਾਇਰ

ਜੀਵਨ-ਰਸ ਨਿਚੋੜ ਲੈਣ ਲਈ ਹੁੰਦੇ
ਕਈ ਅਚੇਤ-ਸੁਚੇਤ ਉਪਰਾਲੇ
ਤੁਹਾਨੂੰ ਦਿੱਸਦੇ ਈ ਨੀਂ


ਬੇਹਦ ਜ਼ਰੂਰੀ ਹੈ ਇੱਕ ਲਕੀਰ
ਉਨ੍ਹਾਂ ਅਤੇ ਤੁਹਾਡੇ ਦਰਮਿਆਨ

ਡਾਲੀ ਖਿੜਦਾ ਫ਼ੁੱਲ ਵੇਖ
ਬਹੁਤਿਆਂ ਨੂੰ
ਪਹਿਲਾ ਖ਼ਿਆਲ
ਉਸਨੂੰ ਤੋੜਨ ਦਾ ਹੀ ਆਉਂਦੈ

ਗ਼ੌਰ ਨਾਲ਼ ਵੇਖਿਓ
ਅਜਿਹੀ ਦ੍ਰਿਸ਼ਟ ਨੂੰ
ਜਿਸਨੂੰ ਹੱਸਦਿਆਂ ਨਾਲ
ਖਿੜਦਿਆਂ ਨਾਲ
ਕੁਝ ਨਾ ਕੁਝ
ਹਸਦ ਜ਼ਰੂਰ ਹੁੰਦਾ ਹੈ

ਗੁਲਾਬਾਂ ਦੁਆਲੇ
ਕੁਦਰਤ ਨੇ ਕੰਡੇ ਅਜਾਈਂ ਨੀਂ
ਲਾਏ ਹੁੰਦੇ

ਬਿਨਾਂ ਕਾਰਣ
ਫ਼ਲ ਉੱਚੇ ਰੁੱਖਾਂ 'ਤੇ ਨੀਂ ਲੱਗਦੇ



ਉਚਾਈ
ਜਾਂ ਡੂੰਘਾਈ
ਕੁਦਰਤ ਦੇ ਸਬਕ ਨੇ।

## ਬਚਪਨ ਵੀ ਇੱਕ ਰੁੱਤ ਹੁੰਦੀ ਹੈ

ਸਭ ਤੋਂ ਜ਼ਿਆਦਾ
ਮੌਸਮ ਸਾਨੂੰ ਬਚਪਨ 'ਚ ਲਿਜਾਂਦੇ ਹਨ

ਜਿੱਥੇ ਕਿਣਮਿਣ ਸਾਨੂੰ ਮਾਲਪੂੜੇ,
ਪਕੌੜਿਆਂ ਤੇ ਕੋਸੀ ਚਾਹ ਨਾਲ
ਮਿਲਾਉਂਦੀ

ਸਿਆਲਾਂ ਦੀ ਧੁੱਪ
ਜਦ ਨਿੱਘ ਦਿਵਸ ਹੁੰਦਾ

ਗਰਮੀਆਂ 'ਚ
ਛੁੱਟੀਆਂ ਦੇ ਭੰਡਾਰੇ ਲਗਦੇ

ਤੱਤੀਆਂ ਦੁਪਹਿਰਾਂ ਦਾ ਮਖੌਲ
ਬਣਾਉਂਦਿਆਂ
ਖੇਡਣ ਸਾਡਾ ਨਾਅਰਾ ਹੁੰਦਾ

ਅੰਬ, ਜਾਮਣਾਂ,
ਤੇ ਖਜੂਰਾਂ ਦੀਆਂ ਬੁੱਕਾਂ ਭਰੀ
ਖਜ਼ਾਨਿਆਂ ਦੇ ਮਾਲਕ
ਸ਼ਾਨ ਨਾਲ ਤੁਰਦੇ

ਬੇਫ਼ਿਕਰ, ਬੇਪਰਵਾਹ , ਬੇਖ਼ਿਆਲ

ਬਚਪਨ ਵੀ ਇੱਕ ਰੁੱਤ ਹੁੰਦੀ ਹੈ।

## ਔਰਤ ਹੋਣ ਦਾ ਗੁਨਾਹ

ਉਹ ਉਸਨੂੰ ਬੁਰੀ ਤਰ੍ਹਾਂ ਕੁੱਟਦਾ
ਤੇ ਉਹ ਦਰਵਾਜਿਆਂ ਨਾਲ ਟੱਕਰਾਂ
ਮਾਰਦੀ
ਕੁਰਲਾਂਦੀ

ਉਹ ਦਾਰੂ ਦੀ ਬੋਤਲ
ਉਸ ਉੱਪਰ ਵਗਾਹ ਮਾਰਦਾ

ਉਸਨੂੰ ਉਸਦੇ ਬੇਲੀ ਆਖਦੇ
ਕਿ ਔਰਤ ਦੀ ਮੱਤ
ਉਸਦੀ ਗੁੱਤ ਹੇਠ ਹੁੰਦੀ ਹੈ
ਉਹ ਹਰ ਰੋਜ਼
ਉਸਨੂੰ ਇਸੇ ਤਰ੍ਹਾਂ ਮੱਤ ਦਿੰਦਾ

ਅਸਮਾਨੀਂ ਬੈਠਾ
ਰੱਬ ਸ਼ਰਮਸਾਰ ਹੋ ਜਾਂਦਾ
ਉਸਨੂੰ ਆਪਣੇ ਹੀ ਘੜੇ ਹੋਏ ਬੰਦੇ
ਅਸਲੋਂ ਬਿਗਾਨੇ ਜਾਪਦੇ
ਅਜੀਬ ਜਿਹੇ

ਚੀਸਾਂ ਪੈਂਦੀਆਂ ਨਾਲ ਉਹ ਘਰੋ-ਘਰੀਂ
ਬਰਤਨ-ਕਪੜੇ-ਸਫ਼ਾਈਆਂ ਕਰ
ਆਉਂਦੀ

ਜੇ ਕੋਈ ਕਸਰ ਰਹਿ ਜਾਂਦੀ
ਤਾਂ ਉਹ ਘਰ ਦੀਆਂ
ਮਾਲਕਣਾਂ ਪਾਸੋਂ
ਖਰੀ-ਖੋਟੀ ਸੁਣ
ਪੂਰੀ ਕਰ ਆਉਂਦੀ

ਜਗਮਗਾਉਂਦੀ ਸਦੀ ਵਿੱਚ
ਉਹ ਇੱਕ ਗ਼ਰੀਬ
ਔਰਤ ਹੋਣ ਦਾ
ਗੁਨਾਹ ਲੈ ਕੇ ਪੈਦਾ ਹੋਈ ਸੀ।

## ਕਹਾਣੀ / ਚੀਕਣੀ ਮਿੱਟੀ ਦਾ ਰਿਸ਼ਤਾ / ਰਾਜਪ੍ਰੀਤ ਕੌਰ ਬੈਨੀਪਾਲ

ਤਾਈ ਜੀ ਕੇ ਘਰ ਦੇ ਅੰਦਰ ਵੜਦਿਆਂ ਹੀ ਮੈਂ ਦੇਖਿਆ ਮੇਰੇ ਚਾਚੇ ਦੀ ਕੁੜੀ ਸੱਭੋ ਨਿੰਮ੍ਹ ਥੱਲੇ ਬੈਠੀ ਉਹਨਾਂ ਦੀ ਗੁੜੀਆ ਨਾਲ਼ ਖੇਡਣ ਲੱਗੀ ਪਈ ਆ। ਉਹਨੂੰ ਦੇਖ ਕੇ ਮੇਰੇ ਤਾਂ ਸੱਤੀਂ ਕੱਪੜੀਂ ਅੱਗ ਲੱਗ ਗੀ। ਇਹ ਤੜਕੇ ਈ ਕੀ ਲੈਣ ਆਗੀ? ਨਾਲੇ ਇਹ ਸਾਡੀ ਕੁੜੀ ਨਾਲ਼ ਕਾਹਤੋਂ ਖੇਡਦੀ ਆ ? ਬਾਰ ਬੰਦ ਕਰਕੇ ਮੈਂ ਉਹਨਾਂ ਦੇ ਕੋਲ਼ ਜਾ ਖੜ੍ਹੀ। ਗੁੜੀਆ ਬੈਠੀ ਮਿੱਟੀ ਦੇ ਤਾਰੇ ਬਣਾਉਣ ਲੱਗੀ ਹੋਈ ਆ ਤੇ ਸੱਭੋ ਉਹਦੇ ਕੋਲ਼ ਬੈਠੀ ਮਿੱਟੀ ਦੀਆਂ ਗੋਲ਼ੀਆਂ ਵੱਟ-ਵੱਟ ਦਿੰਦੀ ਆ। ਮੈਂ ਸੱਭੋ ਵੱਲ ਔਖਾ ਜਿਹਾ ਝਾਕਦੀ ਨੇ ਗੁੜੀਆ ਨੂੰ ਕਿਹਾ,

''ਤੈਨੂੰ ਪਤਾ ਨੀ ਗੁੜੀਆ ਤੇਰੀ ਮੰਮੀ ਕਹਿੰਦੀ ਹੁੰਦੀ ਆ ਬਈ ਮੀਂਹ ਦੇ ਦਿਨਾਂ 'ਚ ਨੀ ਚੀਕਣੀ ਮਿੱਟੀ ਨਾਲ਼ ਖੇਡਣਾ। ਇਹਦੇ 'ਚ ਗੰਡ-ਗੰਡੋਲ਼ੇ ਹੁੰਦੇ ਆ।''

ਮੇਰੀ ਗੱਲ ਸੁਣ ਕੇ ਉਹ ਤਾਂ ਡਰ ਗਈ ਪਰ ਸੱਭੋ ਲਾਚੜ ਕੇ ਬੋਲੀ,

''ਸਾਨੂੰ ਤਾਂ ਇਹਦੇ ਬੀਜੀ ਨੇ ਕਿਹਾ ਬਈ ਖੇਡਲੋ।''

ਉਹਦੀ ਗੱਲ ਸੁਣ ਕੇ ਮੈਨੂੰ ਤਾਈ ਜੀ ਤੇ ਹਰਖ਼ ਚੜ੍ਹ ਗਿਆ। ਆਹ ਤਾਈ ਜੀ ਵੀ ਐਨੀ ਹਰਾਂਬੜ ਆ ਨਾ ਸਾਰਾ ਦਿਨ ਸੱਭੋ ਨੂੰ ਘੜੀਸ-ਘੜੀਸ ਕੇ ਘਰੇ ਲਿਆਉਂਦੀ ਰਹਿੰਦੀ ਆ। ਊਂ ਵੀ ਜੇ ਕਦੇ ਮੈਨੂੰ ਸੱਦਣ ਜਾਂਦੀ ਆ ਤਾਂ ਸਾਡੇ ਘਰ ਤਾਂ ਬਾਅਦ 'ਚ ਆਉਂਦੀ ਆ ਪਹਿਲਾਂ ਇਹਨਾਂ ਦੇ ਵੜਦੀ ਆ। ਬਈ ਜੇ ਐਨਾ ਈ ਹੇਜ ਮਾਰਦਾ ਤਾਂ ਏਸੇ ਨੂੰ ਰੱਖਲੋ ਆਵਦੀ ਕੁੜੀ ਖਿਡਾਉਣ ਨੂੰ।

ਆਹ ਜਿੱਦਣ ਦਾ ਨਿੱਕਾ ਕਾਕਾ ਹੋਇਆ ਭਾਬੀ ਦੇ ਓਦਣ ਦੀ ਤਾਂ ਬਾਹਲ਼ੀ ਓ ਚਾਂਬਲੀ ਫਿਰਦੀ ਆ। ਤਾਈ ਨੂੰ ਆਏਂ ਹੁੰਦਾ ਬਈ ਕਿਤੇ ਮੈਨੂੰ ਨਾ ਡੱਕਾ ਤੋੜਨਾ ਪੈਜੇ। ਰਾਣੀ ਤਾਂ ਬੱਸ ਕੰਮ ਈ ਕਰੀ ਜਾਵੇ ਸਾਰਾ ਦਿਨ ਤੇ ਸੱਭੋ ਇਹਨਾਂ ਦੀ ਕੁੜੀ ਨੂੰ ਖਿਡਾਈ ਜਾਵੇ। ਕੋਈਨਾ ਮੈਂ ਦੱਸੂੰ ਪਤਾ ਸੱਭੜੀ ਨੂੰ।

ਬੁੜਬੁੜ ਕਰਦੀ ਜਦੋਂ ਮੈਂ ਲੌਬੀ ਆਲ਼ਾ ਬਾਰ ਖੋਲ੍ਹ ਕੇ ਅੰਦਰ ਵੜੀ ਤਾਂ ਵੜਦੀ ਨੂੰ ਈ ਭਾਬੀ ਨੇ ਹੁਕਮ ਚਾੜ੍ਹਤਾ। ਅਖੇ, ''ਰਾਣੀ ਪੁੱਤ ! ਤੂੰ ਚਾਰ ਕੁ ਭਾਂਡੇ ਮਾਂਜਦੇ ਪਹਿਲਾਂ ਫੇਰ ਆਪਾਂ ਕਾਕੇ ਨੂੰ ਨਮ੍ਹਾਉਨੇ ਆਂ।''

ਲੈਅ ਸੁਣਲੋ ਇਹਦੀ ਵੀ ਗੱਲ। ਅਖੇ, 'ਭਾਂਡੇ ਮਾਂਜਦੇ ਪਹਿਲਾਂ'। ਸਾ....ਰੇ ਟੱਬਰ ਨੂੰ ਕੰਮ ਦੀ ਪਈ ਹੋਈ ਆ। ਭਲਾਂ ਦੀ ਮੈਂ ਥੋਡੀ ਕੰਮ ਆਲ਼ੀ ਆਂ। ਕੀ ਹੋਇਆ ਮੈਂ ਭੋਰਾ ਵੱਡੀ ਹੋ ਗਈ ਤੁਸੀਂ ਹੁਣ ਮੈਨੂੰ ਕੰਮ ਤੋਂ ਈ ਸਾਹ ਨੀ ਲੈਣ ਦਿੰਦੀਆਂ। ਕਹਿਣ ਨੂੰ ਤਾਂ ਕੀ ਕਹਿਣਾ , ਊਂ ਹੈਗੀਆਂ ਤਾਂ ਫੇਰ ਇਹ ਵੀ ਲੰਬੜਾਂ ਦੀਆਂ ਤੀਮੀਆਂ ਅਰਗੀਆਂ ਈ। ਉਹ ਜਾਣੀਂਦੀ ਗਾਲ੍ਹਾਂ ਬਾਹਲ਼ੀਆਂ ਕੱਢਦੀਆਂ ਸੀ। ਇਹ ਮੂੰਹ ਦੀਆਂ ਮਿੱਠੀਆਂ ਨੇ।



ਬੱਸ ਜਿੱਦਣ ਦੀ ਮੇਰੀ ਮੰਮੀ ਮਰੀ ਆ ਸਾਡਾ ਤਾਂ ਜਿਉਣਾ ਹਰਾਮ ਹੋਇਆ ਪਿਆ। ਸਾਰੇ ਪਾਸੇ ਕੰਮ ਈ ਕੰਮ। ਗਾਲ੍ਹਾਂ ਈ ਗਾਲ੍ਹਾਂ। ਕਈ ਵਾਰ ਤਾਂ ਮੈਨੂੰ ਆਵਦੀ ਮੰਮੀ 'ਤੇ ਵੀ ਹਰਖ਼ ਚੜ੍ਹ ਜਾਂਦੈ। ਆਪ ਤਾਂ ਖਹਿੜਾ ਛੁਡਾ ਗੀ। ਅਸੀਂ ਕਿੱਧਰ ਨੂੰ ਜਾਈਏ। ਕੋਈ ਰੋਟੀ ਬੀ ਨੀ ਸੀ ਦਿੰਦਾ ਸਾਨੂੰ। ਥੋੜ੍ਹੇ ਕੁ ਦਿਨ ਤਾਂ ਗੁਆਂਢੀ ਦਿੰਦੇ ਰਹੇ ਫੇਰ ਉਹ ਵੀ ਹਟਗੇ। ਹਾਰ ਕੇ ਆਪ ਈ ਕੱਚੀਆਂ-ਪਿੱਲੀਆਂ ਲਾਹ ਕੇ ਖਾਣ ਲੱਗ ਗਏ। ਕਦੇ ਅੱਗ ਨਾਲ਼ ਹੱਥ ਫੂਕ ਜਾਣੇ। ਕਦੇ ਉੱਬਲ਼ਦੀ ਚਾਹ ਪੈਰਾਂ 'ਤੇ ਪੈ ਜਾਣੀਂ। ਕਦੇ ਕਦੇ ਤਾਂ ਮੇਰਾ ਜੀਅ ਕਰਨਾ ਮੈਂ ਵੀ ਅੱਗ 'ਚ ਈ ਮੱਚ ਜਾਵਾਂ ਪਰ ਆਹ ਭੋਰਾ ਭਰ ਬਲੂਰਾਂ ਦਾ ਤਰਸ ਮਾਰ ਜਾਂਦਾ।

ਭਾਪਾ ਤਾਂ ਮੇਰਾ ਨਾ ਹੋਇਆਂ ਵਰਗੈ। ਏਦੂੰ ਤਾਂ ਏਹੀ ਮਰ ਜਾਂਦਾ। ਕਿੰਨਾ ਲੇਖਾ ਭਰਿਆ ਅਸੀਂ। ਲੋਕਾਂ ਦੇ ਜਵਾਕ ਖੇਡਦੇ ਫਿਰਦੇ ਹੁੰਦੇ ਸੀ ਅਸੀਂ ਸ਼ਾਮਲਾਟ 'ਚੋਂ ਡੱਕੇ ਚੁਗਦੇ ਫਿਰਦੇ ਹੁੰਦੇ ਸੀ। ਫੇਰ ਇੱਕ ਦਿਨ ਲੰਬੜਾਂ ਦੀ ਬੁੜੀ ਆ ਗਈ। ਕਹਿੰਦੀ ,

''ਰਾਣੀ ! ਤੂੰ ਸਾਡੇ ਘਰੇ ਕੰਮ ਕਰਾ ਜਿਆ ਕਰ ਥੋਨੂੰ ਅਸੀਂ ਦੁਪਹਿਰ ਦੀ ਰੋਟੀ ਦੇ ਦਿਆ ਕਰਾਂਗੇ।''

ਚਾਅ ਨਾਲ਼ ਭਰੀ ਮੈਂ ਭੱਜੀ ਗਈ। ਚੱਲ ਇੱਕ ਡੰਗ ਦੀ ਰੋਟੀ ਤਾਂ ਰੱਜ ਕੇ ਮਿਲੂਗੀ ਪਰ ਮੇਰਾ ਇਹ ਚਾਅ ਬਾਹਲ਼ੇ ਦਿਨ ਨਾ ਚੱਲਿਆ। ਉਹ ਤਾਂ ਮੇਰਾ ਬਹੁਤਾ ਲੇਖਾ ਲੈਂਦੀਆਂ। ਦੁਪਹਿਰ ਦੀ ਰੋਟੀ ਆਲ਼ੇ ਭਾਂਡੇ ਮਾਂਜਦੀ ਨੂੰ ਮੈਨੂੰ ਢਾਈ-ਤਿੰਨ ਵੱਜ ਜਾਂਦੇ। ਫਿਰ ਬਚੀ-ਖੁਚੀ ਰੋਟੀ ਲੈ ਕੇ ਜਦੋਂ ਘਰ ਨੂੰ ਤੁਰਦੀ ਤਾਂ ਭੁੱਖ ਨਾਲ ਮੇਰੀਆਂ ਲੱਤਾਂ ਕੰਬਣ ਲੱਗਦੀਆਂ। ਥੱਕੀ-ਥਕਾਈ ਜਦੋਂ ਮੈਂ ਘਰੇ ਪਹੁੰਚਦੀ ਤਾਂ ਰੋਟੀ ਆਲ਼ਾ ਭਾਂਡਾ ਵਿਚਾਲ਼ੇ ਧਰ ਕੇ ਅਸੀ ਤਿੰਨੇ ਜਣੇ ਭੁੱਖਿਆਂ ਆਂਗੂੰ ਟੁੱਟ ਪੈਂਦੇ। ਬਿੰਦ 'ਚ ਸਭ ਕੁਸ਼ ਮੁੱਕ ਜਾਂਦਾ ਪਰ ਸਾਡੀ ਭੁੱਖ ਨਾ ਮੁੱਕਦੀ। ਅਸੀਂ ਗਲਾਸ ਭਰ-ਭਰ ਪਾਣੀ ਪੀਂਦੇ ਪਰ ਸਬਰ ਨਾ ਆਉਂਦਾ। ਫਿਰ ਰਸੋਈ 'ਚੋਂ ਗੁੜ ਚੱਕ ਕੇ ਖਾਣ ਲਗਦੇ ਤਾਂ ਕਿਤੇ ਜਾ ਕੇ ਮਾੜਾ ਜਿਆ ਰੱਜ ਆਉਂਦਾ। ਫਿਰ ਪਤਾ ਈ ਨਾ ਲੱਗਦਾ ਕਿਹੜੇ ਵੇਲ਼ੇ ਅਸੀਂ ਸੌਂ ਵੀ ਜਾਂਦੇ।

ਆਥਣੇ ਫੇਰ ਉਹਨਾਂ ਦੀ ਬੁੜ੍ਹੀ ਲੈਣ ਆ ਖੜ੍ਹਦੀ। ਕਦੇ ਕੋਈ ਕੰਮ ਕਦੇ ਕੋਈ ਕੰਮ। ਉਹ ਤਾਂ ਐਨੀਆਂ ਮਾੜੀਆਂ ਸੀ ਜੇ ਘਰੇ ਕੋਈ ਕੰਮ ਨਾ ਹੁੰਦਾ ਮੈਨੂੰ ਟੋਭੇ ਤੋਂ ਮਿੱਟੀ ਲੈਣ ਤੋਰ ਦਿੰਦੀਆਂ। ਊਂਈ ਘਰੇ ਢੇਰ ਲਾਈ ਰੱਖਦੀਆਂ। ਮਿੱਟੀ ਦਾ

ਤਸਲਾ ਚੱਕੀ ਆਉਂਦੀ ਨੂੰ ਈ ਇੱਕ ਦਿਨ ਭਾਬੀ ਮਿਲ਼ੀ ਸੀ। ਉਹ ਮੈਨੂੰ ਕਹਿੰਦੀ,

''ਰਾਜੇ ! ਤੂੰ ਸਾਡੇ ਘਰੇ ਆਂਈਂ ਆਥਣੇ ''

ਆਏ-ਹਾਏ ਮੇਰੇ ਮੂੰਹੋਂ ਤਾਂ ਮਸਾਂ 'ਹਾਂ' ਨਿੱਕਲ਼ੀ। ਆਥਣੇ ਵੀ ਮੈਂ ਜਕਦੀ-ਜਕਦੀ ਇਹਨਾਂ ਦੇ ਘਰੇ ਵੜੀ। ਭਾਬੀ ਨੇ ਬਾਹਲ਼ੇ ਮੋਹ ਨਾਲ ਬੁਲਾਇਆ ਮੈਨੂੰ। ਨਾਲ਼ੇ ਮੈਨੂੰ ਲਿਫਾਫੇ 'ਚ ਪਾ ਕੇ ਲੱਡੂ ਫੜਾਏ। ਕਹਿੰਦੀ ਘਰੇ ਜਾ ਕੇ ਆਵਦੇ ਭੈਣ-ਭਾਈਆਂ ਨੂੰ ਵੀ ਖਵਾ ਦਈਂ। ਭਲਾਂ ਐਨਾ ਪਿਆਰ ਵੀ ਕੋਈ ਕਰਦਾ ਸਾਨੂੰ ? ਸਾਰੇ ਤਾਂ ਬੱਸ ਦੁਰਪਰੇ ਈ ਕਰਦੇ ਆ। ਮੇਰਾ ਜੀਅ ਕਰੇ ਭਾਬੀ ਨੂੰ ਘੁੱਟ ਕੇ ਜੱਫ਼ੀ ਪਾ ਲਮਾਂ। ਮੈਂ ਬੱਸ ਚੁੱਪ ਕਰਕੇ ਖੜ੍ਹੀ ਰਹੀ। ਉਹ ਮੈਨੂੰ ਪੁੱਛਣ ਲੱਗੀ,

''ਰਾਣੀ ! ਤੂੰ ਸਾਡੀ ਗੁੜੀਆ ਨੂੰ ਖਿਡਾ ਲਿਆ ਕਰੇਂਗੀ ? ਅਸੀਂ ਤੈਨੂੰ ਪੈਸੇ ਦੇ ਦਿਆ ਕਰਾਂਗੇ ਤੇ ਨਾਲ਼ੇ ਰੋਟੀ।''

''ਹੈਂ ?''ਮੈਨੂੰ ਤਾਂ ਯਕੀਨ ਨਾ ਆਵੇ ਆਵਦੇ ਕੰਨਾਂ 'ਤੇ। ਮੈਂ ਤਾਂ ਝੱਟ ਦੇਣੇ 'ਹਾਂ' ਕਹਿਤੀ। ਫੇਰ ਮੇਰਾ ਰੋਣ ਨਿੱਕਲ਼ ਗਿਆ ਪਰ ਮੈਂ ਕਿਸੇ ਨੂੰ ਪਤਾ ਨਾ ਲੱਗਣ ਦਿੱਤਾ। ਫ਼ਟਾਫ਼ਟ ਘਰ ਨੂੰ ਤੁਰਪੀ। ਮੈਂ ਸਾਰੇ ਰਾਹ ਰੋਂਦੀ ਆਈ। ਹਾਏ ! ਅੱਜ ਪੂਰੇ ਦੋ ਸਾਲਾਂ ਬਾਅਦ ਕਿਸੇ ਨੇ ਮੈਨੂੰ ਖੇਡਣ ਦੀ ਗੱਲ ਕਹੀ ਸੀ। ਮੈਂ ਤਾਂ ਸੋਚ-ਸੋਚ ਖੁਸ਼ੀ ਦੇ ਮਾਰੇ ਸਾਰੀ ਰਾਤ ਨਾ ਸੁੱਤੀ। ਫਟਾਫਟ ਘਰ ਦਾ ਕੰਮ ਮਕਾ ਕੇ ਮੈਂ ਸਾਝਰੇ ਈ ਉਹਨਾਂ ਦੇ ਘਰੇ ਜਾ ਵੜੀ। ਉਹ ਦਿਨ ਤੇ ਆਹ ਦਿਨ ਮੁੜਕੇ ਨੀ ਮੈਂ ਲੰਬੜਾਂ ਦੇ ਗਈ। ਏਥੇ ਤਾਂ ਭਾਬੀ ਨੇ ਸਾਡੀ ਜ਼ਿੰਦਗੀ ਸਮਾਰ ਤੀ ਜਿਵੇਂ ਮੈਂ ਇਹਨਾਂ ਦੀ ਓ ਕੁੜੀ ਹੋਵਾਂ। ਭੋਰਾ ਫ਼ਰਕ ਨੀ ਰੱਖਦੇ ਪਰ ਸੱਚ ਦੱਸਾਂ ? ਮੰਮੀ ਤਾਂ ਹਜੇ ਵੀ ਬਾਹਲ਼ੀ ਯਾਦ ਆਉਂਦੀ ਰਹਿੰਦੀ ਆ।

ਦਿਨ ਤਾਂ ਕੰਮਾਂ 'ਚ ਈ ਨੰਘ ਜਾਂਦੈ ਪਰ ਰਾਤ ਨੂੰ ਔਖਾ ਲੱਗਦਾ ਜਦੋਂ ਸੌਣ ਵੇਲੇ ਭਿੰਦਾ ਰੋਣ ਲੱਗ ਜਾਂਦਾ ਬਈ ਮੈਂ ਤਾਂ ਮੰਮੀ ਨਾਲ਼ ਸੌਣਾਂ। ਚਾਹੇ ਮੈਂ ਉਹਨੂੰ ਆਵਦੇ ਨਾਲ਼ ਪਾ ਕੇ ਕਹਿ ਦਿੰਨੀ ਆਂ ਬਈ ਮੈਂ ਈ ਤੇਰੀ ਮੰਮੀ ਆਂ ਤੂੰ ਮੇਰੇ ਨਾਲ਼ ਸੌਂ ਜਾਹ ਪਰ ਰਾਤ ਨੂੰ ਪਈ ਦਾ ਮੇਰਾ ਰੋਣਾਂ ਈ ਨਿੱਕਲ਼ੀ ਜਾਂਦਾ ਰਹਿੰਦਾ।

ਆਹ ਅੱਧੀ ਕਮਲ਼ੀ ਹੋਈ ਫ਼ਿਰਦੀ ਨਿੱਕੀ ਨੂੰ ਦੇਖ ਕੇ ਊਂ ਮੇਰਾ ਦਮਾਗ ਖਰਾਬ ਹੋ ਜਾਂਦਾ। ਜਿੱਦਣ ਦੀ ਮੰਮੀ ਮਰੀ ਆ ਇਹ ਤਾਂ ਕਮਲੀ ਜਿਹੀ ਓ ਹੋਗੀ। ਕੱਲੀ ਓ ਬੋਲਦੀ ਫਿਰੀ ਜਾਂਦੀ ਰਹਿੰਦੀ ਆ। ਕਦੇ-ਕਦੇ ਬੈਠੀ ਆਂਏਂ ਗੱਲਾਂ ਕਰੂ ਜਿਵੇਂ ਮੰਮੀ ਇਹਦੇ ਕੋਲ਼ ਬੈਠੀ ਹੋਵੇ। ਇਕ ਦਿਨ ਜਦੋਂ ਮੈਂ ਘਰੇ ਆਈ ਤਾਂ ਇਹ ਮੰਮੀ ਦਾ ਝੱਗਾ ਪਾ ਕੇ ਭੁੰਜੇ ਈ ਸੁੱਤੀ ਪਈ। ਮੈਂ ਮਸਾਂ ਠਾਲ਼ੀ। ਉੱਠ ਕੇ ਮੈਨੂੰ ਪਤਾ ਕੀ ਕਹਿੰਦੀ,

''ਪਿੰਕੀ ! ਦੇਖੀਂ ਆਹ ਝੱਗੇ 'ਚੋਂ ਆਪਣੀ ਮੰਮੀ ਦਾ ਮੁਸ਼ਕ ਆਉਂਦਾ।''

ਇਹਦੀ ਗੱਲ ਸੁਣ ਕੇ ਮੈਂ ਓਥੇ ਈ ਬਹਿ ਕੇ ਬਾਹਲ਼ਾ ਰੋਈ। ਫੇਰ ਇਹਨੇ ਤਿੰਨ-ਚਾਰ ਦਿਨ ਉਹ ਝੱਗਾ ਨਾ ਲਾਹਿਆ ਭਾਵੇਂ ਇਹਦੇ ਪੈਰਾਂ 'ਚ ਪੈਂਦਾ ਸੀ। ਕਈ ਵਾਰ ਉਹਦੇ 'ਚ ਅੜ੍ਹਕ ਕੇ ਵੀ ਡਿੱਗਪੀ। ਫੇਰ ਹਾਰ ਕੇ ਭਾਬੀ ਤੋਂ ਨਮੀਂ ਫਰਾਕ ਸਮਾਈ। ਉਹ ਪਾਉਣ ਦੇ ਬਹਾਨੇ ਮਸਾਂ ਵਡਿਆ ਕੇ ਮੈਂ ਇਹਦਾ ਝੱਗਾ ਲਾਹਿਆ।

ਆਹ ਹੁਣ ਇੱਕ ਚੁੰਨੀ ਪਤਾ ਨੀ ਕਿੱਤੋਂ ਲੱਭਲੀ ਮੰਮੀ ਦੀ। ਕਦੇ ਉਹਦੇ 'ਚ ਮੂੰਹ-ਸਿਰ ਲਵ੍ਹੇਟ ਕੇ ਪੈ ਜਾਂਦੀ ਆ। ਕਦੇ ਆਵਦੇ ਥੱਲੇ ਵਿਛਾ ਕੇ ਸੌਂ ਜਾਂਦੀ ਆ। ਰਾਤ ਨੂੰ ਭਿੰਦਾ ਰੋਣ ਲੱਗ ਜਾਂਦਾ ਬਈ ਮੈਂ ਵੀ ਲੈਣੀ ਆ। ਇਹ ਮੇਰੀ ਮੰਮੀ ਦੀ ਚੁੰਨੀ ਆ। ਹਾਰ ਕੇ ਭਾਬੀ ਨੂੰ ਕਿਹਾ ਬਈ ਮੈਨੂੰ ਇੱਕ ਚਾਦਰ ਲਿਆ ਕੇ ਦੇਹ। ਉਹਦੇ 'ਤੇ ਫੋਟੋ ਵੱਡੀ ਸਾਰੀ ਫ਼ੋਟੋ ਕੱਢ ਲੈਣੀ ਆ ਮੈਂ ਆਵਦੀ ਮੰਮੀ ਅਰਗੀ। ਰਾਤ ਨੂੰ ਬੈੱਡ 'ਤੇ ਵਿਛਾ ਕੇ ਪੈ ਜਿਆ ਕਰਾਂਗੇ ਤਿੰਨੇ ਭੈਣ-ਭਾਈ ਕੁੰਗੜ ਕੇ।

'ਰਾਣੀ ! ਭਾਂਡਿਆਂ ਦਾ ਖੜਕਾ ਨਾ ਕਰ। ਕਾਕਾ ਸੁੱਤਾ ਪਿਆ।'' ''ਅੱਛਾ ਭਾਬੀ ਜੀ !''

ਕਹਿ ਕੇ ਮੈਂ ਆਵਦੀਆਂ ਅੱਖਾਂ ਪੂੰਝ ਕੇ ਹੌਲ਼ੀ-ਹੌਲ਼ੀ ਭਾਂਡੇ ਮਾਂਜਣ ਲੱਗੀ ਜਦੋਂ ਮੈਂ ਬਾਰੀ ਵਿੱਚ ਦੀ ਬਾਹਰ ਨੂੰ ਝਾਕੀ ਤਾਂ ਮੈਨੂੰ ਫੇਰ ਤੱਤ ਚੜ੍ਹ ਗਿਆ। ਐਨੀ ਹਰਾਂਬੜ ਆ ਸੱਭੜੀ ਜਿਹੀ। ਆਹ ਹੁਣ ਨੰਬਰ ਬਣਾਉਣ ਦੀ ਮਾਰੀ ਸਾਡੀ ਗੁੜੀਆ ਨੂੰ ਮੋਢਿਆਂ 'ਤੇ ਚੱਕੀ ਫਿਰਦੀ ਆ। ਭਲਾਂ ਦੀ ਪੁੱਛਣ ਆਲ਼ਾ ਹੋਵੇ ਇਹਨੂੰ ਬਈ ਧੱਖ ਜਿਹੀ ਤਾਂ ਤੂੰ ਹੈਗੀ ਆਂ ਤੇ ਰੀਸਾਂ ਕਰਦੀ ਆਂ ਮੇਰੀਆਂ। ਊਂਈ ਨਾ ਕਿਤੇ ਡੂਹਾ ਤੜਾ ਕੇ ਬਹਿਜੀਂ। ਕੋਈਨਾ !ਕੋਈਨਾ! ਚਾਮ੍ਹਲ ਲਾ ਜਿੰਨ੍ਹਾਂ ਚਾਮ੍ਹਲਿਆ ਜਾਂਦਾ ਜੇ ਗੋਡਿਆਂ ਹੇਠ ਦੇ ਕੇ ਨਾ ਵੱਢੀ ਤਾਂ ਮੇਰਾ ਨੌਂ ਵੀ ਰਾਣੀ ਨੀ।

ਆਹ ਗੁੜੀਆ ਵੀ ਖੇਡ-ਖੇਡ ਰੱਜਦੀ ਨੀ। ਆਹ ਬਿੰਦ ਕੁ ਨੂੰ ਹਲਟੀ 'ਤੇ ਜਾ ਵੜੂ ਤਾਇਆ ਜੀ ਨਾਲ਼। ਓਥੇ ਮੇਰੇ ਭਾਪੇ ਨਾਲ਼ ਕਮਲ਼ ਕੁੱਟੀ ਜਾਊ ਬੈਠੀ। ਉਹ ਆਖੀ ਜਾਊ ' ਤੇਰਾ ਮਾਮਾ ਕਾਲ਼ਾ ' ਤੇ ਇਹ ਉਹਨੂੰ ਕਹੂ, ''ਤੂੰ ਕਾਲ਼ਾ ਭੂਤ ''

ਮੈਂ ਤਾਂ ਕਹਿਨੀ ਆਂ ਉਹ ਭੂਤ ਨੀ ਰਾਖ਼ਸ਼ ਆ ਰਾਖ਼ਸ਼ ਜੀਹਨੇ ਮੇਰੀ ਮੰਮੀ ਖਾ ਲੀ। ਹਾਏ ! ਕਿੰਨਾ ਪਿਆਰ ਕਰਦੀ ਸੀ ਸਾਨੂੰ। ਕੰਮ ਵੀ ਐਨਾ ਕਰਦੀ ਰਹੇ ਰੱਬ ਦਾ ਨੌਂ। ਉਹ ਚੁੱਲ੍ਹਾ-ਚੌਂਕਾ ਐਨਾ ਸੋਹਣਾ ਬਣਾਉਂਦੀ ਬਈ ਸਾਰੇ ਪਿੰਡ ਦੀਆਂ ਬੁੜ੍ਹੀਆਂ ਉਹਦੇ ਮਗਰ-ਮਗਰ ਫਿਰਦੀਆਂ। ਅਗਲੀ ਸਾਡੇ ਬਾਰ ਮੂਹਰੇ ਆ ਕੇ ਆਖਦੀ,

''ਕੁੜੇ ਜੀਤੋ ! ਸਾਡੇ ਚੁੱਲ੍ਹੇ ਨੂੰ ਮਿੱਟੀ ਤਾਂ ਲਾ ਕੇ ਆਂਈਂ ਬਾਹਲ਼ਾ ਈ ਖਰਾਬ ਹੋਇਆ ਪਿਆ।''

''ਅੰਮਾਂ ਜੀ ! ਮਿੱਟੀ ਲਿਆਂਦੀ ਪਈ ਆ ?'' ਮੰਮੀ ਅਗਲੀ ਦੇ ਪੈਰੀਂ ਹੱਥ ਲਾਉਂਦੀ ਪੁੱਛਦੀ।

''ਲੈਅ ! ਤੇਰੇ ਅਰਗੀ ਮਿੱਟੀ ਕਿੱਥੇ ਲਿਆ ਹੁੰਦੀ ਸਾਥੋਂ। ਤੂੰ ਆਪੇ ਭਰ ਲਿਆ ਕੁੜ੍ਹੇ ਤਸਲਾ।''

ਮੇਰੀ ਮੰਮੀ ਚਾਅ ਨਾਲ਼ ਭਰੀ ਆਵਦਾ ਹਥਲਾ ਕੰਮ ਓਥੇ ਈ ਛੱਡ ਕੇ , ਤਸਲਾ ਖੁਰਪੀ ਚੱਕ ਕੇ ਟੋਭੇ ਨੂੰ ਹੋ ਤੁਰਦੀ ਤੇ ਉਹਦੇ ਮਗਰੇ ਮੈਂ ਵੀ ਉਹਦੀ ਪੈੜ 'ਚ ਪੈੜ ਧਰਦੀ ਤੁਰੀ

ਜਾਂਦੀ।

''ਰਾਣੀ ! ਅਜੇ ਮਾਂਜ ਨੀ ਹੋਏ ਭਾਂਡੇ ? ''ਤਾਈ ਜੀ ਦਾ ਔਖਾ ਜਿਹਾ ਬੋਲ ਸੁਣ ਕੇ ਮੈਨੂੰ ਹੋਰ ਹਰਖ ਚੜ੍ਹ ਗਿਆ ਪਰ ਮੈਂ ਬੋਲੀ ਕੁਛ ਨਾ।

ਮੱਚੀ-ਮਚਾਈ ਨੇ ਮੈਂ ਭਾਂਡੇ ਧੋਤੇ। ਸੈਲਫ ਸਾਫ ਕੀਤੀ ਤੇ ਬਾਹਰ ਆ ਗਈ। ਏਧਰ ਤਾਈ ਕੁਰਸੀ 'ਤੇ ਬੈਠੀ ਸੱਭੋ ਨੂੰ ਤੇ ਗੁੜੀਆ ਨੂੰ ਪੱਖੇ ਨਾਲ਼ ਝੱਲ ਮਾਰਨ ਲੱਗੀ ਪਈ ਆ। ਦੇਖ ਤਾਂ ! ਕਿੰਨੀ ਸੇਵਾ ਹੁੰਦੀ ਆ ਸੱਭੜੀ ਦੀ। ਜੀਅ ਕਰਦਾ ਜੂੰਡਿਆਂ ਤੋਂ ਫੜ੍ਹ ਕੇ ਬਾਹਰ ਮਾਰਾਂ। ਉਹਦੇ ਵੱਲ ਕੌੜਾ-ਕੌੜਾ ਝਾਕਦੀ ਮੈਂ ਤਾਈ ਜੀ ਦੇ ਕੋਲ਼ ਨੂੰ ਹੋ ਕੇ ਕਿਹਾ,

''ਤਾਈ ਜੀ ! ਮੈਂ ਘਰੇ ਜਾ ਕੇ ਆਈ ਮਾੜਾ ਜਿਆ।'' ਤੇ ਬਿਨਾਂ ਕੋਈ ਉੱਤਰ-ਜਵਾਬ ਉਡੀਕੇ ਮੈਂ ਘਰ ਨੂੰ ਤੁਰ ਪਈ।

ਆਏ-ਹਾਏ ! ਕਿੰਨੀ ਗਰਮੀ ਹੋਈ ਪਈ ਆ। ਬਾਹਲ਼ੀ ਤਿੱਖੀ ਧੁੱਪ ਆ। ਕਿਧਰੇ ਬੱਦਲ ਬੀ ਨੀ ਦੀਂਹਦਾ। ਹੁਣ ਘਰੇ ਗਈ ਦੇ ਕਿਤੇ ਜੁਆਕ ਨਾ ਮਗਰ ਪੈ ਜਾਣ। ਉਹ ਤਾਂ ਖਬਰਾ ਸੁੱਤੇ ਪਏ ਹੋਣ। ਸਿਖਰ ਦੁਪਹਿਰਾ ਤਾਂ ਹੋਇਆ ਪਿਆ। ਆਵਦੇ ਦਰਾਂ ਮੂਹਰੇ ਪਹੁੰਚ ਕੇ ਮੈਂ ਮੱਲਕ ਦੇਣੇ ਕੁੰਡਾ ਖੋਲ੍ਹਿਆ ਤੇ ਨਲ਼ਕੇ ਕੋਲੋਂ ਤਸਲਾ ਚੱਕ ਕੇ ਓਨ੍ਹੀਂ ਪੈਰੀਂ ਮਗਰ ਮੁੜਪੀ। ਦੇਖੀਂ ਗਰਮੀ ਕਰਕੇ ਕਿਮੇਂ ਸੁੰਨ ਪਸਰੀ ਪਈ ਆ। ਕੋਈ ਬਾਹਰ ਨੀ ਦੀਂਹਦਾ। ਅੱਜ ਤਾਂ ਹਲਟੀ 'ਤੇ ਵੀ ਕਾਂ ਬੋਲਦੇ ਲਗਦੇ ਆ। ਹੁਣ ਐਥੇ ਕਿਧਰੇ ਭਾਪਾ ਨਾ ਬੈਠਾ ਦਾਰੂ ਪੀਂਦਾ ਹੋਵੇ। ਪਿਛਲੇ ਕਈ ਦਿਨਾਂ ਦਾ ਦਿਨ-ਰਾਤ ਈ ਚੱਲਿਆ ਪਿਆ। ਜਦੋਂ ਬੋਰ ਕਰਾਈ ਦੇ ਵੱਧ ਪੈਸੇ ਵੱਟ ਲੈਂਦਾ ਫੇਰ ਇਹਦਾ ਆਹੀ ਕੁਛ ਰਹਿੰਦਾ।

ਮੈਂ ਸੋਚਦੀ ਹੁੰਨੀ ਆਂ ਬਈ ਏਦੂੰ ਤਾਂ ਏਹੀ ਮਰ ਜਾਂਦਾ। ਭੋਰਾ ਫਿਕਰ ਨੀ ਇਹਨੂੰ ਸਾਡਾ ਸਗੋਂ ਜਿੰਨਾ ਚਿਰ ਇਹ ਘਰੇ ਨੀ ਵੜਦਾ ਓਨਾ ਚਿਰ ਨਿੱਕੀ ਇਹਦੇ ਮਗਰੇ ਰਹੂ। ਇਹ ਜਿੱਥੇ ਬੈਠਾ ਪੀਂਦਾ ਹੋਊ ਓਥੇ ਈ ਨੇੜੇ-ਤੇੜੇ ਲੁਕ ਕੇ ਖੜ੍ਹੀ ਇਹਨੂੰ ਦੇਖੀ ਜਾਊ ਇਹਤੋਂ ਚੋਰੀ-ਚੋਰੀ। ਫਿਰ ਜਦ ਇਹ ਘਰ ਨੂੰ ਤੁਰ ਪੈਂਦਾ ਤਾਂ ਇਹ ਵੀ ਮਗਰੇ ਆ ਜਾਂਦੀ ਆ। ਉਹਦੇ ਸ਼ਰਾਬੀ ਹੋਏ ਪਏ ਦੀਆਂ ਕਦੇ ਚੱਪਲਾਂ ਲਾਹੂ। ਕਦੇ ਉਹਦੇ 'ਤੇ ਕੱਪੜਾ ਦਿੰਦੀ ਫਿਰੂ। ਕਦੇ ਉਹਦਾ ਲਿੱਬੜਿਆ ਮੂੰਹ ਸਾਫ਼ ਕਰੂ। ਤੁਰੀ ਜਾਂਦੀ ਮੈਂ ਟੇਢੀ ਜਿਹੀ ਅੱਖ ਨਾਲ਼ ਦਰਵਾਜੇ ਦੇ ਅੰਦਰ ਨੂੰ ਝਾਕੀ। ਓਥੇ ਤਾਂ ਬੱਸ ਦੇਵ ਤਾਇਆ ਮੰਜੀ ਡਾਹੀ ਪਿਆ ਕੱਲਾ ਈ।

ਡਰਦੀ-ਡਰਦੀ ਜਿਹੀ ਮੈਂ ਬਾਬੇ ਸ਼ਹੀਦਾਂ ਆਲ਼ੇ ਪਾਸੇ ਦੀ ਮੁੜਦੀ ਕੱਚੀ ਬੀਹੀ ਤੋਂ ਟੋਭੇ ਵੱਲ ਨੂੰ ਹੋ ਤੁਰੀ। ਆਏ ਹਾਏ ! ਕਿਮੇਂ ਘਾਹ ਉੱਗਿਆ ਪਿਆ। ਤਾਂ ਹੀ ਤਾਂ ਭਾਬੀ ਜੀ ਏਸ ਰੁੱਤੇ ਆਉਣ ਨੀਂ ਦਿੰਦੇ ਏਧਰ। ਟੋਭਾ ਵੀ ਹੁਣ ਤਾਂ ਬਾਹਲ਼ਾ ਈ ਡੂੰਘਾ ਹੋ ਗਿਆ। ਜਾਇ ਵੱਢੇ ਸਰਪੈਂਚ ਨੇ ਮਿੱਟੀ ਚਕਾ-ਚਕਾ ਕੇ ਖੂਹ ਬਣਾਇਆ ਪਿਆ।

ਹੁਣ ਖੜ੍ਹਜੋ! ਪਹਿਲਾਂ ਚੱਪਲਾਂ ਲਾਹ ਕੇ ਸਲਵਾਰ ਦੀਆਂ ਮੂਰ੍ਹੀਆਂ ਚੜ੍ਹਾ ਲਮਾਂ। ਹੋਰੇ ਕਿਤੇ ਚੱਪਲਾਂ ਨਾਲ਼ ਤਿਲਕ ਕੇ ਧੜੰਮ ਦੇ ਕੇ ਟੋਭੇ 'ਚ ਜਾ ਪਮਾਂ। ਏਥੋਂ ਤਾਂ ਕਿਸੇ ਨੇ ਕੱਢਣਾ ਬੀ ਨੀ। ਉਂ ਤਾਂ ਮੈਂ ਕਮਲ਼ ਈ ਕੁੱਟ ਲਿਆ ਸਿਖ਼ਰ ਦੁਪਹਿਰੇ ਆ ਕੇ। ਨਾਲ਼ੇ ਗੱਲਾਂ ਕਰਦੇ ਹੁੰਦੇ ਬਈ ਅਹਿ ਵੇਲ਼ੇ ਭੂਤਾਂ ਨੱਚਦੀਆਂ ਨੇ ਔਹ ਪਿੱਪਲ਼ 'ਤੇ। ਨਾ ਭਾਈ! ਮੈਂ ਤਾਂ ਝਾਕਣਾ ਓ ਨੀ ਓਧਰ ਨੂੰ। ਮੇਰੀਆਂ ਤਾਂ ਡਰਦੀ ਦੀਆਂ ਭਾਈ ਲੱਤਾਂ ਕੰਬੀ ਜਾਂਦੀਆਂ ਨੇ।

ਜੇ ਜੱਕਾਂ ਕਰਦੀ ਮੈਂ ਹੌਲ਼ੀ-ਹੌਲ਼ੀ ਓਧਰ ਨੂੰ ਪੈਰ ਧਰਨ ਲੱਗੀ ਜਿੱਧਰੋਂ ਮੇਰੀ ਮੰਮੀ ਰੇਸ਼ਮ ਅਰਗੀ ਕੂਲ਼ੀ ਮਿੱਟੀ ਕੱਢਦੀ ਹੁੰਦੀ ਸੀ। ਉਹ ਤਸਲਾ ਆਵਦੇ ਬਰਾਬਰ ਧਰ ਕੇ ਪਹਿਲਾਂ ਖ਼ੁਰਪੇ ਨਾਲ਼ ਉੱਪਰਲੀ ਮਿੱਟੀ ਪਰ੍ਹੇ ਹਟਾ ਦਿੰਦੀ। ਫੇਰ ਡੂੰਘਾ ਟੋਆ ਪੱਟ ਕੇ ਜਦੋਂ ਚੀਕਣੀ ਮਿੱਟੀ ਤਸਲੇ ਵਿੱਚ ਭਰਨ ਲੱਗਦੀ ਤਾਂ ਉਹ ਆਪੇ ਬੋਲਣ ਲੱਗਦੀ,

''ਜੀਤੋ ਅਰਗੀ ਮਿੱਟੀ ਕੀਹਨੇ ਕੱਢ ਲੈਣੀ ਆ ਟੋਭੇ 'ਚੋਂ ? ਨਾ ਜੇ ਭਲਾਂ ਦੀ ਮੈਨੂੰ ਕੁਸ਼ ਹੋਜੇ ਤਾਂ ਅੱਧੇ ਪਿੰਡ ਦੇ ਚੁੱਲ੍ਹੇ ਤਪਣੋਂ ਹਟ ਜਾਣ।''

ਉਹਦੀ ਗੱਲ ਸੱਚੀ ਨਿੱਕਲ਼ੀ। ਜਿਸ ਰਾਤ ਉਹ ਮਰੀ ਸੀ ਤਾਂ ਸਾਡੇ ਪਿੰਡ ਰੋਟੀ ਨੀ ਸੀ ਪੱਕੀ। ਚੰਗੀ ਭਲੀ ਆਈ ਸੀ ਸਰਪੈਂਚਾਂ ਦੇ ਘਰੋਂ। ਉਹਨਾਂ ਦੇ ਛੋਟੇ ਮੁੰਡੇ ਦਾ ਵਿਆਹ ਸੀ। ਓਥੇ ਕੰਮ ਕਰਦੀ-ਕਰਦੀ ਵਿਚਾਰੀ ਸਾਨੂੰ ਰੋਟੀ ਦੇਣ ਆਗੀ। ਜਦੋਂ ਉਹਨੇ ਮਟਰ ਪਨੀਰ ਆਲ਼ਾ ਡੋਲੂ ਧਰ ਕੇ , ਰੋਟੀਆਂ ਤੇ ਜਲੇਬੀਆਂ ਵਾਲ਼ੀ ਥਾਲ਼ੀ ਚੌਂਕੇ 'ਚ ਧਰੀ ਤਾਂ ਅਸੀਂ ਤਿੰਨੇ ਜਾਣੇ ਜਲੇਬੀਆਂ ਨੂੰ ਟੁੱਟ ਕੇ ਪੈ ਗਏ। ਅਸੀਂ ਤਾਂ ਅਜੇ ਜਲੇਬੀ ਦੀ ਪਹਿਲੀ ਦੰਦੀ ਵੱਢੀ ਸੀ ਓਧਰੋਂ ਮੇਰੇ ਭਾਪੇ ਨੇ ਆ ਕੇ ਥਾਲ਼ੀ ਵਿੱਚ ਏਨੇ ਜੋਰ ਦੀ ਲੱਤ ਮਾਰੀ ਬਈ ਸਭ ਕੁਸ਼ ਵਿਹੜੇ 'ਚ ਖਿੰਡ ਗਿਆ। ਮੁੜਕੇ ਓਥੇ ਈ ਮੇਰੀ ਮੰਮੀ ਨੂੰ ਲੱਤਾਂ ਨਾਲ਼ ਭੰਨਣ ਲੱਗਿਆ। ਅਸੀਂ ਚੀਕਾਂ ਮਾਰਦੇ ਅੰਦਰ ਨੂੰ ਭੱਜ ਲਏ।

ਭਾਪੇ ਦਾ ਇਹ ਰੋਜ਼ ਦਾ ਕੰਮ ਸੀ। ਜਦੋਂ ਉਹ ਮੰਮੀ ਨੂੰ ਕੁੱਟਦਾ। ਮੈਂ ਬਾਹਰ ਭੱਜ ਜਾਂਦੀ। ਮੈਥੋਂ ਮੰਮੀ ਦੀਆਂ ਚੀਕਾਂ ਸੁਣ ਨਾ ਹੁੰਦੀਆਂ। ਮੈਂ ਆਵਦੇ ਕੰਨਾ 'ਤੇ ਹੱਥ ਧਰੀ ਓਥੇ ਤੱਕ ਭੱਜੀ ਜਾਂਦੀ ਜਿੱਥੇ ਤੱਕ ਚੀਕਾਂ ਸੁਣਨੀਆਂ ਬੰਦ ਨਾ ਹੋ ਜਾਂਦੀਆਂ। ਓਥੇ ਕਿਸੇ ਘਰ ਦੇ ਕੌਲ਼ੇ ਨਾਲ਼ ਲੱਗ ਕੇ ਖੜ੍ਹੀ ਰਹਿੰਦੀ। ਮੈਨੂੰ ਘਰੇ ਆਉਣ ਤੋਂ ਡਰ ਲੱਗਦਾ ਪਰ ਜਦੋਂ ਡੂੰਘਾ ਨੇਰ੍ਹਾ ਪੈ ਜਾਂਦਾ ਫਿਰ ਬਾਹਰੋਂ ਵੀ ਭੈਅ ਆਉਂਦਾ।

ਪਰ ਅੱਜ ਮੈਂ ਅੰਦਰ ਬੈਠੀ ਆਵਦੀ ਮਾਂ ਦੀਆਂ ਚੀਕਾਂ ਸੁਣ ਰਹੀ ਸੀ। ਥੋੜ੍ਹੇ ਚਿਰ ਬਾਅਦ ਜਦੋਂ ਕੁੱਟ-ਕਟਾਪਾ ਬੰਦ ਹੋਇਆ ਤਾਂ ਮੈਂ ਚਗਾਠ ਦੇ ਓਹਲਿਓਂ ਸਿਰ ਬਾਹਰ ਕੱਢ ਕੇ ਦੇਖਿਆ। ਭਾਪਾ ਮੰਜੇ 'ਤੇ ਹਫ਼ਿਆ ਬੈਠਾ ਅਜੇ ਵੀ ਮੰਮੀ ਨੂੰ ਗਾਲ੍ਹਾਂ ਕੱਢੀ ਜਾਂਦਾ ਸੀ।

ਅਸੀਂ ਓਮੇਂ-ਜਿਮੇਂ ਜਲੇਬੀਆਂ ਆਵਦੀਆਂ ਮੁੱਠੀਆਂ

'ਚ ਘੁੱਟੀਂ ਜਦੋਂ ਬਾਹਰ ਨਿੱਕਲਣ ਲੱਗੇ ਤਾਂ ਸਾਡੇ ਚੁੱਲ੍ਹੇ-ਚੌਂਕੇ ਵਾਲ਼ੇ ਓਟੇ ਓਹਲਿਓਂ ਲੱਕੜ ਵਾਂਗੂੰ ਮੱਚਦੀ ਕੋਈ ਚੀਜ਼ ਦਿਸੀ। ਉਹਦੀਆਂ ਚੀਕਾਂ ਦੀ ਅਵਾਜ਼ ਸੁਣ ਕੇ ਮੈਨੂੰ ਖਾਸੇ ਚਿਰ ਬਾਅਦ ਪਤਾ ਲੱਗਿਆ ਬਈ ਇਹ ਤਾਂ ਮੇਰੀ ਮੰਮੀ ਨੂੰ ਅੱਗ ਲੱਗੀ ਪਈ ਆ। ਮੈਂ ਤਾਂ ਸੁੰਨ ਹੋ ਗਈ। ਮੈਨੂੰ ਪਤਾ ਨਾ ਲੱਗੇ ਮੈਂ ਕੀ ਕਰਾਂ। ਮੇਰੇ ਮੂੰਹੋਂ ਕੋਈ ਬੋਲ ਨਾ ਨਿੱਕਲਿਆ। ਹੌਲ਼ੀ-ਹੌਲ਼ੀ ਉਹਦਾ ਬੋਲ ਵੀ ਬੰਦ ਹੋ ਗਿਆ ਤੇ ਸ਼ਾਇਦ ਸਾਹ ਵੀ ......। ਉਹ ਧੜੰਮ ਦੇਣੇ ਵਿਹੜੇ ਦੇ ਵਿਚਾਲ਼ੇ ਡਿੱਗ ਪਈ। ਮੇਰਾ ਭਾਪਾ ਰੌਲ਼ਾ ਪਾਉਂਦਾ ਬਾਹਰ ਨੂੰ ਭੱਜ ਗਿਆ। ਰੌਲ਼ਾ ਸੁਣ ਕੇ ਲੋਕ ਸਾਡੇ ਅੰਦਰ ਆ ਗਏ। ਦਲੀਪ ਕੁਰ ਬੇਬੇ ਖੂੰਡੀ ਦੇ ਸਹਾਰੇ ਨਾ਼ਲ ਦੁਹਾਈਆਂ ਪਾਉਂਦੀ ਤੁਰੀ ਆਉਂਦੀ ਭਾਪੇ ਨੂੰ ਗਾਲ੍ਹਾਂ ਕੱਢ ਰਹੀ ਸੀ,

''ਮਾਰਤੀ ਵੇ ਲੋਕੋ ! ਆਹ ਪਾਪੀ ਨੇ ਰਣਜੀਤ ਕੁਰ ਮਾਰਤੀ ਵੇ.......। ਕੋਈ ਡਾਕਦਾਰ ਨੂੰ ਸੱਦ ਕੇ ਤਾਂ ਲਿਆਓ.......।'' ਪਰ ਕਿਸੇ ਨੇ ਡਾਕਟਰ ਲਿਆਉਣ ਦੀ ਲੋੜ ਈ ਸਮਝੀ। ਬੱਸ ਅੰਦਰੋਂ ਖੇਸ ਲਿਆ ਕੇ ਮੇਰੀ ਮੰਮੀ ਦੇ ਉੱਤੇ ਦੇ ਤਾ। ਮੰਮੀ ਵਿਹੜੇ ਦੇ ਵਿਚਾਲ਼ੇ ਸ਼ਾਂਤ ਪਈ ਸੀ। ਬੈਠਾ-ਬੈਠਾ ਭਿੰਦਾ ਕਹਿੰਦਾ,

''ਪਿੰਤੀ ! ਆਪਣੀ ਮੰਮੀ ਭੁੰਜੇ ਈ ਤਾਹਤੋਂ ਸੌਂ ਦਈ?'' ਉਹਦੀ ਗੱਲ ਸੁਣ ਕੇ ਮੈਤੋਂ ਬੋਲ ਨਾ ਹੋਇਆ।

ਸਾਡੇ ਘਰ 'ਚ ਬੰਦਿਆਂ ਦਾ ਰੌਲ਼ਾ ਪੈ ਰਿਹਾ ਸੀ। ਅਸੀਂ ਤਿੰਨੇ ਭੈਣ-ਭਾਈ ਆਵਦੇ ਈ ਘਰ 'ਚ ਓਪਰਿਆਂ ਵਾਂਗੂੰ ਬੈਠੈ ਬਿਟਰ-ਬਿਟਰ ਝਾਕ ਰਹੇ ਸੀ। ਵਿਹੜੇ ਵਿੱਚ ਖਿੰਡੀਆਂ ਪਈਆਂ ਜਲੇਬੀਆਂ ਦੇਖ ਕੇ ਭਿੰਦੇ ਨੂੰ ਹੋਰ ਵੀ ਭੁੱਖ ਲੱਗੀ ਜਾਂਦੀ ਸੀ। ਜਦੋਂ ਉਹਤੋਂ ਨਾ ਈ ਰਹਿ ਹੋਇਆ ਤਾਂ ਮੇਰੇ ਨੇੜੇ ਨੂੰ ਹੋ ਕੇ ਕਹਿੰਦਾ,

''ਪਿੰਤੀ ! ਮੈਨੂੰ ਭੁੱਖ ਲੱਦੀ ਆ। ਅਹੁ ਦਲੇਬੀ ਤੱਕ ਲਿਆਮਾਂ ?''

ਆਵਦੇ ਹੱਥਾਂ ਵਿਚਲੀ ਜਲੇਬੀ ਸ਼ਾਇਦ ਉਹ ਭੁੱਲ ਈ ਗਿਆ ਸੀ। ਮੈਨੂੰ ਉਹਦੇ 'ਤੇ ਬਾਹਲ਼ਾ ਤਰਸ ਆਇਆ ਬਈ ਇਹਨੂੰ ਨਿਆਣੇ ਨੂੰ ਪਤਾ ਈ ਨੀ ਸਾਡੀ ਮੰਮੀ......।

ਸਾਰੀ ਰਾਤ ਮੈਂ ਵਰਾਂਡੇ ਦੇ ਕੌਲ਼ੇ ਨਾਲ ਲੱਗੀ ਬੈਠੀ ਰਹੀ। ਉਹ ਦੋਵੇਂ ਮੇਰੇ ਗੋਡਿਆਂ 'ਤੇ ਸਿਰ ਰੱਖੀ ਸੌਂ ਗਏ। ਜਦੋਂ ਮੈਂ ਭਿੰਦੇ ਦਾ ਮੂੰਹ ਤਾਹਾਂ ਚੱਕਿਆ ਤਾਂ ਉਹ ਸੁੱਤਾ ਪਿਆ ਵੀ ਆਵਦੀ ਜਲੇਬੀ ਵਾਲ਼ੀ ਮੁੱਠੀ ਚੂਸ ਰਿਹਾ ਸੀ। ਮੈਂ ਸੋਚ -ਸੋਚ ਕੇ ਪੱਥਰ ਵਾਂਗੂੰ ਹੋਈ ਜਾਂਦੀ ਸੀ। ਮੈਂ ਕਾਹਨੂੰ ਮਿੱਟੀ ਦੇ ਤੇਲ ਦੀ ਪੀਪੀ ਲਿਆ ਕੇ ਚੁੱਲ੍ਹੇ ਕੋਲ਼ ਧਰੀ ਸੀ ? ਸਾਨੂੰ ਆਂਏ ਕਾਹਤੋਂ ਛੱਡਗੀ ਮੰਮੀ ? ਹੁਣ ਅਸੀਂ ਕੀ ਕਰਾਂਗੇ ਉਹਤੋਂ ਬਿਨਾਂ ? ਮੇਰਾ ਉੱਚੀ-ਉੱਚੀ ਚੀਕਾਂ ਮਾਰਨ ਨੂੰ ਜੀਅ ਕਰਦਾ ਸੀ। ਸਭ ਕੁਛ ਮੇਰੀ ਨਿਆਣੀ ਸਮਝ ਤੋਂ ਪਰ੍ਹੇ ਸੀ। ਮੈਂ ਬੇਜਾਨ ਜਿਹੀ ਹੋਈ ਬੈਠੀ ਅੱਖਾਂ ਪੂੰਝੀ ਜਾਂਦੀ ਸੀ।

ਉੱਚੀ ਦੇਣੇ ਬੱਦਲ਼ ਘੋਰਿਆ। ਮੈਂ ਧੰਦਕ ਗਈ। ਜਦੋਂ ਆਲ਼ੇ-ਦੁਆਲ਼ੇ ਝਾਕੀ ਤਾਂ ਯਾਦ ਆਇਆ ਬਈ ਮੈਂ ਤਾਂ ਟੋਭੇ ਤੋਂ ਮਿੱਟੀ ਲੈਣ ਆਈ ਆਂ। ਫਟਾਫਟ ਤਸਲੇ 'ਚ ਮਿੱਟੀ ਪਾ ਕੇ ਮੈਂ ਘਰ ਨੂੰ ਤੁਰ ਪਈ। ਮੋਟੀਆਂ-ਮੋਟੀਆਂ ਕਣੀਆਂ ਉੱਤਰ ਆਈਆਂ। ਸਾਰੇ ਰਾਹ ਮੀਂਹ ਵਿੱਚ ਭਿੱਜਦੀ ਅੱਖਾਂ ਪੂੰਝਦੀ-ਪੂੰਝਦੀ ਮੈਂ ਬਾਬੇ ਸ਼ਹੀਦਾਂ ਵਾਲ਼ੇ ਸ਼ੈੱਡ ਹੇਠਾਂ ਆ ਖੜ੍ਹੀ। ਥੋੜ੍ਹਾ ਚਿਰ ਓਥੇ ਖੜ੍ਹੀ ਮੀਂਹ ਦੇਖਦੀ ਰਹੀ। ਆਵਦੇ ਮਨ ਨੂੰ ਸਮਝੌਤੀਆਂ ਦਿੰਦੀ ਰਹੀ, ''ਚੱਲ ਓਹ ਜਾਣੇ ! ਜੇ ਮੰਮੀ ਛੱਡ ਕੇ ਚਲੀ ਗਈ। ਆਹ ਭਾਬੀ ਤਾਂ ਬਥੇਰਾ ਮੋਹ ਕਰਦੀ ਆ। ਕਿਸੇ ਚੀਜ਼ ਦੀ ਤੋਟ ਨੀ ਰਹਿਣ ਦਿੰਦੀ। ਗੁੜੀਆ ਦੇ ਨਾ਼ਲ ਦਾ ਖਾਣ ਨੂੰ ਦਿੰਦੀ ਆ। ਮੈਨੂੰ ਤਾਂ ਹੁਣ ਇਹ ਆਵਦਾ ਘਰ ਈ ਲੱਗਦਾ ਹੁੰਦਾ ਪਰ ਆਹ ਸੱਭੜੀ ਪਤਾ ਨੀ ਕਿੱਥੋਂ ਸਾਡੇ ਵਿੱਚ ਆ ਵੜੀ?

ਮੈਨੂੰ ਦਬਾਰਾ ਫੇਰ ਸੱਭੋ 'ਤੇ ਹਰਖ ਚੜ੍ਹ ਗਿਆ। ਉਹਨੂੰ ਗਾਲ੍ਹਾਂ ਕੱਢਦੀ ਜਦੋਂ ਮੈਂ ਘਰੇ ਪਹੁੰਚੀ ਇਹ ਤਾਂ ਕਾਰ ਆਲ਼ੇ ਸ਼ੈੱਡ ਥੱਲੇ ਰੌਣਕ ਲਾਈ ਬੈਠੀਆਂ। ਤਾਈ ਗੁੜੀਆ ਨੂੰ ਸਖਾਉਣ ਲੱਗੀ ਪਈ ,

''ਗੁੜੀਆ ! ਆਹ ਸੱਭੋ ਦੀਦੀ ਦੇਖ ਕਿੰਨੀ ਸੋਹਣੀ ਆ। ਤੂੰ ਹੁਣ ਇਹਦੇ ਨਾ਼ਲ ਈ ਖੇਡਿਆ ਕਰ। ਰਾਣੀ ਤਾਂ ਹੁਣ ਕੰਮ ਕਰਿਆ ਕਰੂਗੀ ਆਪਣਾ।''

ਇਹ ਤਾਈ ਵੀ.......। ਮੇਰੇ ਮੂੰਹੋਂ ਕੁਸ਼ ਹੋਰ ਨਿੱਕਲਦਾ। ਕੋਈਨਾ ਸੱਭੋ ਨੂੰ ਈ ਰੱਖ ਲਵੇ ਫੇਰ ਬਾਹਲ਼ੀ ਸਨੱਖੀ ਨੂੰ। ਮੇਰਾ ਜੀਅ ਕਰੇ ਬਈ ਏਥੋਂ ਈ ਮੁੜਜਾਂ। ਜਦ ਦੋ ਕ ਦਿਨ ਨਾ ਆਈ ਫੇਰ ਆਊ ਮਿੰਨਤਾਂ ਕਰਦੀ ਮਗਰ-ਮਗਰ। ਮੈਂ ਫੇਰ ਭਾਬੀ ਦਾ ਸੋਚ ਜਾਨੀ। ਉਹ ਤਾਂ ਬਥੇਰਾ ਮੋਹ ਕਰਦੀ ਆ ਵਿਚਾਰੀ। ਮੈਂ ਅਜੇ ਖੜ੍ਹੀ ਇਹ ਗੱਲਾਂ ਸੋਚੀ ਜਾਂਦੀ ਸੀ। ਏਨੇ ਨੂੰ ਗੁੜੀਆ ਬੋਲ ਪਈ ,

''ਸੱਭੋ ਨੀ ਸੋਹਣੀ। ਮੇਰੀ ਤਾਂ ਰਾਣੀ ਦੀਦੀ ਸੋਹਣੀ ਆ।'' ਮੈਂ ਚਾਅ ਨਾ਼ਲ ਭਰ ਗਈ। ਤਸਲਾ ਹੇਠਾਂ ਧਰਦਿਆਂ ਗੁੜੀਆ ਨੂੰ ਹਾਕ ਮਾਰੀ,

''ਦੇਖੀਂ ਗੁੜੀਆ ! ਮੈਂ ਤੇਰੇ ਲਈ ਕਿੰਨੀ ਸਾਰੀ ਚੀਕਣੀ ਮਿੱਟੀ ਲਿਆਂਦੀ।'' ਮੇਰੀ ਗੱਲ ਸੁਣ ਕੇ ਸੱਭੋ ਦਾ ਮੂੰਹ ਉੱਤਰ ਗਿਆ। ਗੁੜੀਆ ਕਿਲਕਾਰੀਆਂ ਮਾਰਦੀ ਮੇਰੀਆਂ ਲੱਤਾਂ ਨੂੰ ਆ ਚਿੰਬੜੀ। ਉਹ ਖੁਸ਼ੀ 'ਚ ਭੁੜਕਦੀ ਕਹਿਣ ਲੱਗੀ,

''ਰਾਣੀ ਦੀਦੀ ! ਆਪਾਂ ਖੇਡੀਏ ? ਆਹ ਸੱਭੋ ਤਾਂ ਗੰਦੀ ਆ। ਹਨਾਂ ਬਈ ?'' ਸੱਭੋ ਚੁੱਪ ਜਿਹਾ ਕਰਕੇ ਬਾਹਰ ਨੂੰ ਤੁਰ ਪਈ। ਮੈਂ ਬਾਰ ਬੰਦ ਕਰਨ ਦੇ ਬਹਾਨੇ ਉਹਦੇ ਮਗਰੇ ਬਾਹਰ ਨਿੱਕਲ਼ ਆਈ। ਬੀਹੀ 'ਚ ਆ ਕੇ ਮੈਂ ਉਹਦੀ ਬਾਂਹ ਫ਼ੜਲੀ,

''ਜੇ ਮੁੜ ਕੇ ਸਾਡੇ ਘਰੇ ਆਈ ਆਂ ਤਾਂ ਲੱਤਾਂ ਵੱਢੂੰ ਤੇਰੀਆਂ ਮੈਂ।'' ਏਨਾ ਕਹਿ ਕੇ ਮੈਂ ਆਵਦੇ ਘਰ ਦਾ ਦਰਵਾਜਾ ਧੱਕ ਦੇਣੇ ਬੰਦ ਕਰ ਲਿਆ।

**99889-05550**

## ਗ਼ਜ਼ਲਾਂ / ਸਰਿਤਾ ਤੇਜੀ

### ਗ਼ਜ਼ਲ

ਜੋ ਸਾਗਰ ਖ਼ੌਲਦੇ ਅੰਦਰ ਉਨ੍ਹਾਂ ਦਾ ਭੇਤ ਪਾ ਲਈਏ
ਉਨ੍ਹਾਂ ਨੇ ਸ਼ਾਂਤ ਹੋ ਜਾਣਾ ਜੇ ਆਪਸ ਵਿਚ ਮਿਲਾ ਲਈਏ

ਬਦਲ ਕੇ ਰੂਪ ਆਈ ਹੈ ਹਵਾ ਇਹ ਸਾਜਿਸ਼ੀ ਵੇਖੋ
ਤੇਰੇ ਵੱਲ ਕੌਣ ਖੜ੍ਹਦਾ ਹੈ ਇਹ ਝੇੜਾ ਵੀ ਮੁਕਾ ਲਈਏ

ਮੇਰਾ ਵਿਸ਼ਵਾਸ ਹੈ ਇਕ ਦਿਨ ਕਰੇਗਾ ਯਾਦ ਉਹ ਮੈਨੂੰ
ਬੜਾ ਬੇਚੈਨ ਹੈ ਪਰ ਮਨ ਭਲਾ ਹੁਣ ਕੀ ਦਵਾ ਲਈਏ

ਮੇਰੇ ਉਸ ਯਾਰ ਨੇ ਮੈਨੂੰ ਸੁਨੇਹਾ ਘੱਲਿਆ ਹੈ ਅੱਜ
ਖ਼ਫ਼ਾ ਸੀ ਉਹ ਚਿਰਾਂ ਤੋਂ ਹੁਣ ਗਿਲੇ ਸ਼ਿਕਵੇ ਮਿਟਾ ਲਈਏ

ਅਸਾਡੇ ਦਰਮਿਆਂ ਬਾਕੀ ਅਜੇ ਗੰਭੀਰ ਮਸਲੇ ਨੇ
ਉਨ੍ਹਾਂ ਹੱਲ ਹੋ ਹੀ ਜਾਣਾ ਹੈ ਜੇ ਆਪਾਂ ਹੱਥ ਮਿਲਾ ਲਈਏ

ਜੇ ਓਹਦੀ ਚਾਲ ਨਾ ਸਮਝੇ ਫਸਾਂਗੇ ਜਾਲ਼ ਵਿੱਚ ਉਸ ਦੇ
ਦਿਖਾ ਏਕਾ ਚਲੋ ਮੁੜ ਜਾਲ਼ ਉਸ ਦਾ ਹੀ ਉਡਾ ਲਈਏ

ਤੇਰੀ ਮਿਹਨਤ ਮੁਸ਼ੱਕਤ 'ਤੇ ਰਹੇ ਕਿਸਮਤ ਸਦਾ ਨਿਰਭਰ
ਛੜੀ ਜਾਦੂ ਦੀ ਨਾ ਹੁੰਦੀ ਕਿ ਕਿਸਮਤ ਹੀ ਬਣਾ ਲਈਏ

### ਗ਼ਜ਼ਲ

ਸੱਚ ਜੁਬਾਨੋਂ ਬੋਲ ਬੈਠਾ ਹਾਂ ਮੈਂ
ਰਾਜ ਸਾਰੇ ਫੋਲ ਬੈਠਾ ਹਾਂ ਮੈਂ

ਉਸ ਬੇਦਰਦੀ ਤੇ ਗਿਲਾ ਕਾਹਦਾ
ਆਪ ਸਭ ਕੁਝ ਰੋਲ ਬੈਠਾ ਹਾਂ ਮੈਂ

ਦਾਗ ਲੱਗੇ ਦਿਲ ਨਿਮਾਣੇ ਤੇ
ਨਾਲ ਹੰਝੂਆਂ ਤੋਲ ਬੈਠਾ ਹਾਂ ਮੈਂ

ਹੋਰ ਆਪਣਾ ਨਾ ਰਿਹਾ ਕੋਈ
ਯਾਦ ਤੇਰੀ ਕੋਲ ਬੈਠਾ ਹਾਂ ਮੈਂ



ਝਾਕ ਮੁੱਕਦੀ ਨਾ ਕਦੇ ਤੇਰੀ
ਲੰਘ ਆ ਵੇ ਢੋਲ ਬੈਠਾ ਹਾਂ ਮੈਂ

ਹੁਣ ਸਬਰ ਦਾ ਘੁੱਟ ਭਰ ਚੁੱਕੇ
ਸੱਜਣ ਮੁੜ ਆ ਟੋਲ ਬੈਠਾ ਹਾਂ ਮੈਂ

ਹਾਰ ਲਾਜ਼ਿਮ ਹੋ ਗਈ ਹੈ ਮੇਰੀ
ਤਾਕ ਸੱਭੋ ਹੀ ਖੋਲ੍ਹ ਬੈਠਾ ਹਾਂ ਮੈਂ

ਸਭ ਗੁਆ ਕੇ ਹਾਸੇ ਬੁੱਲਾਂ ਤੋਂ ਹੁਣ
ਦਰਦ ਜਿੰਦ  ਵਿੱਚ ਘੋਲ ਬੈਠਾ ਹਾਂ ਮੈਂ

### ਗ਼ਜ਼ਲ

ਸਾਗਰ ਕਾਹਤੋਂ ਯਾਰ ਪਿਆਸਾ ਫ਼ਿਰਦਾ ਹੈ
ਨੈਣੀਂ ਹੰਝੂ ਬੁੱਲ੍ਹੀ ਹਾਸਾ ਫ਼ਿਰਦਾ ਹੈ

ਮੇਰਾ ਤੇਰੇ ਬਾਝੋਂ ਯਾਰਾ ਸਰਦਾ ਈ ਨਾ
ਮਨ ਤਾਂ ਐਵੇਂ ਦੇ ਧਰਵਾਸਾ ਫਿਰਦਾ ਹੈ

ਇੱਕ ਦਿਨ ਤਾਂ ਕਿਸਮਤ ਆਪਣੀ ਵੀ ਬਦਲੇਗੀ
ਦਿੰਦਾ ਖ਼ੁਦ ਨੂੰ ਝੂਠ  ਦਿਲਾਸਾ ਫਿਰਦਾ ਹੈ

ਲੋਕੀਂ ਹੋਣੇ ਵਾਰਿਸ ਆਪਣੇ ਹੱਕਾਂ ਦੇ
ਇੰਜੇ ਹੀ ਤਖ਼ਤਾਂ ਦਾ ਪਾਸਾ ਫਿਰਦਾ ਹੈ

ਪੰਛੀਆਂ ਪਰ ਤੋਲੇ ਹੁਣ ਤਾਂ ਉੱਡਣ ਨੂੰ
ਰੁੱਤ ਬਦਲੀ ਮਨ ਫ਼ੇਰ ਨਿਰਾਸਾ ਫ਼ਿਰਦਾ ਹੈ

## ਕਹਾਣੀ / ਖੂਹ-ਖਾਤਾ / ਅਸ਼ਵਨੀ ਕੁਮਾਰ ਸਾਵਨ



ਚੰਡੀਗੜ੍ਹ-ਮੋਹਾਲੀ ਅਤੇ ਪੰਚਕੂਲਾ ਦੇ ਬਾਹਰੀ ਇਲਾਕਿਆਂ ਵਿੱਚ ਇਨਸਾਨੀ ਵਸੋਂ ਦਾ ਫੈਲਾਅ ਹੋ ਜਾਣ ਨਾਲ ਤਿੰਨੇ ਨਗਰ ਆਪਸ ਵਿੱਚ ਇੱਕ-ਮਿੱਕ ਹੋ ਗਏ ਸਨ। ਇਸ ਲਈ ਇਹ ਸ਼ਹਿਰ ਹੁਣ 'ਟ੍ਰਾਈਸਿਟੀ' ਅਖਵਾਉਣ ਲੱਗ ਪਿਆ ਸੀ। ਸ਼ਹਿਰ ਦੇ ਅੰਦਰੋਂ ਬੱਸਾਂ ਦਾ ਭੀੜ-ਭੜੱਕਾ ਘੱਟ ਕਰਨ ਲਈ ਚੰਡੀਗੜ੍ਹ ਪ੍ਰਸ਼ਾਸਨ ਨੇ ਕੁਝ ਸਾਲ ਪਹਿਲਾਂ ਸਰਕਾਰੀ ਬੱਸ ਅੱਡਾ ਮੋਹਾਲੀ ਵਾਲੇ ਪਾਸੇ ਸੈਕਟਰ-43 ਵਿੱਚ ਤਬਦੀਲ ਕਰ ਦਿੱਤਾ ਸੀ। ਉਦੋਂ ਤੋਂ ਇਸ ਬਾਹਰ ਵਾਲੀ ਸੜਕ ਉੱਪਰ ਆਵਾਜ਼ਾਈ ਵੀ ਬਹੁਤ ਵਧ ਗਈ ਸੀ। ਪੰਜਾਬ ਅਤੇ ਹਿਮਾਚਲ ਤੋਂ ਦਿੱਲੀ ਜਾਣ ਵਾਲਿਆਂ ਲਈ ਇੱਕ ਤਰ੍ਹਾਂ ਨਾਲ ਚੰਡੀਗੜ੍ਹ ਦੇ ਬਾਈਪਾਸ ਦੀ ਭੂਮਿਕਾ ਵੀ ਇਹੋ ਸੜਕ ਨਿਭਾਅ ਰਹੀ ਸੀ। ਤਿੰਨੋਂ ਸ਼ਹਿਰ ਇਸ ਤਰ੍ਹਾਂ ਰਚ-ਮਿਚ ਗਏ ਸਨ ਕਿ ਇਸੇ ਸੜਕ ਦੇ ਇੱਕ ਪਾਸੇ ਸੈਕਟਰ-42 ਵਿੱਚ ਪੰਜਾਬ ਦੇ ਸਾਬਕਾ ਮੁੱਖਮੰਤਰੀ 'ਬੇਅੰਤ ਸਿੰਘ' ਦੀ ਸਮਾਧ ਚੰਡੀਗੜ੍ਹ ਵਿੱਚ ਅਤੇ ਸੜਕ ਦੇ ਦੂਸਰੇ ਪਾਸੇ ਮੋਹਾਲੀ ਵਾਲੀ 'ਫਰਨੀਚਰ ਮਾਰਕੀਟ' ਕਹੀ ਜਾਣ ਵਾਲੀ ਦਰਅਸਲ ਚੰਡੀਗੜ੍ਹ ਦੀ ਜ਼ਮੀਨ ਉਪਰ ਬਣੀ ਹੋਈ ਸੀ। ਇਹਨਾਂ ਦੋਵਾਂ ਥਾਵਾਂ ਦੇ ਐਨ-ਵਿਚਕਾਰ ਗੋਲ ਚੌਕ ਜਿਸਦੇ ਚੰਡੀਗੜ੍ਹ ਵਾਲੇ ਪਾਸੇ ਖੁੱਲ੍ਹੀ ਪਈ ਥਾਂ ਉਪਰ ਪੀ.ਡਬਲਯੂ.ਡੀ. ਦਾ ਕੁਝ ਸਮਾਨ ਲੁੱਕ ਵਾਲੇ ਡਰੰਮ, ਮਸ਼ੀਨਾਂ ਅਤੇ ਸੜਕਾਂ ਦੀ ਮੁਰੰਮਤ ਵਾਲੇ ਸਮਾਨ ਦੇ ਢੇਰ ਲੱਗੇ ਪਏ ਸਨ। ਇਸੇ ਢੇਰ ਦੇ ਨਾਲ ਕੁਝ ਸਾਲਾਂ ਤੋਂ ਦੋ-ਤਿੰਨ ਝੁੱਗੀਆਂ ਵਸੀਆਂ ਹੋਈਆਂ ਸਨ। ਸੜਕਾਂ ਦੀ ਮੁਰੰਮਤ ਕਰਨ ਵਾਲੇ ਬਿਹਾਰੀ ਮਜ਼ਦੂਰਾਂ ਦਾ ਪਰਿਵਾਰ ਰਹਿੰਦਾ ਸੀ! ਝੁੱਗੀਆਂ ਤੋਂ ਥੋੜਾ ਅੱਗੇ ਆ ਕੇ ਭੁੱਲਰ ਪਟ੍ਰੋਲ ਪੰਪ ਦੀ ਕੰਧ ਦੇ ਨਾਲ ਸਕੂਲ ਦੀਆਂ ਬੱਸਾਂ ਖੜੀਆਂ ਰਹਿੰਦੀਆਂ ਸਨ। ਦੂਰੋਂ ਦੇਖਣ ਨੂੰ ਇੰਝ ਲਗਦਾ ਸੀ ਜਿਵੇਂ ਇਹ ਬੱਸਾਂ ਪਟ੍ਰੋਲ ਪੰਪ ਵਾਲਿਆਂ ਦੀਆਂ ਹੀ ਹੋਣ।

ਉਂਝ ਇਸ ਸੜਕ 'ਤੇ ਇੱਕ ਪਲ ਲਈ ਵੀ ਆਵਾਜ਼ਾਈ ਰੁਕਦੀ ਨਹੀਂ ਪਰ ਕੁਝ ਦਿਨਾਂ ਤੋਂ ਚੁੱਪ-ਚਾਂ ਪਸਰੀ ਹੋਈ ਸੀ। ਦੇਸ਼ ਨੂੰ 'ਕਰੋਨਾ ਵਾਇਰਸ' ਦੀ ਕਰੋਪੀ ਤੋਂ ਬਚਾਉਣ ਲਈ ਸਰਕਾਰ ਨੇ 'ਲਾਕਡਾਉਨ' ਘੋਸ਼ਿਤ ਕੀਤਾ ਹੋਇਆ ਸੀ। ਪੂਰਾ ਦੇਸ਼ ਘਰਾਂ ਅੰਦਰ ਦੁਬਕ ਕੇ ਬੈਠ ਗਿਆ ਸੀ। ਬਾਜ਼ਾਰਾਂ ਵਿੱਚ ਵੀ ਤਾਲਾਬੰਦੀ ਸੀ।

ਫੈਕਟਰੀਆਂ-ਕਾਰਖ਼ਾਨੇ ਸਭ ਬੰਦ ਪਏ ਸਨ। ਸਕੂਲਾਂ ਸਮੇਤ ਸਰਕਾਰੀ ਓ ਨਿੱਜੀ ਅਦਾਰੇ ਸਭ ਬੰਦ ਸਨ। ਇਸ ਸਭ ਦੀ ਮਾਰ ਮਜ਼ਦੂਰ ਜਮਾਤ ਉੱਪਰ ਬਹੁਤ ਬੁਰੀ ਤਰ੍ਹਾਂ ਪੈ ਰਹੀ ਸੀ। ਬਹੁਤੇ ਕਾਮਗਾਰ ਲੋਕ ਵਿਹਲੇ ਹੋ ਕੇ ਘਰਾਂ ਵਿੱਚ ਤਾੜੇ ਗਏ ਸਨ। ਕੰਮਕਾਰ ਸਾਰੇ ਬੰਦ ਪਏ ਸਨ ਦੇਸ਼ ਵਿੱਚ ਅਫਰਾ-ਤਫਰੀ ਦਾ ਮਹੌਲ ਹੋਇਆ ਪਿਆ ਸੀ।

ਰੇਲਾਂ-ਬੱਸਾਂ ਅਤੇ ਹੋਰ ਆਵਾਜ਼ਾਈ ਦੇ ਸਾਧਨ ਪੂਰਨ ਤੌਰ ਤੇ ਥੰਮ ਗਏ ਸਨ। ਲੋਕ ਘਰਾਂ ਵਿੱਚੋਂ ਨਿੱਕਲਦੇ ਨਹੀਂ ਸਨ। ਰਿਕਸ਼ਾਚਾਲਕ, ਆਟੋਚਾਲਕ, ਮੰਡੀਆਂ ਦੇ ਪੱਲੇਦਾਰ, ਦਿਹਾੜੀ ਮਜ਼ਦੂਰ ਸਭ ਬੇਰੁਜ਼ਗਾਰ ਹੋ ਗਏ ਸਨ। ਭੁੱਖ ਅਤੇ ਬੇਰੁਜ਼ਗਾਰੀ ਦੇ ਭੰਨੇ ਲੋਕ ਆਪਣੇ ਪਿੱਤਰੀ ਰਾਜਾਂ ਨੂੰ ਪੈਰੀਂ ਤੁਰ ਪਏ ਸਨ। ਬਾਵਜੂਦ ਇਸ ਸਭ ਦੇ ਫਰਨੀਚਰ ਮਾਰਕੀਟ ਦੇ ਲਾਗੇ ਵੱਸੀਆਂ ਉਹ ਦੋ-ਤਿੰਨ ਝੁੱਗੀਆਂ ਜਿਉਂ ਦੀਆਂ ਤਿਓਂ ਵਸ ਰਹੀਆਂ ਸਨ।

ਝੁੱਗੀ ਵਿੱਚ "ਰੁਲੀਆ" 'ਫੂਲਨ' ਤੇ ਉਹਨਾਂ ਦੇ ਛੇ ਨਿਆਣੇ ਰਹਿੰਦੇ ਸਨ। ਝੁੱਗੀ ਵਿਚ 'ਫੂਲਨ' ਦੇ ਦੋ ਨਿਆਣੇ ਇੱਕ ਤਿੰਨ ਕੁ ਸਾਲਾਂ ਦਾ ਤੇ ਦੂਜਾ ਚਾਰ ਕੁ ਸਾਲਾਂ ਦਾ ਦੋਵੇਂ ਇੱਕ ਤੇੜੋਂ ਨੰਗਾ ਤੇ ਦੂਜਾ ਧੜੋਂ ਨੰਗਾ ਇੱਕ ਦੂਜੇ ਨਾਲ ਲਿਪਟੇ ਪਏ ਸਨ। ਫੱਟੇ ਤੇ ਵਿਛਾਏ ਗੱਦੇ ਦੇ ਅੱਧੇ ਪਾਸੇ ਦੋਵੇਂ ਬੱਚੇ ਘੂਕ ਸੁੱਤੇ ਪਏ ਸਨ ਤੇ ਗੱਦੇ ਦੇ ਦੂਜੇ ਅੱਧ ਉਪਰ ਕੁੱਤਾ ਚਾਰੇ ਲੱਤਾਂ ਢਿੱਡ ਵਿਚ ਗੱਡੀ ਸੁੱਤਾ ਪਿਆ ਸੀ। ਇੱਕ ਮੰਜੇ ਤੇ 'ਫੂਲਨ' ਦਾ ਘਰਵਾਲਾ 'ਰੁਲੀਆ' ਘੁਰਾੜੇ ਮਾਰ ਰਿਹਾ ਸੀ, ਉਸਦੇ ਸਿਰਹਾਣੇ ਰਾਤ ਦੀਆਂ ਪੀ ਕੇ ਸੁੱਟੀਆਂ ਬੀੜੀਆਂ ਦੇ ਟੁਕੜੇ ਸ਼ਤਰੰਜ ਦੀਆਂ ਗੀਟੀਆਂ ਵਾਂਗ ਵਿਛੇ ਪਏ ਸਨ। ਮੰਜੇ ਤੋਂ ਥੋੜੇ ਜਿਹੇ ਨੀਵੇਂ ਇੱਕ ਤਖਤਪੋਸ਼ ਤੇ ਪੰਜ ਤੋਂ ਪੰਦਰਾਂ ਕੁ ਸਾਲ ਦੀਆਂ ਦੋ ਕੁੜੀਆਂ ਤੇ ਇੱਕ ਮੁੰਡਾ ਲੱਤਾਂ-ਬਾਹਾਂ ਇੱਕ ਦੂਜੇ ਵਿਚ ਫਸਾਈ ਸੁੱਤੇ ਪਏ ਸਨ। ਮੁੰਡੇ ਦਾ ਨੱਕ ਚੂਹਿਆਂ ਨਾਲ ਲਬਾ-ਲਬ ਭਰਿਆ ਹੋਇਆ ਸੀ ਤੇ ਕੁੜੀਆਂ ਦੇ ਸਿਰਾਂ ਤੇ ਜਟਾਵਾਂ ਵਰਗੇ ਵਾਲ ਸਨ। ਝੁੱਗੀ ਦੇ ਬਾਹਰ ਇੱਕ ਤਰਪੈਲ ਦੇ ਛੌਰੇ ਹੇਠ ਨਵਾਰੀ ਮੰਜਾ ਡੱਠਾ ਸੀ ਜਿਸ ਦੇ ਹੇਠਾਂ ਦੋ-ਤਿੰਨ ਛੋਟੇ ਕੁੱਤੇ ਤੇ ਉਪਰ 'ਫੂਲਨ' ਦਾ ਵੱਡਾ ਮੁੰਡਾ ਘੂਕ ਵੱਟੀ ਪਏ ਸਨ। ਸਵੇਰ ਦਾ ਸਮਾਂ ਸੀ ਚਾਰੇ ਪਾਸੇ ਚੁੱਪ-ਚਾਂ ਪਸਰੀ ਹੋਈ ਸੀ। ਅੱਜ ਦੀ ਸਵੇਰ ਰੋਜ਼ ਨਾਲੋਂ ਕੁਝ ਵੱਖਰੀ ਅਤੇ ਤਾਜ਼ੀ ਸੀ। 'ਫੂਲਨ' ਨੇ ਤੜਕ ਸਵੇਰ ਵਾਲੇ ਘੁਸਮੁਸੇ ਦਾ ਲਾਭ ਲੈਂਦਿਆਂ ਪਟ੍ਰੋਲ ਪੰਪ ਦੀ ਬਾਹਰਲੀ ਕੰਧ ਦੇ ਨਾਲ ਖੜ੍ਹੀਆਂ ਬੱਸਾਂ ਦੇ ਉਹਲੇ ਸਵੇਰ ਦਾ ਜ਼ਰੂਰੀ ਕੰਮ ਮੁਕਾਇਆ ਤੇ ਆ ਕੇ ਸਟੋਪ ਵਿਚ ਡੀਜ਼ਲ ਭਰਨ ਲੱਗ ਪਈ। ਸਟੋਪ ਨੂੰ ਤੀਲੀ ਲਾਉਂਦਿਆਂ ਸਾਰ ਬਰਨਰ ਉਪਰ ਡੁੱਲੇ ਡੀਜ਼ਲ ਨੇ ਅੱਗ ਫੜ ਲਈ ਤੇ ਗਾੜ੍ਹੇ ਕਾਲੇ ਧੂਏਂ ਨਾਲ 'ਰੁਲੀਏ' ਨੂੰ ਖੰਘ ਛਿੜ ਪਈ ਜਿਸ ਨਾਲ ਕੁੱਤੇ ਉਠ ਪਏ ਤੇ ਆਕੜਾਂ ਲੈਂਦੇ ਬਾਹਰ ਨਿਕਲ ਆਏ। ਖੰਘ ਬੰਦ ਹੁੰਦਿਆਂ 'ਰੁਲੀਏ' ਨੇ ਮੰਜੇ ਤੇ ਲੇਟਿਆਂ ਲੇਟਿਆਂ ਬੀੜੀ ਸੁਲਗਾ

ਲਈ। ਬੀੜੀ ਦੇ ਧੂੰਏਂ ਨਾਲ ਸੁੱਤੇ ਬੱਚੇ ਕੁਝ ਬੇਚੈਨ ਹੋਏ ਪਰ ਜਾਗਿਆ ਕੋਈ ਨਹੀਂ। ਇੱਕ ਬੀੜੀ ਮੁਕਾ ਕੇ ਰੁਲੀਏ ਨੇ ਦੂਜੀ ਸੁਲਘਾ ਲਈ।ਸੂਟੇ ਖਿੱਚਦਾ 'ਰੁਲੀਆ' ਮੰਜੇ ਤੋਂ ਉਠਿਆ ਤੇ ਖੰਘਦਾ ਹੋਇਆ ਝੁੱਗੀ ਤੋਂ ਵੀਹ ਕੁ ਗਜ਼ ਪਰਾਂ ਝਾੜੀਆਂ ਵੱਲ ਨੂੰ ਹੋ ਤੁਰਿਆ। ਚਾਹ ਬਣਦਿਆਂ ਤੱਕ 'ਰੁਲੀਆ' ਮੁੜ ਆਇਆ ਤੇ ਬਾਹਰ 'ਫੂਲਨ' ਦੇ ਕੋਲ ਬੈਠ ਕੇ ਚਾਹ ਪੀਣ ਲੱਗ ਪਿਆ। ਇੱਕ ਗਲਾਸ ਵਿਚ ਚਾਹ ਪਾ ਕੇ 'ਫੂਲਨ' ਨੇ ਵੱਡੇ ਮੁੰਡੇ ਨੂੰ ਅਵਾਜ਼ ਮਾਰੀ--- "ਅੰਮਾਂ ਕਾਹੇ ਉਠਾ ਰਹੀ" ਮੁੰਡੇ ਨੇ ਗਲ ਪਾਏ ਪਰਨੇ ਨਾਲ ਮੂੰਹ ਲੁਕਾਉਂਦਿਆਂ ਕਿਹਾ ਤੇ ਪਾਸਾ ਵੱਟ ਕੇ ਸੌਂ ਗਿਆ। ਥੋੜੀ ਦੇਰ ਬਾਅਦ 'ਫੂਲਨ' ਨੇ ਫਿਰ ਆਵਾਜ਼ ਮਾਰੀ, ਇਸ ਵਾਰੀ ਮੁੰਡਾ ਤਲਖ ਹੋ ਕੇ ਉਠ ਬੈਠਾ; "ਕਾ ਹੈ ਅੰਮਾ, ਕਾ ਕਰੀ ਹੋ ਉਠ ਕੇ, ਕੋਈ ਕਾਮ-ਧੰਧਾ ਤੋ ਜਾਵੈ ਨਾਹਿ, ਫਿਰ ਕਾ ਕਰੀ ਉਠ ਕੈ"?---- ਤੇ ਮੂੰਹ ਬਣਾਉਂਦਾ ਫਿਰ ਲੇਟਨ ਲੱਗਾ ਪਰ ਮਾਂ ਨੇ ਚਾਹ ਦਾ ਗਲਾਸ ਲਿਆ ਫੜਾਇਆ। ਮੁੰਡਾ ਵੀ ਸੁੱਤ ਉਨੀਂਦਰਾ ਜਿਹਾ ਮੰਜੇ ਤੇ ਉਠ ਬੈਠਾ। ਚਾਹ ਮੁਕਾ ਕੇ ਮੁੰਡਾ ਵੀ ਸੁਸਤ ਕਦਮ ਚਲਦਿਆਂ ਸਿੱਧਾ ਝਾੜੀਆਂ ਵੱਲ ਗਿਆ ਤੇ ਆਉਂਦਾ ਨਿੰਮ ਦੀ ਟਾਹਣੀ ਤੋੜ ਲਿਆਇਆ। ਨਿੰਮ ਦਾ ਇੱਕ ਟੁਕੜਾ ਮੂੰਹ ਵਿਚ ਪਾ ਕੇ ਦੂਜਾ ਪਿਓ ਨੂੰ ਫੜਾ ਦਿੱਤਾ। 'ਰੁਲੀਆ' ਸੜਕ ਦੇ ਕਿਨਾਰੇ ਬਣੀ ਬਰਸਾਤੀ ਪਾਣੀ ਦੀ ਨਿਕਾਸੀ ਵਾਲੀ ਸਲੈਬ ਉਪਰ ਜਾ ਕੇ ਦਾਤਣ ਕਰਦਾ ਖਹੂੰ-ਖਹੂੰ ਕਰਨ ਲੱਗ ਪਿਆ, ਮੁੰਡਾ ਸੜਕ ਕਿਨਾਰੇ ਖੜਾ ਦੋਹੀਂ ਪਾਸੀਂ ਦੂਰ-ਦੂਰ ਤੱਕ ਖਾਲੀ ਸੜਕ ਨੂੰ ਤੱਕਦਾ ਤੇ ਸੜਕ ਦੇ ਐਨ ਵਿਚਕਾਰ ਤੱਕ ਥੁੱਕ ਸੁੱਟਦਾ ਪੂਰਨ ਆਜ਼ਾਦੀ ਦਾ ਅਹਿਸਾਸ ਕਰ ਰਿਹਾ ਸੀ। ਇਸੇ ਅਜ਼ਾਦੀ ਨਾਲ ਉਹ ਕਈ ਚਿਰ ਪਹਿਲਾਂ ਨਾਲੋਂ ਅੱਗੇ ਥੁੱਕ ਸੁੱਟਣ ਦਾ ਆਪਣੇ ਆਪ ਨਾਲ ਮੁਕਾਬਲਾ ਕਰਦਾ ਰਿਹਾ।

ਕਦੀ ਆਪਣੀ ਮਸਤੀ ਵਿਚ ਗੀਤ ਗਾਉਣ ਲੱਗ ਪੈਂਦਾ। ਹੁਣ ਤੱਕ ਦਿਨ ਵੀ ਵਾਹਵਾ ਚੜ੍ਹ ਆਇਆ ਸੀ। ਇੱਕ-ਇੱਕ ਕਰ ਕੇ ਸਾਰੇ ਨਿਆਣੇ ਵੀ ਜਾਗ ਪਏ ਸਨ। 'ਫੂਲਨ' ਨੇ ਇਧਰ-ਓਧਰ ਖਿਲਰਿਆ ਨਿੱਕ ਸੁੱਕ ਸਾਂਭ ਕੇ ਰਾਤ ਦਾ ਬਚਿਆ ਲੰਗਰ ਗਰਮ ਕੀਤਾ ਤੇ ਸਾਰੇ ਟੱਬਰ ਨੂੰ ਥਾਲੀਆਂ, ਬਾਟੀਆਂ ਤੇ ਕੌਲੀਆਂ ਵਿਚ ਪਾ ਕੇ ਫੜਾ ਦਿੱਤਾ। ਖਾਣਾ ਖਾ ਕੇ ਅਜੇ ਵਿਹਲੇ ਹੋਏ ਈ ਸਨ ਕਿ ਦੂਰ ਸੜਕ ਤੇ ਲੋਕ ਸੇਵਾ ਵਾਲਿਆਂ ਦੀ ਗੱਡੀ ਆਉਂਦੀ ਦਿਸ ਪਈ। ਲੋਕ ਸੇਵਾ ਵਾਲਿਆਂ ਦੀ ਗੱਡੀ ਦਿਖਾਈ ਪੈਂਦਿਆਂ ਸਾਰ ਹੀ 'ਫੂਲਨ' ਨੇ ਫੁਰਤੀ ਨਾਲ ਸਾਰੇ ਭਾਂਡਿਆਂ ਵਿਚ ਪਾਣੀ ਮਾਰ ਕੇ ਸਾਫ ਕਰ ਦਿੱਤੇ। ਨਿਆਣਿਆਂ ਦੇ ਖਿਲਾਰੇ ਚੌਲਾਂ 'ਤੇ ਫੁਰਤੀ ਨਾਲ ਮਿੱਟੀ ਦੀ ਢੀਂਮ ਫੇਂਹ ਕੇ ਘੁਮਾ ਦਿੱਤੀ। ਲੋਕ ਸੇਵਾ ਵਾਲਿਆਂ ਦੀ ਗੱਡੀ ਆਈ 'ਰੁਲੀਆ' ਤੇ 'ਫੂਲਨ' ਨੇ ਉਸੇ ਤਰ੍ਹਾਂ ਵਿਚਾਰਾ ਜਿਹਾ ਮੂੰਹ ਬਣਾ ਕੇ ਖਾਣਾ ਭਾਂਡਿਆਂ ਵਿਚ ਪੁਆਇਆ ਤੇ ਆਦਤ ਅਨੁਸਾਰ---"ਆਪ ਨਹੀਂ ਹੋਤੇ ਤੋ ਹਮਾਰਾ ਕਿਆ ਹੋਤਾ ਬਾਬੂ"?--- ਰਟੀ-ਰਟਾਈ ਗੱਲ ਆਖ ਕੇ ਖਾਣਾ ਵੰਡਣ ਆਏ ਬੰਦਿਆਂ ਨੂੰ ਖੁਸ਼ ਕਰ ਕੇ ਤੋਰ ਦਿੱਤਾ। ਦੁਪਹਿਰ ਹੋਣ ਤੋਂ ਪਹਿਲਾਂ ਗੁਰਦੁਆਰੇ ਦੇ ਸੇਵਾਦਾਰ ਵੀ ਲੰਗਰ ਦੇ ਪੈਕੇਟ ਵਰਤਾ ਗਏ। ਤਿੰਨ ਕੁ ਵਜੇ ਇੱਕ ਹੋਰ ਐਂਨ.ਜੀ.ਓ. 365 ਵਾਲੇ ਚਾਹ-ਪਕੌੜੇ ਦੇ ਗਏ। ਸ਼ਾਮ ਨੂੰ ਕੋਈ ਹੋਰ। ਇੰਝ ਝੁੱਗੀ ਵਾਲਿਆਂ ਦੀ ਲਹਿਰ ਲੱਗੀ ਹੋਈ ਸੀ। ਜਿੰਨਾ ਖਾਧਾ ਜਾਂਦਾ ਖਾਂਦੇ ਬਾਕੀ ਝਾੜੀਆਂ ਵਾਲੇ ਪਾਸੇ ਢੇਰ ਕਰ ਆਉਂਦੇ ਪਰ ਭੋਜਨ ਲੈਣ ਤੋਂ ਨਾਂਹ ਕਿਸੇ ਨੂੰ ਵੀ ਨਾ ਕਰਦੇ। ਸ਼ਾਇਦ ਇਸ ਲਈ ਕਿ ਕਿਧਰੇ ਕੱਲ੍ਹ ਤੋਂ ਆਉਣੋਂ ਬੰਦ ਨਾ ਹੋ ਜਾਣ।

ਕੰਮ ਕੋਈ ਸੀ ਨਹੀਂ ਪਰ ਰੋਟੀ, ਚਾਹ ਦੀ ਪੂਰੀ ਮੌਜ ਸੀ। ਕਈ ਦਿਨ ਇੰਝ ਹੀ ਬੀਤ ਗਏ। 'ਰੁਲੀਆ' ਦੇ ਨਿਆਣੇ ਜਦੋਂ ਜੀ ਕਰਦਾ ਬਾਟੀਆਂ ਵਿਚ ਲੰਗਰ ਭਰਦੇ, ਅੱਧਾ ਖਿਲਾਰਦੇ ਤੇ ਅੱਧਾ ਖਾ ਲੈਂਦੇ। ਕੁੱਤਿਆਂ ਦੀ ਵੀ ਮੌਜ ਲੱਗੀ ਹੋਈ ਸੀ। ਕਈ ਦਿਨਾਂ ਬਾਅਦ 'ਫੂਲਨ' ਨੂੰ ਵਿਉਂਤ ਸੁੱਝੀ ਤੇ ਉਸ ਜੁਗਤ ਬਣਾਈ ਕਿ ਗੁਰਦੁਆਰਿਓਂ ਇੰਨਾ ਖੁੱਲ੍ਹਾ ਲੰਗਰ ਮਿਲ ਜਾਂਦਾ ਹੈ ਕਿ ਤਿੰਨੋਂ ਵੇਲੇ ਖਾਣ ਲਈ ਕਾਫੀ ਹੁੰਦਾ ਹੈ ਸੋ ਉਸਨੇ ਗੱਲਾਂ-ਗੱਲਾਂ ਵਿਚ ਲੋਕ ਸੇਵਾ ਤੇ ਬਾਕੀਆਂ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਕਿ ਪਕਾਉਣ ਦੀ ਖੇਚਲ ਨਾਲੋਂ ਚੰਗਾ ਹੋਵੇ ਜੇ ਕੱਚਾ ਰਾਸ਼ਨ ਹੀ ਦੇ ਜਾਇਆ ਕਰੋ। ਪਕਾ ਅਸੀਂ ਆਪੇ ਹੀ ਲਿਆ ਕਰਾਂਗੇ। ਲੋਕ ਸੇਵਾ ਵਾਲਿਆਂ ਨੂੰ ਤੇ ਐਂਨ.ਜੀ.ਓ. 365 ਵਾਲਿਆਂ ਨੂੰ ਵੀ ਗੱਲ ਭਾਅ ਗਈ। ਅਗਲੇ ਦਿਨ ਤੋਂ ਉਹਨਾਂ ਕੱਚੇ ਰਾਸ਼ਨ ਦੇ ਪੈਕਟ ਵੰਡਣੇ ਸ਼ੁਰੂ ਕਰ ਦਿੱਤੇ। ਹਾਂ, ਹੁਣ ਆਉਂਦੇ ਭਾਵੇਂ ਇੱਕ ਦਿਨ ਛਡ ਕੇ ਸਨ। ਸੋ ਇੱਕ ਦਿਨ ਲੋਕ ਸੇਵਾ ਵਾਲੇ ਤੇ ਦੂਜੇ ਦਿਨ ਐਂਨ.ਜੀ.ਓ. 365 ਵਾਲੇ ਪੱਤੀ, ਖੰਡ, ਮਸਾਲੇ, ਤੇ ਚੌਲਾਂ ਦੇ ਬੰਦ ਪੈਕੇਟ ਫੜਾਉਣ ਲੱਗ ਪਏ। 'ਫੂਲਨ' ਨੇ ਲੱਕੜੀ ਦਾ ਸੰਦੂਕ ਖਾਲੀ ਕਰ ਲਿਆ। ਰੋਜ਼ ਆਉਂਦੇ ਕੱਚੇ ਰਾਸ਼ਨ ਨੂੰ ਸੰਦੂਕ ਵਿਚ ਜਮ੍ਹਾਂ ਕਰ ਕੇ ਤਾਲਾ ਲਗਾਉਂਦੀ ਤੇ ਚਾਬੀ ਨਾਲੇ ਨਾਲ ਬੰਨ੍ਹ ਲੈਂਦੀ। ਦੇਖਦੇ-ਦੇਖਦੇ ਸੰਦੂਕ ਭਰਨਾ ਸ਼ੁਰੂ ਹੋ ਗਿਆ।

ਕੁਝ ਦਿਨ ਹੋਰ ਬੀਤੇ ਤੇ ਸਰਕਾਰ ਨੇ ਹੌਲੀ-ਹੌਲੀ ਕਰਫ਼ਿਊ ਵਿਚ ਢਿੱਲ ਦੇਣੀ ਸ਼ੁਰੂ ਕਰ ਦਿੱਤੀ। ਕੱਲ੍ਹ ਦੇ ਸ਼ਰਾਬ ਦੇ ਠੇਕੇ ਵੀ ਖੁੱਲ ਗਏ ਹੋਏ ਸਨ।ਇੰਨੇ ਦਿਨਾਂ ਦੇ ਡੱਕੇ ਲੋਕ ਵਹੀਰਾਂ ਘੱਤ-ਘੱਤ ਸ਼ਰਾਬ ਦੀਆਂ ਦੁਕਾਨਾਂ ਵੱਲ ਦੌੜ ਪਏ ਸਨ। ਕਈ ਥਾਵਾਂ ਤੇ ਦੋ-ਦੋ, ਤਿੰਨ-ਤਿੰਨ ਮੀਲ ਲੰਬੀਆਂ ਕਤਾਰਾਂ ਖਬਰਾਂ ਵਾਲੇ ਚੈਨਲਾਂ ਉਪਰ ਦਿਖਾ ਰਹੇ ਸਨ।

ਅੱਜ ਜਿਉਂ ਹੀ ਲੋਕ ਸੇਵਾ ਦੀ ਗੱਡੀ ਕੱਚੇ ਰਾਸ਼ਨ ਦਾ ਪੈਕੇਟ ਫੜਾ ਕੇ ਸੜਕੇ ਚੜ੍ਹੀ ਤਾਂ 'ਫੂਲਨ' ਨੇ ਭਈਏ ਦੇ ਹੱਥੋਂ ਰਾਸ਼ਨ ਵਾਲਾ ਲਿਫਾਫਾ ਫੜਿਆ ਤੇ ਸੰਦੂਕ 'ਚ ਰੱਖਣ ਲਈ ਝੁੱਗੀ ਦੇ ਅੰਦਰ ਜਾ ਵੜੀ, ਪਿੱਛੇ-ਪਿੱਛੇ 'ਰੁਲੀਆ' ਵੀ ਬੀੜੀ ਪੀਂਦਾ ਅੰਦਰ ਆ ਵੜਿਆ। ਬੀੜੀ ਦੇ ਧੂਏਂ ਨਾਲ 'ਫੂਲਨ' ਨੂੰ ਐਸੀ ਖੰਘ ਛਿੜੀ ਕਿ ਬੰਦ ਹੋਣ ਦਾ ਨਾਮ ਹੀ ਨਾ ਲਵੇ।

ਖੰਘ-ਖੰਘ ਕੇ ਉਸ ਦਾ ਬੁਰਾ ਹਾਲ ਹੋ ਗਿਆ ਅੱਖਾਂ ਦੇ ਆਨ੍ਹੇ ਨਿੱਕਲ ਆਏ। ਉਸਨੇ ਬੜੀ ਮੁਸ਼ਕਿਲ ਨਾਲ ਆਪਣੇ ਆਪ ਨੂੰ ਸੰਭਾਲਿਆ ਤੇ ਠੇਡੇ ਖਾਂਦੀ ਬਾਹਰ ਖੁੱਲੀ ਹਵਾ ਵਿਚ ਨਿੱਕਲ ਗਈ। ਕਈ ਚਿਰਾਂ ਬਾਅਦ ਮਸਾਂ ਜਾ ਕੇ ਖੰਘ ਰੁਕੀ।

ਓਧਰ ਲ਼ੋਕ ਸੇਵਾ ਵਾਲੀ ਗੱਡੀ ਸੜਕ ਤੇ ਚੜ੍ਹਦਿਆਂ ਸਾਰ ਗੱਡੀ ਵਿਚ ਬੈਠੇ 'ਚਰਨਜੀਤ ਲੁਬਾਣਾ' ਨੇ 'ਗੁਰਪ੍ਰੀਤ ਧਾਲੀਵਾਲ' ਨੂੰ ਮੋਬਾਈਲ ਮਿਲਾ ਲਿਆ।----''ਹਾਂ ਜੀ ਡਾਕਟਰ ਸਾਬ੍ਹ''---ਹੁਣ ਤੇ ਠੇਕੇ ਖੁਲ ਗਏ, ਕਰੀਏ ਫਿਰ ਜਸ਼ਨ ਅੱਜ 'ਜੀਤੂ' ਦੇ ਵਾੜੇ ਵਿਚ''---ਲੈ-ਲੈ ਪੁਲਸ ਘਰਾਂ-ਘਰਾਂ ਵਿਚ ਜਾ ਕੇ ਥੋੜਾ ਲੱਭਦੀ ਐ, ਤੂੰ ਪੈਦਲ ਆਵੀਂ ਨਾ! ਤੁਰੇ ਜਾਂਦੇ ਬੰਦੇ ਨੂੰ ਥੋੜਾ ਕੋਈ ਰੋਕਦਾ, ਵਿਚੋਂ-ਵਿਚ ਥੋੜਾ ਅੱਗੇ ਤੱਕ ਮੈਂ ਛੱਡ ਆਊਂ ਤੈਨੂੰ,--- ਚਲ ਠੀਕ ਆ, ਮਿਲਦੇ ਆਂ ਸ਼ਾਮੀਂ।

''ਲੈ ਬਈ ਬੰਤਿਆ ਅੱਜ ਸ਼ਾਮ ਨੂੰ ਸਜੂ ਮਹਿਫਲ ਕਈ ਦਿਨਾਂ ਬਾਅਦ।'' ਚਰਨਜੀਤ ਨੇ 'ਫੇਸਬੁਕ' ਤੇ 'ਸੈਲਫੀ' ਪਾਉਂਦਿਆਂ ਡਰਾਇਵਰ ਨੂੰ ਕਿਹਾ। --''ਭਾਅ ਜੀ, ਖਬਰਾਂ ਮੈਂ ਵੀ ਦੇਖ ਰਿਹਾਂ ਟੈਲੀਵਿਯਨ ਤੇ, ਪਰ ਇੱਕ ਗੱਲ ਸਮਝ ਨਹੀਂ ਆ ਰਹੀ ਕਿ ਕੱਲ੍ਹ ਤੱਕ ਜਿਹੜੇ ਲੋਕ ਚੈਨਲਾਂ ਤੇ ਹਾਏ ਮਰ ਗਏ, ਲੁੱਟੇ ਗਏ, ਤਬਾਹ ਹੋ ਗਏ, ਰੋਟੀ ਖਾਣ ਨੂੰ ਨਹੀਂ ਰਹਿਣ ਨੂੰ ਟਿਕਾਣਾ ਨਹੀਂ ਕਹਿੰਦੇ ਥੱਕਦੇ ਨਹੀਂ ਸਨ, ਅੱਜ ਅਚਾਨਕ ਰਾਤੋ-ਰਾਤ ਉਹਨਾਂ ਕੋਲ ਸ਼ਰਾਬ ਖਰੀਦਣ ਲਈ ਪੈਸੇ ਕਿੱਥੋਂ ਆ ਗਏ?''--- ਬੰਤੇ ਦੀ ਗੱਲ ਸੁਣ ਕੇ ਚਰਨਜੀਤ ਕੁਝ ਚੁੱਪ ਜਿਹਾ ਹੋ ਗਿਆ ਤੇ ਇਸੇ ਚੁੱਪ ਭਰੀ ਸੋਚ ਵਿੱਚ ਡੁੱਬਿਆ ਅਧਮੰਨਾ ਜਿਹਾ ਬਾਕੀ ਥਾਵਾਂ ਤੇ ਰਾਸ਼ਨ ਵੰਡ ਕੇ ਆਪਣੇ ਟਿਕਾਣੇ ਪਹੁੰਚ ਗਿਆ। ਸ਼ਾਮ ਦੇ ਪੰਜ ਵੱਜੇ, ਛੇ ਵੱਜੇ ਤੇ ਫਿਰ ਨੌਂ ਵੱਜ ਗਏ। ਪੂਰੇ ਸ਼ਹਿਰ ਵਿਚ ਰੋਜ਼ ਵਾਂਗ ਚੁੱਪ-ਚਾਂ ਪਸਰੀ ਹੋਈ ਸੀ। ਪਰ 'ਫੂਲਨ' ਦੇ ਵਿਹੜੇ ਬੇਚੈਨੀ ਸੀ। ਬੱਚੇ ਵੀ ਘੜੀ-ਮੁੜੀ ਬਿੜਕਾਂ ਲੈ ਰਹੇ ਸਨ। 'ਫੂਲਨ' ਉਪਰੋਂ ਤੇ ਸ਼ਾਂਤ ਸੀ ਪਰ ਅੰਦਰੋਂ ਪੂਰੀ ਤਰ੍ਹਾਂ ਬੇਚੈਨ ਸੀ। ਇਸੇ ਬੇਚੈਨੀ ਵਿਚ ਰਾਤ ਬੀਤ ਗਈ। ਅਗਲੀ ਸਵੇਰ ਰੋਜ਼ ਵਾਂਗ ਗੁਰਦੁਆਰੇ ਦੇ ਸੇਵਾਦਾਰ ਪੱਕਿਆ ਭੋਜਨ ਵਰਤਾ ਗਏ ਸਨ ਪਰ ਅੱਜ ਨਾ ਹੀ ਲੋਕ ਸੇਵਾ ਦੀ ਗੱਡੀ ਆਈ ਤੇ ਨਾ ਹੀ ਐਂਨ.ਜੀ.ਐ. 365 ਵਾਲਿਆਂ ਦੀ। ਅੱਜ ਫਿਰ ਉਸੇ ਬੇਚੈਨੀ ਵਿਚ ਰਾਤ ਬੀਤੀ। ਆਖਿਰ ਗਿਆ ਤੇ ਗਿਆ ਕਿੱਥੇ ? ਤੇ ਉਹ ਵੀ ਅਚਾਨਕ?---- ਅਗਲੀ ਸਵੇਰ ਦਿਨ ਚੜ੍ਹੇ 'ਫੂਲਨ' ਨੇ ਆਪਣੇ ਵੱਡੇ ਮੁੰਡੇ ਨੂੰ ਆਸ-ਪਾਸ ਦੀਆਂ ਕਲੋਨੀਆਂ ਵਿਚ ਭੇਜਿਆ ਕਿ ਪਤਾ ਕਰ ਕੇ ਆਵੇ ਉਸ ਦਾ ਪਿਓ ਕਿਧਰੇ ਉਹਨਾਂ ਵਿਚੋਂ ਕਿਸੇ ਕੋਲ ਤਾਂ ਨਹੀਂ ਟਿਕਿਆ ਹੋਇਆ। ਸ਼ਾਮ ਨੂੰ ਮੁੰਡੇ ਨੂੰ ਆਪਣੇ ਪਿਓ ਨਾਲ ਤੁਰਿਆ ਆਉਂਦਾ ਦੇਖ ਕੇ 'ਫੂਲਨ' ਦੀ ਜਾਨ 'ਚ ਜਾਨ ਆਈ। ਕੋਲ ਆਉਂਦਿਆਂ ਉਹ ਅੱਗਲਵਾਂਢੀ ਹੋ ਕੇ ਰੁਲੀਏ ਕੋਲ ਪਹੁੰਚੀ ਤੇ ਇੱਕੋ ਸਾਹੇ ਬੋਲ ਪਈ--- ''ਅਰੇ ਕਹਾਂ ਗੁੰਮ ਹੁਈ ਗਵੇ ਦੁਈ ਦਿਨ, ਹਿਯਾਂ ਜਾਨ ਆਫਤ ਮਾਂ ਰਹੀ, ਕਹੀਂ ਮਰ-ਮਰਾ ਗਵੇ ਜਾਂ ਪੁਲਸ ਪਕੜ ਕਰ ਲਈ ਗਵੀ''--- ਰੁਲੀਏ ਨੇ ਉਸਦੀ ਗੱਲ ਨੂੰ ਜਿਵੇਂ ਸੁਣਿਆ ਹੀ ਨਾ ਹੋਵੇ---- ''ਕੁਝ ਨਾਹੀਂ ਹੁਈ ਸਕਤ ਹੈ, ਐਸੇ ਬੋਲੇ ਜਾਤ ਹੈਂ ਸਭ''--- ਰੁਲੀਏ ਨੇ ਨਸ਼ੇ ਵਿਚ ਝੂਲਦਿਆਂ ਕਿਹਾ।

''ਮੈਂ ਦੁਈ ਦਿਨ ਪਰੇਸਾਨ ਰਹੀ ਔਰ ਤੁਮ ਸ਼ਰਾਬ ਪੀਕਰ ਪਰਾ ਰਹਾ ਕਹੀਂ?''---- 'ਫੂਲਨ' ਨੇ ਸ਼ਰਾਬ ਦੀ ਬਦਬੂ ਸੁੰਘਦਿਆਂ ਗੁੱਸੇ ਵਿਚ ਕਿਹਾ--- ''ਅਰੇ ਕਾਂਸ਼ੀ ਰਾਮ ਮਿਲ ਗਵਾ, ਬਸ ਉਸੀ ਕੇ ਹਿਯਾਂ ਟਿਕ ਗਏ, ਅਬ ਕਾਮ ਧੰਦਾ ਤੋ ਕੋਈ ਕਰਤ ਨਹੀਂ, ਫਿਰ ਕਰੇਂ ਕਿਯਾ''--- ਰੁਲੀਏ ਨੇ ਉਸੇ ਤਰ੍ਹਾਂ ਝੂਲਦਿਆਂ ਮੰਜੇ ਤੇ ਬੈਠਦੇ ਉਤਰ ਦਿੱਤਾ।

''ਮਗਰ ਤੋਹਾਰ ਪਾਸ ਪਈਸਾ ਕਹਾਂ ਸੇ ਆਈ ਰਹੀ?''---''ਕਿਸ ਸੇ ਲਿਯਾ, ਕੁਛ ਗਿਰਵੀ ਰੱਖੇ ਰਹੀ''---ਫੂਲਨ ਨੇ ਕੁਝ ਚਿਰ ਸੋਚ ਕੇ ਪੁੱਛਿਆ। ਪਰ 'ਰੁਲੀਆ' ਕੁਝ ਬੋਲਿਆ ਨਹੀਂ। 'ਫੂਲਨ' ਨੇ ਟੇਢੀ ਅੱਖ ਨਾਲ ਝੁੱਗੀ ਦੀਆਂ ਸਾਰੀਆਂ ਚੀਜਾਂ ਦੇਖੀਆਂ, ਸਭ ਆਪੋ ਆਪਣੇ ਟਿਕਾਣੇ ਪਈਆਂ ਸਨ। ਬਾਰ-ਬਾਰ ਪੁੱਛਣ ਤੇ ਜਦੋਂ ਰੁਲੀਏ ਨੇ ਕੋਈ ਜਵਾਬ ਨਾ ਦਿੱਤਾ ਤਾਂ 'ਫੂਲਨ' ਨੂੰ ਅਚਾਨਕ ਕੁਝ ਯਾਦ ਆਇਆ, ਉਹ ਦੌੜਦੀ ਝੁੱਗੀ ਦੇ ਅੰਦਰ ਗਈ ਤੇ ਸੰਦੂਕ ਖੋਲਦਿਆਂ ਹੱਕੀ-ਬੱਕੀ ਰਹਿ ਗਈ। ਅੱਧੇ ਤੋਂ ਵੱਧ ਚਾਹਪੱਤੀ, ਖੰਡ, ਮਸਾਲੇ ਤੇ ਚੌਲਾਂ ਦੇ ਪੈਕੇਟ ਗ਼ਾਇਬ ਸਨ। ਹੁਣ ਉਸਨੂੰ ਸਾਰੀ ਗੱਲ ਸਮਝ ਆ ਗਈ। ਗੁੱਸੇ ਨਾਲ ਲਾਲ ਪੀਲੀ ਹੋਈ ਉਸੇ ਪੈਰੀਂ ਬਾਹਰ ਨਿਕਲੀ ਤੇ ਰੁਲੀਏ ਤੇ ਵਰ੍ਹ ਪਈ। ਰੁਲੀਆ ਨਸ਼ੇ ਦੇ ਲੋਰ ਵਿਚ ਉਸੇ ਤਰ੍ਹਾਂ ਝੂਲਦਾ ਬੀੜੀ ਪੀ ਰਿਹਾ ਸੀ--- ਫਿਰ ਕੁਝ ਚਿਰ ਬਾਅਦ ਬੀੜੀ ਸੁੱਟ ਕੇ ਬੋਲਿਆ---

''ਅਰੇ ਕਾਹੇ ਕੋ ਬਿਲਖਤੀ ਹੈ, ਔਰ ਆਈ ਜਾਤ ਹੈ, ਰੋਜ਼ ਤੋ ਗਾੜੀ ਆਏ ਰਹੀ''---

''ਰੋਜ਼ ਆਏ ਰਹੀ ਤੋਹਾਰ ਸਿਰ!''---- 'ਫੂਲਨ' ਨੇ ਪੂਰੇ ਗੁੱਸੇ ਨਾਲ ਕਿਹਾ ਤੇ ਸਿਰ ਫੜ ਕੇ ਪਰਾਂ ਮੰਜੀ ਤੇ ਜਾ ਬੈਠੀ। ਉਸਨੂੰ ਇਹ ਸਮਝ ਨਹੀਂ ਆ ਰਿਹਾ ਸੀ ਕਿ ਸੰਦੂਕ ਖੁੱਲ੍ਹਾ ਕਿਵੇਂ, ਚਾਬੀ ਤੇ ਪਹਿਲੇ ਦਿਨ ਤੋਂ ਉਸ ਨੇ ਨਾਲੇ ਨਾਲ ਬੰਨ੍ਹੀ ਹੋਈ ਸੀ। ਬੜਾ ਚਿਰ ਦਿਮਾਗ ਤੇ ਜ਼ੋਰ ਪਾਉਣ ਤੋਂ ਬਾਅਦ ਉਸ ਨੇ ਚੀਖ ਕੇ ਰੁਲੀਏ ਨੂੰ ਕਿਹਾ---''ਪਰਸੋਂ ਜਬ ਹਮੇਂ ਖਾਂਸ਼ੀ------ ਬੋਲਦੇ-ਬੋਲਦੇ ਉਸਨੂੰ ਫਿਰ ਖੰਘ ਛਿੜ ਪਈ ਤੇ ਉਹ ਬੜੀ ਦੇਰ ਤੱਕ ਖੰਘਦੀ ਮੰਜੇ ਤੇ ਅਧਮਰੀ ਜਿਹੀ ਪਈ ਰਹੀ। 'ਰੁਲੀਆ' ਉਸੇ ਤਰ੍ਹਾਂ ਬੇਫਿਕਰ ਸ਼ਰਾਬ ਦੇ ਨਸ਼ੇ ਵਿੱਚ ਚੂਰ ਬੀੜੀ ਤੇ ਬੀੜੀ ਸੁਲਘਾਈ ਜਾ ਰਿਹਾ ਸੀ।

**98780-31512**

# ਗਿਆਮਬਤਿਸਤਾ ਵੀਕੋ ਦਾ ਮਿੱਥ ਚਿੰਤਨ / ਦਲਜੀਤ ਕੌਰ

ਗਿਆਮਬਤਿਸਤਾ ਵੀਕੋ (Giambattista Vico) (1688-1744) ਜਿਸ ਨੂੰ ਗਿਓਵਨੀਬਤਿਸਤਾ ਵੀਕੋ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਇਤਾਲਵੀ ਸਮਾਜ ਸ਼ਾਸਤਰੀ, ਦਾਰਸ਼ਨਿਕ, ਮਨੋਵਿਗਿਆਨੀ ਅਤੇ ਇਤਿਹਾਸਕਾਰ ਹੋਇਆ ਹੈ। ਵੀਕੋ ਨੇ ਇੱਕ ਅਗਿਆਤ ਅਕਾਦਮਿਕ ਦੀ ਜ਼ਿੰਦਗੀ ਬਸਰ ਕੀਤੀ। ਉਸਦੀ ਪ੍ਰਮੁੱਖ ਰਚਨਾ 'ਨਿਊ ਸਾਇੰਸ' (New Science) (Scienza Nuova) 1725 ਈ. ਵਿੱਚ ਸਾਹਮਣੇ ਆਈ। ਵੀਕੋ ਨੇ ਇਸ ਪੁਸਤਕ ਰਾਹੀਂ ਕਲਾ ਦੇ ਦਰਸ਼ਨ ਦੀ ਖੋਜ ਕੀਤੀ ਅਤੇ ਮਾਨਵਿਕੀਆਂ ਤੇ ਕਲਾਤਮਕ ਵਰਤਾਰਿਆਂ ਨੂੰ ਇੱਕ ਵਿਗਿਆਨ ਦੇ ਤੌਰ 'ਤੇ ਉਭਾਰਿਆ। ਵੀਕੋ ਦੀ ਇਸ ਕਿਤਾਬ ਨੇ ਉਦੋਂ ਆਪਣਾ ਰੂਪ ਅਖ਼ਤਿਆਰ ਕੀਤਾ ਜਦੋਂ ਦੇਕਾਰਤ (Descartes) ਦਾ ਚਿੰਤਨ ਇੱਕ ਪ੍ਰਬਲ ਦਾਰਸ਼ਨਿਕ ਰੁਝਾਨ ਵਜੋਂ ਸਥਾਪਿਤ ਹੋ ਚੁੱਕਿਆ ਸੀ। ਉਸ ਸਮੇਂ "ਵਿਕਾਸਸ਼ੀਲ ਬਾਜ਼ਾਰੀ ਆਰਥਿਕਤਾ ਦੀਆਂ ਲੋੜਾਂ ਅਤੇ ਕੁਦਰਤ ਉੱਤੇ ਤਕਨੀਕੀ ਨਿਯੰਤਰਣ ਦੀ ਜ਼ਰੂਰਤ ਕਾਰਣ ਗਣਿਤ ਸ਼ਾਸਤਰ ਨੂੰ ਗਿਆਨ ਦੀ ਇੱਕੋ-ਇੱਕ ਭਰੋਸੇਯੋਗ ਵਿਧੀ ਦੇ ਤੌਰ 'ਤੇ ਮਾਨਤਾ ਮਿਲ ਗਈ।"1 'ਗਣਿਤਾਤਮਕ ਚਿੰਤਨ ਨੂੰ ਮਨੁੱਖ ਦੇ ਸਾਰ ਦੀ ਅਸਲ ਅਭਿਵਿਅਕਤੀ ਮੰਨਣ ਵਾਲੇ ਅਤੇ ਗਣਿਤਕ ਗਿਆਨ ਨੂੰ ਇਕੱਲੇ ਕਾਰੇ ਨਿਰਵਿਵਾਦ ਅਤੇ ਮੌਲਿਕ ਬੋਧ ਵਜੋਂ ਪ੍ਰਸਤੁਤ ਕਰਨ ਵਾਲੇ ਦੇਕਾਰਤ (Descartes) ਦੇ ਚਿੰਤਨ ਦੇ ਉਲਟ ਵੀਕੋ ਨੇ ਮਨੁੱਖੀ ਪ੍ਰਕਿਰਤੀ ਅਤੇ ਮਨ ਦੇ ਸਾਰ ਨੂੰ ਇਤਿਹਾਸਕ ਯਥਾਰਥ ਦੀਆਂ ਘਟਨਾਵਾਂ ਵਿੱਚ ਨਿਹਿਤ ਮੰਨਿਆ।'2 ਇਸੇ ਸੰਦਰਭ ਵਿੱਚ ਉਸਦਾ ਮਿੱਥ ਚਿੰਤਨ ਕੁੱਝ ਮੌਲਿਕ ਤੇ ਮਹੱਤਵਪੂਰਨ ਮੁੱਦਿਆਂ ਤੇ ਅੰਤਰ-ਦ੍ਰਿਸ਼ਟੀਆਂ ਨੂੰ ਪੇਸ਼ ਕਰਦਾ ਹੈ, ਜਿਨ੍ਹਾਂ ਬਾਰੇ ਅਸੀਂ ਇਸ ਪਰਚੇ ਵਿੱਚ ਵਿਚਾਰ ਕਰਾਂਗੇ।

ਵੀਕੋ ਮਨੁੱਖੀ ਸਭਿਅਤਾ ਦੇ ਵਿਕਾਸ ਨੂੰ ਉਲੀਕਦਿਆਂ ਮਿੱਥ ਨੂੰ ਇਸਦੇ ਆਰੰਭਿਕ ਪੜਾਅ ਨਾਲ ਸੰਬੰਧਿਤ ਮੰਨਦਾ ਹੈ। ਉਸ ਅਨੁਸਾਰ ਕੁਦਰਤੀ ਘਟਨਾਵਾਂ ਪ੍ਰਤੀ ਆਰੰਭਿਕ ਮਨੁੱਖ ਦੀ ਅਗਿਆਨਤਾ ਵਿੱਚੋਂ ਡਰ ਅਤੇ ਹੈਰਾਨੀ ਨੇ ਜਨਮ ਲਿਆ। ਬਿਜਲੀ ਦੀ ਲਿਸ਼ਕ ਅਤੇ ਬੱਦਲਾਂ ਦੀ ਗੜਗੜਾਹਟ ਆਦਿ ਬ੍ਰਹਿਮੰਡਕ ਵਰਤਾਰਿਆਂ ਦੇ ਕਾਰਨਾਂ ਤੋਂ ਅਣਜਾਣ ਹੋਣ ਕਾਰਨ ਉਸ ਨੇ ਆਪਣੇ ਗੁਣਾਂ/ਲੱਛਣਾਂ ਨੂੰ ਇਨ੍ਹਾਂ ਉੱਤੇ ਆਰੋਪਿਤ ਕਰਨਾ ਸ਼ੁਰੂ ਕਰ ਦਿੱਤਾ। ਪ੍ਰਕਿਰਤਕ ਪਰਪੰਚਾਂ ਦੇ ਕੀਤੇ ਇਸ ਮਾਨਵੀਕਰਨ ਵਿੱਚੋਂ ਦੇਵਤਿਆਂ ਦੀ ਉੱਤਪਤੀ ਹੋਈ। ਇਨ੍ਹਾਂ ਕੁਦਰਤੀ ਸ਼ਕਤੀਆਂ ਦੀ ਜੀਵੰਤ ਦੇਹਾਂ ਦੇ ਰੂਪ ਵਿੱਚ ਆਦਿਮ ਮਾਨਵ (ਜਿਸ ਨੂੰ ਵੀਕੋ 'ਧਰਮ ਸ਼ਾਸਤਰੀ ਕਵੀ' (Theological Poet) ਵੀ ਕਹਿੰਦਾ ਹੈ) ਦੁਆਰਾ ਕੀਤੀ ਵਿਆਖਿਆ ਦੇ ਨਤੀਜੇ ਵਜੋਂ ਕਾਵਿ ਅਤੇ ਮਿੱਥਾਂ ਨੇ ਹੋਂਦ ਗ੍ਰਹਿਣ ਕੀਤੀ। ਇਸ ਤਰ੍ਹਾਂ "ਵੀਕੋ ਨੇ ਬਾਹਰੀ ਪਦਾਰਥਕ ਹਾਲਤਾਂ ਅਤੇ ਮਨੁੱਖ ਦੀ ਪ੍ਰਵਿਰਤੀਮੂਲਕ / ਕੁਦਰਤੀ ਬਣਤਰ ਦੀ ਸਹਿਕਾਰਤਾ ਵਿੱਚੋਂ ਸਭਿਅਤਾ ਦੀ ਤੋਰ ਨੂੰ ਫੜਿਆ।"3 ਵੀਕੋ ਦੀ ਮਿੱਥ ਨੂੰ ਕੁਦਰਤੀ ਵਰਤਾਰਿਆਂ ਦਾ ਮਾਨਵੀਕਰਨ ਮੰਨਣ ਵਾਲੀ ਇਸ ਧਾਰਨਾ ਦੀ ਨਿਰੰਤਰਤਾ ਈ. ਬੀ. ਟਾਈਲਰ, ਫਰਾਂਜ਼ ਬੋਆਸ ਅਤੇ ਕਲਾਡ ਲੈਵੀ ਸਤਰਾਸ ਵਰਗੇ ਚਿੰਤਕਾਂ ਵਿੱਚ ਵੀ ਮਿਲਦੀ ਹੈ। 'ਵੀਕੋ ਤੋਂ ਪਹਿਲਾਂ ਇਸ ਕਿਸਮ ਦੇ ਵਿਚਾਰ ਭਾਰਤੀ ਕਥਾ-ਚਿੰਤਨ ਵਿੱਚ ਯਾਸਕ (700 ਈ. ਪੂ.) ਦੇ 'ਨਿਰੁਕਤ' ਵਿੱਚ, ਪੱਛਮੀ ਚਿੰਤਨ ਵਿੱਚ ਏਪਿਕਾਰਮਸ (600 ਈ. ਪੂ.) ਅਤੇ ਥਿਓਜੀਨਸ (500 ਈ. ਪੂ.) ਦੇ ਰੂਪਾਤਮਕ ਸੰਪਰਦਾਇ ਵਿੱਚ ਮਿਲਦੇ ਹਨ।'4 ਵੀਕੋ ਦੇ ਮਿੱਥ ਸਿਧਾਂਤ ਬਾਬਤ ਇਹ ਨੁਕਤਾ ਗ਼ੌਰਤਲਬ ਹੈ ਕਿ ਉਹ ਕਵਿਤਾ, ਮਿੱਥ ਅਤੇ ਧਾਰਮਿਕਤਾ/ਦੈਵੀਅਤਾ ਦੀ ਉੱਤਪਤੀ ਨੂੰ ਇੱਕ-ਦੂਜੇ ਤੋਂ ਨਿਖੇੜ ਕੇ ਨਹੀਂ ਦੇਖਦਾ, ਸਗੋਂ ਇਨ੍ਹਾਂ ਨੂੰ ਇੱਕੋ ਤਰ੍ਹਾਂ ਦੀਆਂ ਪਰਿਸਥਿਤੀਆਂ ਵਿੱਚੋਂ ਸਾਂਝੇ ਰੂਪ ਵਿੱਚ ਉਗਮਦੇ ਦਿਖਾਉਂਦਾ ਹੈ। ਮਸਲਨ;

'ਅਬੋਧ ਸੰਸਾਰ' (Pagan World) ਦੀ ਪਹਿਲੀ ਸੂਝ/ਵਿਵੇਕ (Wisdom) ਹੋਣ ਦੇ ਨਾਤੇ ਕਾਵਿ ਸੂਝ/ਵਿਵੇਕ (Poetic Wisdom) ਦਾ ਆਰੰਭ ਲਾਜ਼ਮ ਹੀ ਇੱਕ ਅਜਿਹੀ ਪਰਾਭੌਤਿਕਤਾ (Metaphysics) ਨਾਲ ਹੋਇਆ ਹੋਵੇਗਾ, ਜਿਹੜੀ ਅੱਜ ਦੇ ਵਿਦਵਾਨਾਂ ਦੀ ਤਾਰਕਿਕ ਤੇ ਅਮੂਰਤ ਪਰਾਭੌਤਿਕਤਾ ਦੇ ਉਲਟ ਆਰੰਭਿਕ ਲੋਕਾਂ ਦੀ ਸੰਵੇਦਨਾ ਅਤੇ ਕਲਪਨਾ ਵਿੱਚੋਂ ਉਪਜੀ ਸੀ। ਕਿਉਂਕਿ ਉਨ੍ਹਾਂ ਕੋਲ ਤਰਕ ਦੀ ਸ਼ਕਤੀ ਦੀ ਘਾਟ ਸੀ ਅਤੇ ਉਹ ਪੂਰੀ ਤਰ੍ਹਾਂ ਆਪਣੀਆਂ ਪ੍ਰਬਲ ਸੰਵੇਦਨਾਵਾਂ ਤੇ ਸਜੀਵ ਕਲਪਨਾਵਾਂ ਦੁਆਰਾ ਨਿਰਦੇਸ਼ਿਤ ਹੁੰਦੇ ਸਨ...ਇਹ ਪਰਾਭੌਤਿਕਤਾ ਉਨ੍ਹਾਂ ਦੀ ਆਪਣੀ ਕਵਿਤਾ ਸੀ ਜਿਹੜੀ ਇੱਕ ਸਹਿਜ ਕਾਵਿਕ ਯੋਗਤਾ ਵਿੱਚੋਂ ਉਪਜੀ ਕਿਉਂਕਿ ਉਹ ਕੁਦਰਤੀ ਹੀ ਸੰਵੇਦਨਾ ਅਤੇ ਕਲਪਨਾ ਨਾਲ ਲਬਰੇਜ਼ ਸਨ। ਉਨ੍ਹਾਂ ਦੀ ਕਵਿਤਾ ਵੀ ਸੁਭਾਵਿਕ ਤੌਰ 'ਤੇ ਕਾਰਨਾਂ ਦੀ ਅਗਿਆਨਤਾ ਵਿੱਚੋਂ ਪੈਦਾ ਹੋਈ...ਅਗਿਆਨਤਾ ਅਸਚਰਜਤਾ ਦੀ ਜਣਨੀ ਹੈ; ਅਤੇ ਸਾਰੀਆਂ ਚੀਜ਼ਾਂ ਤੋਂ ਅਣਜਾਣ ਹੋਣ ਕਾਰਨ ਆਰੰਭਿਕ ਲੋਕ ਹਰ ਚੀਜ਼ ਤੋਂ ਹੈਰਾਨ ਸਨ। ਉਨ੍ਹਾਂ ਵਿੱਚ ਕਵਿਤਾ ਪੂਰੀ ਤਰ੍ਹਾਂ ਦੈਵੀ ਤੌਰ 'ਤੇ ਪੈਦਾ ਹੋਈ, ਕਿਉਂਕਿ ਜਦ ਕਦੇ ਕੋਈ ਚੀਜ਼ ਉਨ੍ਹਾਂ ਵਿੱਚ ਅਸਚਰਜਤਾ ਦੀਆਂ ਭਾਵਨਾਵਾਂ ਨੂੰ ਜਗਾਉਂਦੀ, ਉਹ ਇਸਦੇ ਕਾਰਨ ਨੂੰ ਪਰਮਾਤਮਾ ਵਜੋਂ ਕਲਪਦੇ ਅਤੇ ਉਸੇ ਵਕਤ ਜੋ ਵੀ ਉਨ੍ਹਾਂ ਦੀ ਹੈਰਾਨੀ ਨੂੰ ਉਕਸਾਉਂਦਾ, ਉਹ ਉਸ ਨੂੰ ਆਪਣੇ

ਵਿਚਾਰਾਂ ਉੱਤੇ ਆਧਾਰਿਤ ਇੱਕ ਵਾਸਤਵਿਕ ਹੋਂਦ ਨਾਲ ਸਮਰਿੱਧ ਬਣਾ ਦਿੰਦੇ। ਇਹੀ ਬੱਚਿਆਂ ਦਾ ਸੁਭਾਅ ਹੈ, ਜਿਨ੍ਹਾਂ ਨੂੰ ਅਸੀਂ ਨਿਰਜੀਵ ਚੀਜ਼ਾਂ ਨਾਲ ਇਸ ਤਰ੍ਹਾਂ ਖੇਡਦਿਆਂ ਅਤੇ ਗੱਲਾਂ ਕਰਦਿਆਂ ਦੇਖਦੇ ਹਾਂ ਜਿਵੇਂ ਉਹ ਜਿਉਂਦੇ ਜਾਗਦੇ ਵਿਅਕਤੀ ਹੋਣ...5

ਇਸ ਤਰ੍ਹਾਂ ਵੀਕੋ ਦੇ ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਉਹ ਕਵਿਤਾ ਅਤੇ ਕਾਵਿ ਵਿਵੇਕ ਨੂੰ ਦੈਵੀਅਤਾ ਜਾਂ ਪਰਾਭੌਤਿਕਤਾ ਨਾਲੋਂ ਨਿਖੇੜ ਕੇ ਨਹੀਂ ਦੇਖਦਾ। ਉਸ ਅਨੁਸਾਰ ਇਸ ਕਾਵਿ ਵਿਵੇਕ ਵਿੱਚੋਂ ਹੀ ਮਿੱਥਾਂ ਦੀ ਉੱਤਪਤੀ ਹੋਈ। ਵੀਕੋ ਦੀਆਂ ਇਨ੍ਹਾਂ ਧਾਰਨਾਵਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਉਹ ਮਿੱਥ ਨੂੰ ਧਾਰਮਿਕਤਾ ਤੋਂ ਸੱਖਣੇ ਵਰਤਾਰੇ ਵਜੋਂ ਸਮਝਣ ਦੀ ਥਾਂ ਇਨ੍ਹਾਂ ਦੀ ਇੱਕ-ਦੂਜੇ ਤੋਂ ਅਨਿੱਖੜਵੀਂ ਹੋਂਦ ਨੂੰ ਮਾਨਤਾ ਦਿੰਦਾ ਹੈ। ਪਰ ਇਸਦੇ ਉਲਟ ਵਿਕਟਰ ਜੀ. ਪਾਨੋਵ Victor G. Panov ਆਦਿਮ ਮਨੁੱਖ ਦੀ ਆਦਿ ਕਾਲੀਨ 'ਧਾਰਮਿਕਤਾ' ਵਿੱਚ ਅਵਿਸ਼ਵਾਸ ਪ੍ਰਗਟਾਉਂਦਾ ਹੈ। ਵਿਕਟਰ ਪਾਨੋਵ ਪ੍ਰਕਿਰਤਕ ਵਰਤਾਰਿਆਂ ਦੇ ਮਾਨਵੀਕਰਨ ਅਤੇ ਆਤਮੀਕਰਨ ਨੂੰ ਮੁੱਢਲੀ ਧਾਰਮਿਕਤਾ ਦਾ ਨਤੀਜਾ ਮੰਨਣ ਦੀ ਥਾਂ ਪਦਾਰਥ ਦੀ ਸਜੀਵਤਾ ਦੇ ਸਿਧਾਂਤ ਨਾਲ ਜੋੜ ਕੇ ਦੇਖਣ ਦਾ ਸੁਝਾਅ ਦਿੰਦਾ ਹੈ। ਇਸ ਖੇਤਰ ਵਿੱਚ ਕੀਤੇ ਅਧਿਐਨ ਦੇ ਆਧਾਰ 'ਤੇ ਸਾਨੂੰ ਪ੍ਰਤੀਤ ਹੁੰਦਾ ਹੈ ਕਿ ਕੁਦਰਤੀ ਵਰਤਾਰਿਆਂ ਦੇ ਆਦਿਮ ਮਨੁੱਖ ਦੁਆਰਾ ਕੀਤੇ ਮਾਨਵੀਕਰਨ ਵਿੱਚੋਂ ਪੈਦਾ ਹੋਈਆਂ ਮਿੱਥਾਂ ਦੀ ਉੱਤਪਤੀ ਨੂੰ ਸੰਸਥਾਈ 'ਧਾਰਮਿਕਤਾ' ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਇਹ ਤਾਂ ਇਸ ਤੋਂ ਬਾਅਦ ਦੇ ਦੌਰ ਦੀ ਪੈਦਾਵਾਰ ਹੈ। ਇਸ ਲਈ ਵੀਕੋ ਦੁਆਰਾ ਮਿੱਥ ਅਤੇ ਧਾਰਮਿਕਤਾ ਨੂੰ ਅਨਿੱਖੜਵੇਂ ਰੂਪ ਵਿੱਚ ਉਪਜਦੇ ਦਿਖਾਉਣਾ ਉੱਚਿਤ ਪ੍ਰਤੀਤ ਨਹੀਂ ਹੁੰਦਾ।

ਉਪਰੋਕਤ ਹਵਾਲੇ ਵਿੱਚ ਪੇਸ਼ ਇਹ ਪਹਿਲੂ ਵੀ ਵਿਚਾਰਨਯੋਗ ਹੈ ਕਿ ਵੀਕੋ ਨੇ ਮਿੱਥ ਨੂੰ ਸਿਰਜਣ ਵਾਲੀ ਮਾਨਸਿਕਤਾ ਦਾ ਸੰਬੰਧ ਕਿਹੜੀਆਂ ਮਾਨਸਿਕ ਖ਼ਸਲਤਾਂ ਨਾਲ ਦਰਸਾਇਆ ਹੈ? ਸਾਡੇ ਅਧਿਐਨ ਮੁਤਾਬਿਕ ਮਿੱਥ ਨੂੰ 'ਆਦਿਮ ਮਨ' ਦੀ ਸਿਰਜਣਾ ਮੰਨਣ ਵਾਲੇ ਵਿਦਵਾਨਾਂ ਵਿੱਚ ਮਿੱਥ ਦੀ ਸਿਰਜਕ ਮਾਨਸਿਕਤਾ ਸੰਬੰਧੀ ਦੋ ਤਰ੍ਹਾਂ ਦੀਆਂ ਰਾਵਾਂ ਮਿਲਦੀਆਂ ਹਨ। ਇੱਕ ਵਿਚਾਰ ਇਸ ਮਨ ਨੂੰ ਮਨੁੱਖੀ ਵਿਕਾਸ ਦੀ ਆਰੰਭਿਕ ਅਵਸਥਾ ਨਾਲ ਸੰਬੰਧਿਤ ਦੱਸਦਾ ਹੈ, ਜਿਸ ਦੀ ਪੈਰਵੀ ਬਾਅਦ ਵਿੱਚ ਟਾਈਲਰ, ਫ਼ਰੇਜ਼ਰ, ਲੈਵੀ ਬਰੂਹਲ ਵਰਗੇ ਵਿਕਾਸਵਾਦੀ ਮਾਨਵ ਵਿਗਿਆਨੀਆਂ ਅਤੇ ਪ੍ਰਤੀਕਵਾਦੀ ਚਿੰਤਕ ਅਰਨਸਟ ਕੈਜ਼ੀਰਰ ਨੇ ਕੀਤੀ। ਦੂਜੀ ਧਾਰਨਾ ਸੰਰਚਨਾਵਾਦੀ ਮਾਨਵ ਵਿਗਿਆਨੀ ਕਲਾਡ ਲੈਵੀ ਸਤਰਾਸ ਨੇ ਦਿੱਤੀ ਜਿਸ ਨੇ ਆਦਿਮ ਮਨ ਨੂੰ 'ਆਰੰਭਿਕ' (Primitive) ਕਹਿਣ ਤੋਂ ਗੁਰੇਜ਼ ਕਰਦਿਆਂ ਇਸ ਨੂੰ ਵਿਕਾਸ ਦੇ ਨੀਵੇਂ ਪੌੜੇ 'ਤੇ ਰੱਖਣ ਦੀ ਥਾਂ ਸਥਾਪਿਤ ਕੀਤਾ ਹੈ ਕਿ ਇਸ ਅੰਦਰਲੀ ਬਣਤਰ ਵੀ ਆਧੁਨਿਕ ਵਿਕਸਿਤ ਮਨ ਵਾਂਗ ਹੀ ਤਰਕਸ਼ੀਲ ਰੂਪ ਵਿਚ ਸੰਰਚਿਤ ਹੁੰਦੀ ਹੈ। ਮਿੱਥ ਦੀ ਸਿਰਜਕ ਮਾਨਸਿਕਤਾ ਸੰਬੰਧੀ ਵੀਕੋ ਦੇ ਵਿਚਾਰਾਂ ਨੂੰ ਜੇਕਰ ਦੇਖੀਏ ਤਾਂ ਉਹ ਇਸ ਸੰਬੰਧੀ ਉੱਪਰ ਦਰਸਾਏ ਪਹਿਲੇ ਵਰਗ ਵਿਚਲੇ ਵਿਦਵਾਨਾਂ ਦੇ ਵਿਚਾਰਾਂ ਦਾ ਪੂਰਵਵਰਤੀ ਸਿੱਧ ਹੁੰਦਾ ਹੈ।

ਵੀਕੋ ਦੇ ਮਿੱਥ ਚਿੰਤਨ ਵਿੱਚ ਇੱਕ ਮਹੱਤਵਪੂਰਨ ਨੁਕਤਾ ਮਿੱਥ ਅਤੇ ਇਤਿਹਾਸ ਦੇ ਅੰਤਰ-ਸੰਬੰਧਾਂ ਨੂੰ ਉਭਾਰਨਾ ਹੈ। ਉਸ ਨੇ ਮਿੱਥ ਅਤੇ ਪਰਾਭੌਤਿਕਤਾ ਨੂੰ ਸਮਾਜਿਕ ਯਥਾਰਥ ਦਾ ਵਿਕ੍ਰਿਤ ਹੋਇਆ ਪ੍ਰਤੀਬਿੰਬ ਮੰਨਿਆ ਅਤੇ ਮਿੱਥ ਨੂੰ ਇਤਿਹਾਸਕ ਘਟਨਾਵਾਂ ਦੀ ਵਿਗੜੀ ਹੋਈ ਅਭਿਵਿਅਕਤੀ ਦੇ ਰੂਪ ਵਿੱਚ ਦੇਖਿਆ। ਵੀਕੋ ਨੇ ਇਨ੍ਹਾਂ ਮਿੱਥਾਂ ਦੇ ਸਹਾਰੇ ਆਰੰਭਿਕ/ਮੁੱਢਲੇ ਲੋਕਾਂ ਦੇ ਮਾਨਸਿਕ ਪ੍ਰਬੰਧ ਨੂੰ, ਉਨ੍ਹਾਂ ਦੇ ਸਭਿਆਚਾਰਕ ਇਤਿਹਾਸ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਅਤੇ ਮਿੱਥਾਂ ਨੂੰ 'ਕਾਵਿਕ ਇਤਿਹਾਸ' ਦੇ ਤੌਰ 'ਤੇ ਸਮਝਿਆ ਹੈ।

ਇਸੇ ਤਰ੍ਹਾਂ ਮਿੱਥਾਂ ਨੂੰ ਯਥਾਰਥ ਦੇ ਵਿਗੜੇ ਹੋਏ ਪ੍ਰਗਟਾਵੇ ਦੇ ਤੌਰ 'ਤੇ ਪੇਸ਼ ਕਰਦਾ ਹੋਇਆ ਵੀਕੋ 'ਵਰਗਾਂ ਵਿਚਲੀ ਵਿਰੋਧਤਾ ਨੂੰ ਮੂਲ ਸਮਾਜਿਕ ਸੱਚਾਈ ਮੰਨਦਾ ਹੋਇਆ ਇਸ ਨੂੰ ਯੂਨਾਨੀ ਮਿਥਿਹਾਸ ਦੀ ਕੁੰਜੀ ਮੰਨਦਾ ਹੈ। ਉਸ ਅਨੁਸਾਰ ਸਿਸੀਫ਼ਸ ਵਰਗੀਆਂ ਮਿੱਥਾਂ ਬਗਾਵਤ ਦੇ ਕਈ ਉਦੇਸ਼ਾਂ ਨੂੰ ਬਿਆਨਦੀਆਂ ਹਨ।'6 ਵੀਕੋ ਦੇ ਇਨ੍ਹਾਂ ਵਿਚਾਰਾਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਮਿੱਥ ਨੂੰ ਨਿਰੋਲ ਵਰਗ ਰਹਿਤ ਸਮਾਜ ਦੀ ਸਿਰਜਣਾ ਨਹੀਂ ਕਿਹਾ ਸਕਦਾ। ਸ਼੍ਰੇਣੀਆਂ ਅਤੇ ਵਰਗਾਂ ਵਿੱਚ ਵੰਡੇ ਹੋਏ ਸਮਾਜ-ਸਭਿਆਚਾਰ ਵਿੱਚ ਵੀ ਇਹ ਆਪਣੀ ਹੋਂਦ ਰੱਖਦੀ ਹੈ। ਵੀਕੋ ਬਾਹਰੀ ਭੌਤਿਕ ਪਰਿਸਥਿਤੀਆਂ ਅਤੇ ਮਨੁੱਖੀ ਮਾਨਸਿਕਤਾ ਦੇ ਅੰਤਰ-ਸੰਵਾਦ ਵਿੱਚੋਂ ਮਿੱਥ ਦੀ ਉੱਤਪਤੀ ਨੂੰ ਦਰਸਾਉਂਦਾ ਹੋਇਆ ਇਸ ਵਿੱਚੋਂ ਸਭਿਅਤਾ ਦੇ ਇਤਿਹਾਸ ਦੀ ਸ਼ਨਾਖ਼ਤ ਕਰਦਾ ਹੈ। ਅਸਲ ਵਿੱਚ ''ਮਿਥਿਹਾਸ ਬਾਰੇ ਵੀਕੋ ਦੀਆਂ ਵਿਆਖਿਆਵਾਂ ਸਮਾਜਿਕ ਹਾਲਤਾਂ ਵਿੱਚੋਂ ''ਮਾਨਸਿਕ'' ਸਮੱਗਰੀ ਜਾਂ ਵਰਤਾਰੇ ਨੂੰ ਡੀਕੋਡ ਕਰਨ ਦੀਆਂ ਪ੍ਰਮੁੱਖ ਕੋਸ਼ਿਸ਼ਾਂ ਹਨ।''7 ਇਸੇ ਤਰ੍ਹਾਂ ਦੇ ਅਧਿਐਨ ਦੀਆਂ ਸੁਰਾਂ ਬਾਅਦ ਵਿੱਚ ਕਲਾਡ ਲੈਵੀ ਸਤਰਾਸ ਦੇ ਮਿੱਥ ਚਿੰਤਨ ਵਿੱਚ ਦੇਖੀਆਂ ਜਾ ਸਕਦੀਆਂ ਹਨ ਜਿਸ ਨੇ ਮਿੱਥਾਂ ਪਿੱਛੇ ਛੁਪੇ ਸਰਬਵਿਆਪੀ ਮਨੁੱਖੀ ਮਨ ਦੇ ਸਿਧਾਂਤਾਂ ਦੀ ਸ਼ਨਾਖ਼ਤ ਕੀਤੀ। ਇਹ ਗੱਲ ਕਾਬਿਲੇਗੌਰ ਹੈ ਕਿ ਮਿੱਥ ਨੂੰ 'ਆਦਿਮ ਬੋਧ' ਅਤੇ 'ਵਿਕ੍ਰਿਤ ਇਤਿਹਾਸ' ਦੇ ਤੌਰ 'ਤੇ ਪੇਸ਼ ਕਰਨ ਵਾਲਾ ਵੀਕੋ ਪਹਿਲਾ ਵਿਦਵਾਨ ਨਹੀਂ ਹੈ, ਉਸ ਤੋਂ ਪਹਿਲਾਂ ''ਯੂਹੇਮੇਰਸ' (Euhemerus) 320 ਈ. ਪੂ. ਵਿੱਚ ਮਿੱਥ ਨੂੰ ਕੁਦਰਤੀ ਸੰਸਾਰ ਦੀ ਆਦਿਮ ਵਿਆਖਿਆ ਅਤੇ ਅਤੀਤ

ਵਿੱਚ ਵਾਪਰੀਆਂ ਇਤਿਹਾਸਕ ਘਟਨਾਵਾਂ ਦੀ ਵਿਕ੍ਰਿਤ ਅਭਿਵਿਅਕਤੀ ਦੇ ਤੌਰ 'ਤੇ ਪ੍ਰਸਤੁਤ ਕਰ ਚੁੱਕਿਆ ਸੀ।'8 ਇਸ ਤਰ੍ਹਾਂ ਮਿੱਥ ਦੇ ਉਪਰੋਕਤ ਦੋ ਪਹਿਲੂਆਂ ਬਾਰੇ ਵੀਕੋ ਦੀਆਂ ਧਾਰਨਾਵਾਂ 'ਯੂਹੇਮੇਰਸ' (Euhemerus) ਤੋਂ ਪ੍ਰੇਰਿਤ ਹੋ ਸਕਦੀਆਂ ਹਨ।

ਵੀਕੋ ਦੇ ਕਹੇ ਅਨੁਸਾਰ ਉਹ ਉਸ ਸਦੀਵੀ ਅਤੇ ਸਰਬਵਿਆਪਕ ਇਤਿਹਾਸ ਨੂੰ ਪੇਸ਼ ਕਰਦਾ ਹੈ ਜਿਸ ਦੇ ਪ੍ਰਵਾਹ ਵਿੱਚੋਂ ਸਾਰੇ ਰਾਸ਼ਟਰਾਂ ਨੂੰ ਲੰਘਣਾ ਪੈਂਦਾ ਹੈ। ਪਰ ਇੱਥੇ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਕੀ ਮਨੁੱਖੀ ਸਭਿਅਤਾ ਦਾ ਕੋਈ ਇਕਰੂਪ ਸਰਬਵਿਆਪੀ ਇਤਿਹਾਸ ਹੋ ਸਕਦਾ ਹੈ? ਕੀ ਵੱਖੋ-ਵੱਖਰੇ ਰਾਸ਼ਟਰਾਂ ਅਤੇ ਸਭਿਅਤਾਵਾਂ ਦੀਆਂ ਵਿਭਿੰਨਤਾਵਾਂ ਨੂੰ ਨਜ਼ਰਅੰਦਾਜ਼ ਕਰਕੇ ਉਨ੍ਹਾਂ ਦੇ ਵਿਕਾਸ ਨੂੰ ਇੱਕ ਸਦੀਵੀ, ਸਥਾਈ ਪ੍ਰਵਾਹ ਵਿੱਚ ਬੰਨ੍ਹ ਦੇਣਾ ਵਾਜਿਬ ਹੈ? ਸਾਡੇ ਖ਼ਿਆਲ ਅਨੁਸਾਰ ਹਰ ਸਮਾਜ-ਸਭਿਆਚਾਰ ਆਪਣੇ ਉੱਥਾਨ ਨੂੰ ਆਲੇ-ਦੁਆਲੇ ਦੀਆਂ ਭੌਤਿਕ ਪਰਿਸਥਿਤੀਆਂ ਨਾਲ ਅੰਤਰਕਿਰਿਆ ਵਿੱਚੋਂ ਵਿਲੱਖਣ ਹਾਲਤਾਂ ਅਨੁਕੂਲ ਪ੍ਰਾਪਤ ਕਰਦਾ ਹੋਇਆ ਵਿਕਾਸ ਦੀ ਚਰਮ ਸੀਮਾ ਵੱਲ ਵੱਧਦਾ ਹੈ। ਇਸ ਲਈ ਮਿੱਥਾਂ ਵਿੱਚੋਂ ਮਨੁੱਖੀ ਸਭਿਅਤਾ ਦੇ ਵਿਕਾਸ ਦੇ ਇਕਸਾਰ, ਇਕਸਮਾਨ, ਇਕਰੂਪ ਪੈਮਾਨਿਆਂ ਦੀ ਸ਼ਨਾਖ਼ਤ ਕਰਦੇ ਹੋਏ ਇਸ ਦੇ ਸਦੀਵੀ, ਸਥਾਈ ਤੇ ਸਰਬਵਿਆਪੀ ਇਤਿਹਾਸ ਨੂੰ ਉਲੀਕਣਾ ਵਿਭਿੰਨ ਹੋਂਦਾਂ, ਵਰਤਾਰਿਆਂ ਦੀ ਆਪਣੀ ਵੱਖਰੀ ਹੋਂਦ ਵਿਧੀ ਤੇ ਹਸਤੀ ਦੇ ਨਜ਼ਰੀਏ ਤੋਂ ਉੱਚਿਤ ਪ੍ਰਤੀਤ ਨਹੀਂ ਹੁੰਦਾ। ਇਸ 'ਇਕਸਾਰਤਾ' ਦਾ ਲੁਤਫ਼ ਉਠਾਉਂਦੇ ਹੋਏ ਅਸੀਂ ਅਕਸਰ ਉਨ੍ਹਾਂ ਵਿਲੱਖਣਤਾਵਾਂ ਨੂੰ ਅੱਖੋਂ-ਪਰੋਖੇ ਕਰ ਜਾਂਦੇ ਹਾਂ ਜਿਹੜੀਆਂ ਕਿਸੇ ਵਰਤਾਰੇ, ਸੰਸਥਾ ਜਾਂ ਪ੍ਰਬੰਧ ਨੂੰ ਨਿੱਖੜਵਾਂ ਮੁਹਾਂਦਰਾ ਪ੍ਰਦਾਨ ਕਰਕੇ ਉਸਨੂੰ ਇੱਕ ਸਜੀਵ, ਅਸਥਿਰ, ਪਰਿਵਰਤਨਸ਼ੀਲ ਅਤੇ ਅਨਿਸ਼ਚਿਤ ਵਜੂਦ ਦੇ ਰੂਪ ਵਿੱਚ ਨਿਰੰਤਰ ਗਤੀਸ਼ੀਲਤਾ ਦਾ ਧਾਰਨੀ ਬਣਾਉਂਦੀਆਂ ਹਨ।

ਉਪਰੋਕਤ ਵਿਸ਼ਲੇਸ਼ਣ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਵੇਂ ਗਿਆਮਬਤਿਸਤਾ ਵੀਕੋ ਦੇ ਮਿੱਥ ਚਿੰਤਨ ਦੀਆਂ ਆਪਣੀਆਂ ਕੁੱਝ ਸੀਮਾਵਾਂ ਹਨ, ਪਰ ਉਸ ਨੇ ਮਿੱਥ ਸਿਧਾਂਤ ਨੂੰ ਕੁੱਝ ਮਹੱਤਵਪੂਰਨ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਜਿਨ੍ਹਾਂ ਵਿੱਚ ਮਿੱਥ ਨੂੰ 'ਪ੍ਰਕਿਰਤਕ ਵਰਤਾਰਿਆਂ ਦਾ ਮਾਨਵੀਕਰਨ', 'ਸਭਿਅਤਾ ਦੇ ਮੁੱਢਲੇ ਪੜਾਅ ਵਿੱਚ ਮਿਲਦੀ ਮਾਨਸਿਕਤਾ ਦੀ ਪੈਦਾਵਾਰ', 'ਇਤਿਹਾਸ ਦੀ ਵਿਕ੍ਰਿਤ ਅਭਿਵਿਅਕਤੀ', 'ਕਾਵਿਕ ਤਰਕ ਦੀ ਧਾਰਨੀ' ਦੇ ਰੂਪ ਵਿਚ ਦੇਖਣ ਦੇ ਸੁਝਾਅ ਦਿੱਤੇ ਗਏ ਹਨ। ਇਨ੍ਹਾਂ ਅੰਤਰ-ਦ੍ਰਿਸ਼ਟੀਆਂ ਦੀ ਨਿਰੰਤਰਤਾ ਬਾਅਦ ਦੇ ਵਿਕਾਸਵਾਦੀ, ਸੰਰਚਨਾਵਾਦੀ ਮਾਨਵ ਵਿਗਿਆਨੀਆਂ ਵਿੱਚ ਵੀ ਮਿਲਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. The needs of the developing market economy and the necessity of the technical mastery of nature led to the celebration of mathematics as the sole reliable mode of knowledge- Max Horkheimer, 'Vico and Mythology', p-64, http://people.duke.edu/~dainotto/Texts/horkheimer.pdf, accessed on 10 July, 2018
2. Ibid, p- 64, 65
3. Vico derives the movement of civilization from the collaboration of external material conditions and the instinctual constitution of men- Ibid, p- 69
4. डॉ. दिनेश्वर प्रसाद, मिथक, प्रतीक और कविता, जयभारती प्रकाशन, इलाहाबाद, 1999, पन्ना- 13
5. As the first wisdom of the pagan world, poetic wisdom must have begun with a metaphysics which, unlike the rational and abstract metaphysics of today's scholars, sprang from the senses and imagination of the first people. For they lacked the power of reason, and were entirely guided by their vigorous sensations and vivid imaginations... This metaphysics was their own poetry, which sprang from an innate poetic faculty: for they were naturally endowed with sense and imagination. Their poetry also sprang naturally from their ignorance of causes... ignorance is the mother of wonder; and being ignorant of all things, the first people were amazed by everything. In them, poetry began as literally divine. For whenever something aroused their feelings of wonder, they imagined its cause as a god. And at the same time, whatever aroused their wonder they endowed with a substantial being based on their own ideas. This is the nature of children, whom we see picking up inanimate objects in play and talking with them as if they were living persons...- Giambattista Vico, New Science, translated by David Marsh, Penguin Books, London, third edition reprinted, 2013, p- 144, 145
6. Max Horkheimer, 'Vico and Mythology', p-72, http://people.duke.edu/~dainotto/Texts/horkheimer.pdf, accessed on 10 July, 2018
7. Vico's interpretations of mythology are prime examples of the attempt to decode "mental" contents or phenomena out of their underlying social conditions- ibid, p-72
8. John Bowker (ed), The Concise Oxford Dictionary of World Religions, Oxford University Press, United Kingdom, 1997, p-183

**ਸਹਾਇਕ ਪ੍ਰੋਫ਼ੈਸਰ,**
**ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ।**

## ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ: ਚਿੰਤਾ ਤੋਂ ਚਿੰਤਨ ਤੱਕ ਦਾ ਉਪਦੇਸ਼ / ਗੁਰਦੀਪ ਸਿੰਘ

ਮਨੁੱਖੀ ਅਸਤਿਤਵ ਅਤੇ ਚਿੰਤਾ ਦਾ ਰਿਸ਼ਤਾ ਮੁੱਢ-ਕਦੀਮ ਤੋਂ ਹੀ ਅਟੁੱਟ ਰਿਹਾ ਹੈ। ਜਦੋਂ ਤੋਂ ਮਨੁੱਖ ਨੇ ਆਪਣੀ ਚੇਤਨਾ ਸੰਭਾਲੀ ਹੈ, ਉਸਦੇ ਅੰਦਰ 'ਹੋਣ' ਅਤੇ 'ਨਾ ਹੋਣ' ਦਾ ਦਵੰਦ ਚੱਲਦਾ ਆ ਰਿਹਾ ਹੈ। ਅਜੋਕੇ ਭੌਤਿਕਵਾਦੀ ਜੀਵਨ ਵਿਚ ਮਨੁੱਖੀ ਜੀਵਨ ਚਿੰਤਾ ਦਾ ਦੂਜਾ ਨਾਮ ਬਣ ਕੇ ਰਹਿ ਗਿਆ ਹੈ। ਇਹੀ ਕਾਰਨ ਹੈ ਕਿ ਮਨੁੱਖ ਦੀ ਜੀਵਨ ਪ੍ਰਤੀ ਬੇਰੁਖ਼ੀ ਵਧਦੀ ਜਾ ਰਹੀ ਹੈ ਜਿਸਦੇ ਨਤੀਜੇ ਵੱਜੋਂ ਹੋਰ ਸਮਾਜਿਕ ਬੁਰਾਈਆਂ ਨੂੰ ਜਨਮ ਲੈ ਰਹੀਆਂ ਹਨ। ਮਨੋਵਿਗਿਆਨਕ ਪੱਖ ਤੋਂ ਵੇਖੀਏ ਤਾਂ ਇਹ ਤਣਾਅ ਕੇਵਲ ਬਾਹਰੀ ਘਟਨਾਵਾਂ ਦਾ ਨਤੀਜਾ ਨਹੀਂ ਹੈ ਸਗੋਂ ਇਹ ਮਨੁੱਖ ਦੀਆਂ ਅਸੀਮ ਇੱਛਾਵਾਂ ਅਤੇ ਸੰਸਾਰ ਦੀ ਸੀਮਤ ਪ੍ਰਾਪਤੀ ਦੇ ਵਿਚਕਾਰ ਪੈਦਾ ਹੋਇਆ ਖੱਪਾ ਹੈ। ਹਰ ਦੌਰ ਦਾ ਮਨੁੱਖ ਅਸੁਰੱਖਿਆ, ਭਵਿੱਖ ਦੀ ਚਿੰਤਾ, ਇਕੱਲੇਪਨ ਅਤੇ ਮੌਤ ਦੇ ਭੈਅ ਨਾਲ ਜੂਝਦਾ ਰਿਹਾ ਹੈ। ਅਜੋਕੇ ਪਦਾਰਥਵਾਦੀ ਯੁੱਗ ਵਿੱਚ ਇਹ ਸੰਕਟ ਹੋਰ ਵੀ ਗਹਿਰਾ ਹੋ ਗਿਆ ਹੈ ਜਿੱਥੇ ਮਨੁੱਖ ਭੀੜ ਵਿੱਚ ਹੁੰਦੇ ਹੋਏ ਵੀ ਨਿਤਾਪ੍ਰਤੀ 'ਅਲਹਿਦਗੀ' ਦਾ ਸ਼ਿਕਾਰ ਹੈ।

ਸੰਸਾਰ ਦੇ ਇਤਿਹਾਸ ਵਿੱਚ ਵੱਖ-ਵੱਖ ਦਰਸ਼ਨਾਂ ਨੇ ਇਸ ਮਾਨਸਿਕ ਪੀੜਾ ਦਾ ਹੱਲ ਲੱਭਣ ਦਾ ਯਤਨ ਕੀਤਾ ਹੈ। ਪੱਛਮੀ ਦਰਸ਼ਨ ਖਾਸ ਕਰਕੇ ਯੂਨਾਨੀ ਫਲਸਫੇ 'ਸਟੋਇਸਿਜ਼ਮ' (Stoicism) ਦਾ ਜ਼ਿਕਰ ਕਰਨਾ ਇੱਥੇ ਜ਼ਰੂਰੀ ਹੈ। ਸਟੋਇਕ ਚਿੰਤਕਾਂ ਜਿਵੇਂ ਕਿ ਸੈਨੇਕਾ (Seneca) ਅਤੇ ਮਾਰਕਸ ਔਰੇਲੀਅਸ (Markus Aurelius) ਨੇ ਇਹ ਵਿਚਾਰ ਦਿੱਤਾ ਕਿ ਮਨੁੱਖੀ ਦੁੱਖਾਂ ਦਾ ਕਾਰਨ ਘਟਨਾਵਾਂ ਨਹੀਂ ਸਗੋਂ ਘਟਨਾਵਾਂ ਪ੍ਰਤੀ ਸਾਡਾ ਨਜ਼ਰੀਆ ਹੈ। ਸਟੋਇਸਿਜ਼ਮ ਸਿਖਾਉਂਦਾ ਹੈ ਕਿ ਉਹਨਾਂ ਬਾਰੇ ਚਿੰਤਾ ਕਰਨਾ ਵਿਅਰਥ ਹੈ ਜੋ ਚੀਜ਼ਾਂ ਸਾਡੇ ਨਿਯੰਤਰਣ ਵਿੱਚ ਨਹੀਂ ਹਨ। ਉਹਨਾਂ ਅਨੁਸਾਰ ਸ਼ਾਂਤੀ ਕੇਵਲ ਸਵੀਕ੍ਰਿਤੀ ਅਤੇ ਭਾਵਨਾਵਾਂ 'ਤੇ ਕਾਬੂ ਪਾਉਣ ਵਿੱਚ ਹੈ। ਭਾਵੇਂ ਸਟੋਇਸਿਜ਼ਮ ਨੇ ਮਨੁੱਖ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਕਰਨ ਲਈ ਤਰਕਪੂਰਨ ਰਾਹ ਦੱਸਿਆ ਪਰ ਇਹ ਕਈ ਵਾਰ ਭਾਵਨਾਵਾਂ ਨੂੰ ਦਬਾਉਣ ਜਾਂ ਰੁੱਖੇਪਨ ਵੱਲ ਲੈ ਜਾਂਦਾ ਹੈ।

ਭਾਵੇਂ ਪੱਛਮੀ ਚਿੰਤਨ ਵਿਚ ਨੀਤਸ਼ੇ ਵਰਗੇ ਚਿੰਤਕਾਂ ਨੇ "ਰੱਬ ਦੀ ਮੌਤ" ਦਾ ਐਲਾਨ ਕਰ ਦਿੱਤਾ ਹੈ ਪਰ ਪੂਰਬੀ ਸਭਿਆਚਾਰਾਂ ਵਿਚ ਅੱਜ ਵੀ ਰੱਬ ਦਾ ਸੰਕਲਪ ਜੀਵਨ ਨੂੰ ਅਰਥ ਦੇਣ ਦੇ ਮੁੱਖ ਸਰੋਤ ਵੱਜੋਂ ਕੰਮ ਕਰ ਰਿਹਾ ਹੈ। ਇਸ ਵਿਸ਼ਵ-ਵਿਆਪੀ ਸੰਦਰਭ ਵਿੱਚ ਜਦੋਂ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਚਿੰਤਾਂ ਤੋਂ ਪੈਦਾ ਹੋਣ ਵਾਲੇ ਤਨਾਅ ਦਾ ਪ੍ਰਬੰਧਨ ਕਰਨ ਲਈ ਇੱਕ ਅਜਿਹਾ ਮਾਡਲ ਮਿਲਦਾ ਹੈ ਜੋ ਸਟੋਇਸਿਜ਼ਮ ਤੋਂ ਵੀ ਅੱਗੇ ਜਾਂਦਾ ਹੈ। ਗੁਰੂ ਸਾਹਿਬ ਦੀ ਬਾਣੀ ਦਾ ਸਾਰ ਕੇਵਲ ਦੁੱਖਾਂ ਨੂੰ ਸਹਿਣ ਕਰਨਾ ਨਹੀਂ ਸਗੋਂ ਦੁੱਖਾਂ ਦੇ ਮੂਲ ਕਾਰਨਾਂ ਨੂੰ ਜੜ੍ਹੋਂ ਖਤਮ ਕਰਨਾ ਹੈ।

ਮਨੋਵਿਗਿਆਨ ਅਨੁਸਾਰ ਮਨੁੱਖੀ ਤਣਾਅ ਦਾ ਸਭ ਤੋਂ ਵੱਡਾ ਕਾਰਨ 'ਇਨਕਾਰ' ਹੈ। ਅਸੀਂ ਅਕਸਰ ਉਸ ਸੱਚਾਈ ਨੂੰ ਮੰਨਣ ਤੋਂ ਇਨਕਾਰ ਕਰ ਦਿੰਦੇ ਹਾਂ ਜੋ ਸਾਡੀ ਮਰਜ਼ੀ ਦੇ ਖਿਲਾਫ਼ ਹੁੰਦੀ ਹੈ ਜਿਵੇਂ ਕਿ ਬੁਢਾਪਾ, ਮੌਤ, ਰਿਸ਼ਤਿਆਂ ਦਾ ਬਦਲਣਾ ਜਾਂ ਧਨ ਦਾ ਨਾਸ਼ ਹੋਣਾ। ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਦਾ ਕੇਂਦਰੀ ਧੁਰਾ ਇਸ ਕਠੋਰ ਯਥਾਰਥ ਨੂੰ ਸਵੀਕਾਰ ਕਰਨਾ ਹੈ। ਜਦੋਂ ਮਨੁੱਖ ਸੱਚ ਨੂੰ ਸਵੀਕਾਰ ਕਰ ਲੈਂਦਾ ਹੈ ਤਾਂ ਉਸਦੇ ਮਨ ਦਾ ਵਿਰੋਧ ਖਤਮ ਹੋ ਜਾਂਦਾ ਹੈ ਅਤੇ ਤਣਾਅ ਸ਼ਾਂਤੀ ਵਿੱਚ ਬਦਲ ਜਾਂਦਾ ਹੈ। ਮਨੁੱਖ ਤਣਾਅ ਵਿੱਚ ਇਸ ਲਈ ਰਹਿੰਦਾ ਹੈ ਕਿਉਂਕਿ ਉਹ ਅਸਥਾਈ ਚੀਜ਼ਾਂ ਨੂੰ ਸਥਾਈ ਬਣਾ ਕੇ ਰੱਖਣਾ ਚਾਹੁੰਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਇਹ ਸੰਸਾਰ 'ਰੇਤ ਦੀ ਕੰਧ' ਵਾਂਗ ਹੈ ਜਿਸਦਾ ਡਿੱਗਣਾ ਤੈਅ ਹੈ। ਜੇਕਰ ਸਾਨੂੰ ਪਹਿਲਾਂ ਹੀ ਪਤਾ ਹੋਵੇ ਕਿ ਕੰਧ ਰੇਤ ਦੀ ਹੈ ਤਾਂ ਉਸਦੇ ਡਿੱਗਣ 'ਤੇ ਸਾਨੂੰ ਸਦਮਾ ਜਾਂ ਤਣਾਅ ਨਹੀਂ ਹੋਵੇਗਾ। ਗੁਰੂ ਸਾਹਿਬ ਮਿਥਿਹਾਸਕ ਹਵਾਲੇ ਦੇ ਕੇ ਸਮਝਾਉਂਦੇ ਹਨ ਕਿ ਵੱਡੀ ਤੋਂ ਵੱਡੀ ਸ਼ਕਤੀ ਵੀ ਸਥਾਈ ਨਹੀਂ ਹੈ। ਇਸ 'ਬਦਲਾਅ ਦੇ ਨਿਯਮ' ਨੂੰ ਸਵੀਕਾਰ ਕਰਨ ਨਾਲ ਮਨੁੱਖ ਕੁੱਝ ਖੋਹਣ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ।

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥
(ਅੰਗ ੧੪੨੯)

ਅਜੋਕਾ ਮਨੁੱਖ ਹਮੇਸ਼ਾ ਖਦਸ਼ਿਆਂ ਵਿੱਚ ਘਿਰਿਆ ਰਹਿੰਦਾ ਹੈ। ਸਮਾਜਿਕ ਰੁਤਬਾ ਖੁੱਸ ਜਾਣ ਦਾ ਡਰ, ਇਕੱਲੇ ਰਹਿ ਜਾਣ ਦੀ ਅਸੁਰੱਖਿਆ ਅਤੇ ਸਰੀਰਕ ਨਾਸ਼ ਦਾ ਭੈਅ ਅਜੋਕੇ ਜੀਵਨ ਵਿਚ ਚਿੰਤਾ ਦੇ ਮੂਲ ਕਾਰਨ ਹਨ। ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਇਸ ਮਾਨਸਿਕ ਕਮਜ਼ੋਰੀ ਦਾ ਸਟੀਕ ਇਲਾਜ ਪੇਸ਼ ਕਰਦੀ ਹੈ। ਗੁਰੂ ਤੇਗ ਬਹਾਦੁਰ ਜੀ ਵਾਰ-ਵਾਰ ਜੀਵਨ ਨੂੰ 'ਸੁਪਨਾ' ਕਹਿੰਦੇ ਹਨ। ਜਦੋਂ ਮਨੁੱਖ ਸੁਪਨੇ ਵਿੱਚ ਹੁੰਦਾ ਹੈ ਤਾਂ ਸੁਪਨੇ ਦੇ ਦੁੱਖ ਅਸਲ ਲੱਗਣ ਕਾਰਨ ਉਹ ਡਰਦਾ ਹੈ। ਇਲਦੇ ਉਲਟ ਜਦੋਂ ਉਹ ਸੁਚੇਤ ਹੁੰਦਾ ਹੈ ਕਿ ਇਹ ਸਿਰਫ਼ ਇੱਕ ਸੁਪਨਾ ਹੈ ਤਾਂ ਡਰ ਖਤਮ ਹੋ ਜਾਂਦਾ ਹੈ ਭਾਵੇਂ ਸੁਪਨਾ ਜਾਰੀ ਹੀ ਕਿਉਂ ਨਾ ਹੋਵੇ। ਤਣਾਅ ਉਦੋਂ ਪੈਦਾ ਹੁੰਦਾ ਹੈ ਜਦੋਂ ਮਨੁੱਖ ਜੀਵਨ ਦੀਆਂ ਸਮੱਸਿਆਵਾਂ ਨੂੰ ਲੋੜ ਤੋਂ ਵੱਧ ਗੰਭੀਰਤਾ ਨਾਲ ਲੈਂਦਾ ਹੈ। ਜੀਵਨ ਨੂੰ ਇੱਕ 'ਖੇਡ' ਜਾਂ 'ਸੁਪਨੇ' ਵਜੋਂ ਵਾਚਣ ਵਾਲਾ ਵਿਅਕਤੀ ਮੁਸ਼ਕਿਲਾਂ ਵਿੱਚ ਵੀ ਮੁਸਕਰਾ

ਸਕਦਾ ਹੈ। ਇਹ ਮਨੁੱਖੀ ਸੋਚਣ ਦੇ ਢੰਗ ਨੂੰ ਬਦਲਣ ਦੀ ਇੱਕ ਉੱਤਮ ਕੋਸ਼ਿਸ਼ ਹੈ।

ਰੇ ਨਰ ਇਹ ਸਾਚੀ ਜੀਅ ਧਾਰਿ ॥
ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥
(ਅੰਗ ੬੩੩)

ਮਨੁੱਖ ਦੇ ਅਵਚੇਤਨ ਮਨ ਵਿੱਚ ਸਭ ਤੋਂ ਡੂੰਘੀ ਚਿੰਤਾ ਮੌਤ ਦਾ ਡਰ ਹੈ। ਮਨੁੱਖ ਦੇ ਬਾਕੀ ਸਾਰੇ ਡਰ ਇਸੇ ਵਿੱਚੋਂ ਨਿਕਲਦੇ ਹਨ। ਗੁਰੂ ਸਾਹਿਬ ਮੌਤ ਨੂੰ ਜੀਵਨ ਦਾ ਅੰਤ ਨਹੀਂ, ਸਗੋਂ ਇੱਕ ਅਟੱਲ ਸੱਚਾਈ ਵਜੋਂ ਪੇਸ਼ ਕਰਦੇ ਹਨ ਜਿਸ ਬਾਰੇ ਚਿੰਤਾ ਕਰਨਾ ਮੂਰਖਤਾ ਹੈ।

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੇ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥"
(ਅੰਗ ੧੪੨੯)

ਮੌਤ ਦੀ ਇਹ ਸਵੀਕ੍ਰਿਤੀ ਮਨੁੱਖ ਨੂੰ ਵਰਤਮਾਨ ਵਿੱਚ ਜਿਊਣਾ ਸਿਖਾਉਂਦੀ ਹੈ। ਜਦੋਂ ਭਵਿੱਖ ਦੇ ਸਭ ਤੋਂ ਬੁਰਾ ਨਤੀਜੇ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਛੋਟੀਆਂ-ਮੋਟੀਆਂ ਚਿੰਤਾਵਾਂ ਆਪਣੇ ਆਪ ਖਤਮ ਹੋ ਜਾਂਦੀਆਂ ਹਨ। ਗੁਰੂ ਤੇਗ ਬਹਾਦੁਰ ਜੀ ਦੁਆਰਾ ਦਰਸਾਈ ਯਥਾਰਥ ਦੀ ਇਹ ਸਵੀਕ੍ਰਿਤੀ ਨਿਰਾਸ਼ਾਵਾਦ ਨਹੀਂ ਹੈ ਸਗੋਂ ਇਹ ਮਨੁੱਖੀ ਹੋਣੀ ਦੀ ਅੰਤਿਮ ਸੱਚ ਹੈ। ਇਹ ਮਨੁੱਖ ਨੂੰ ਝੂਠੀਆਂ ਉਮੀਦਾਂ ਦੇ ਬੋਝ ਤੋਂ ਹੌਲਾ ਕਰਦੀ ਹੈ। ਜਦੋਂ ਮਨੁੱਖ ਮੰਨ ਲੈਂਦਾ ਹੈ ਕਿ ਸੰਸਾਰ ਦਾ ਮੂਲ ਸੁਭਾਅ ਹੀ ਬਦਲਣਾ ਹੈ ਤਾਂ ਉਹ ਬਦਲਾਅ ਤੋਂ ਦੁਖੀ ਨਹੀਂ ਹੁੰਦਾ ਸਗੋਂ ਅਡੋਲ ਰਹਿੰਦਾ ਹੈ। ਇਹੀ ਮਾਨਸਿਕ ਸਿਹਤ ਦੀ ਉੱਤਮ ਅਵਸਥਾ ਹੈ।

ਆਮ ਤੌਰ 'ਤੇ ਡਰ ਨੂੰ ਸਿਰਫ਼ 'ਡਰਨ' ਤੱਕ ਸੀਮਤ ਮੰਨਿਆ ਜਾਂਦਾ ਹੈ। ਪਰ ਗੁਰੂ ਤੇਗ ਬਹਾਦਰ ਜੀ ਨੇ ਮਨੋਵਿਗਿਆਨਕ ਸੰਤੁਲਨ ਦਾ ਇੱਕ ਅਨੋਖਾ ਸਿਧਾਂਤ ਦਿੱਤਾ ਹੈ। ਤਣਾਅ ਮੁਕਤ ਵਿਅਕਤੀ ਉਹ ਹੈ ਜੋ ਨਾ ਤਾਂ ਦੂਜਿਆਂ ਤੋਂ ਡਰ ਕੇ ਦਬਾਅ ਵਿੱਚ ਆਉਂਦਾ ਹੈ ਅਤੇ ਨਾ ਹੀ ਆਪਣੀ ਤਾਕਤ ਨਾਲ ਦੂਜਿਆਂ ਨੂੰ ਡਰਾ ਕੇ ਆਪਣੀ ਹਉਮੈ ਨੂੰ ਪੱਠੇ ਪਾਉਂਦਾ ਹੈ। ਜਦੋਂ ਮਨੁੱਖ ਦੂਜਿਆਂ ਨੂੰ ਡਰਾਉਂਦਾ ਹੈ ਤਾਂ ਆਪਣੀ ਅਸੁਰੱਖਿਆ ਨੂੰ ਹੀ ਛੁਪਾ ਰਿਹਾ ਹੁੰਦਾ ਹੈ। ਇਸਦੇ ਉਲਟ ਜਦੋਂ ਉਹ ਦੂਜਿਆਂ ਤੋਂ ਡਰਦਾ ਹੈ ਤਾਂ ਆਪਣਾ ਆਤਮ-ਸਨਮਾਨ ਗੁਆ ਲੈਂਦਾ ਹੈ। ਗੁਰੂ ਸਾਹਿਬ ਇਸ ਦਵੰਦ ਤੋਂ ਮੁਕਤ ਹੋ ਕੇ ਸਵੈ-ਪ੍ਰਭੁਸੱਤਾ ਵਾਲਾ ਜੀਵਨ ਜਿਉਣ ਦਾ ਰਾਹ ਦੱਸਦੇ ਹਨ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥
(ਅੰਗ ੧੪੨੭)

ਅਸੁਰੱਖਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਸਾਡੀ ਖੁਸ਼ੀ ਜਾਂ ਸ਼ਾਂਤੀ ਦੂਜਿਆਂ ਲੋਕਾਂ ਜਾਂ ਵਸਤੂਆਂ 'ਤੇ ਨਿਰਭਰ ਹੁੰਦੀ ਹੈ। ਸਾਨੂੰ ਡਰ ਰਹਿੰਦਾ ਹੈ ਕਿ ਜੇ ਇਹ ਸਾਥ ਛੱਡ ਗਏ ਤਾਂ ਕੀ ਹੋਵੇਗਾ? ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਇਸ ਪਰਾ-ਅਧੀਨਤਾ ਵਾਲੀ ਸਥਿਤੀ ਵਿੱਚੋਂ ਕੱਢ ਕੇ ਆਤਮ-ਨਿਰਭਰਤਾ ਦਾ ਰਾਹ ਦਿਖਾਉਂਦੇ ਹਨ।

ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥
ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥
(ਅੰਗ ੧੪੨੮)

ਗੁਰੂ ਸਾਹਿਬ ਸਮਾਜਿਕ ਰਿਸ਼ਤਿਆਂ ਦਾ ਕੌੜਾ ਸੱਚ ਬਿਆਨ ਕਰਕੇ ਮਨੁੱਖ ਨੂੰ ਉਦਾਸ ਨਹੀਂ ਕਰ ਰਹੇ ਸਗੋਂ ਮਾਨਸਿਕ ਤੌਰ 'ਤੇ ਮਜ਼ਬੂਤ ਕਰ ਰਹੇ ਹਨ। ਜਦੋਂ ਮਨੁੱਖ ਇਹ ਮੰਨ ਲੈਂਦਾ ਹੈ ਕਿ ਦੁੱਖ ਵਿੱਚ ਉਹ ਇਕੱਲਾ ਹੈ ਅਤੇ ਕੇਵਲ ਅੰਦਰੂਨੀ ਸ਼ਕਤੀ ਹੀ ਸਹਾਈ ਹੈ ਤਾਂ ਦੂਜਿਆਂ ਤੋਂ ਉਮੀਦਾਂ ਟੁੱਟਣ ਦਾ ਡਰ ਖਤਮ ਹੋ ਜਾਂਦਾ ਹੈ।

ਸੰਖੇਪ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਡਰ ਨੂੰ ਦਬਾਉਂਦੀ ਨਹੀਂ ਸਗੋਂ ਡਰ ਦੇ ਕਾਰਨਾਂ ਨੂੰ ਖਤਮ ਕਰਦੀ ਹੈ। ਉਹ ਮਨੁੱਖ ਨੂੰ ਅਜਿਹੀ ਮਾਨਸਿਕ ਅਵਸਥਾ ਵਿੱਚ ਲੈ ਜਾਂਦੇ ਹਨ ਜਿੱਥੇ ਬਾਹਰੀ ਹਾਲਾਤ ਜਿੰਨੇ ਮਰਜ਼ੀ ਡਰਾਉਣੇ ਹੋਣ ਮਨ ਅੰਦਰੋਂ ਸ਼ਾਂਤ ਅਤੇ ਅਡੋਲ ਰਹਿੰਦਾ ਹੈ। ਮੱਧਕਾਲ ਦੇ ਸਿੱਖ ਸੰਘਰਸ਼ਾਂ ਵਿਚ ਸਿੱਖਾਂ ਦੀ ਅਡੋਲਤਾ ਦਾ ਸਰੋਤ ਨਿਰਸੰਦੇਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਰਹੀ ਹੋਵੇਗੀ। ਅਜੋਕੇ ਜੀਵਨ ਵਿਚ ਵੀ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਕੇਵਲ ਅਧਿਆਤਮਿਕ ਮਾਰਗ-ਦਰਸ਼ਨ ਹੀ ਨਹੀਂ ਸਗੋਂ ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਸੁਲਝਾਉਣ ਲਈ ਇੱਕ ਮਨੋ-ਚਿਕਿਤਸਾ ਦਾ ਕੰਮ ਕਰਦੀ ਹੈ। ਅਜੋਕੇ ਦੌਰ ਵਿੱਚ ਜਿੱਥੇ ਮਨੁੱਖ ਤਣਾਅ, ਚਿੰਤਾ ਅਤੇ ਅਵਸਾਦ ਦੇ ਹਨੇਰੇ ਵਿੱਚ ਭਟਕ ਰਿਹਾ ਹੈ ਤਾਂ ਗੁਰੂ ਸਾਹਿਬ ਦੀ ਬਾਣੀ ਉਸ ਨੂੰ 'ਚਿੰਤਾ' ਦੀ ਭੱਠੀ ਵਿੱਚੋਂ ਕੱਢ ਕੇ 'ਚਿੰਤਨ' ਦੇ ਸ਼ਾਂਤ ਸਰੋਵਰ ਵਿੱਚ ਇਸ਼ਨਾਨ ਕਰਵਾਉਂਦੀ ਹੈ।

**ਹਵਾਲੇ ਅਤੇ ਟਿੱਪਣੀਆਂ**

1. Marcus Aurelius, *Meditations,* (Trans. By Jeremy Collier), Paternoster Row, London, 1887, p. 43. First, that things cannot disturb the soul, but remain motionless without, while disturbance springs from the opinion within the soul.

**ਅਸਿਸਟੈਂਟ ਪ੍ਰੋਫ਼ੈਸਰ**
**ਸਰਕਾਰੀ ਕਾਲਜ, ਮਾਲੇਰਕੋਟਲਾ।**

## ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੈਰਾਗ / ਪ੍ਰੋ. ਮਨਜਿੰਦਰ ਕੌਰ

'ਨੌਵੇਂ ਪਾਤਸ਼ਾਹ', 'ਹਿੰਦ ਦੀ ਚਾਦਰ' ਕਹਿ ਕੇ ਸਨਮਾਨੇ ਜਾਂਦੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਹਲਾ ੯ ਦੇ ਸਿਰਲੇਖ ਹੇਠ 59 ਪਦੇ ਅਤੇ 57 ਸਲੋਕ ਦਰਜ ਹਨ ਜੋ 15 ਰਾਗਾਂ ਵਿੱਚ ਹੇਠ ਲਿਖੇ ਅਨੁਸਾਰ ਹਨ –

1. ਗਉੜੀ ੯, 2. ਆਸਾ ੧, 3. ਦੇਵਗੰਧਾਰੀ ੩, 4. ਬਿਹਾਗੜਾ ੧, 5. ਸੋਰਠਿ ੧੨, 6. ਧਨਾਸਰੀ ੪, 7. ਜੈਤਸਰੀ ੩, 8. ਟੋਡੀ ੧, 9. ਤਿਲੰਗ ੩,10. ਰਾਮਕਲੀ ੩, 11. ਮਾਰੂ ੩, 12. ਬਿਲਾਵਲ ੩ 13. ਬਸੰਤ ੫, 14. ਸਾਰੰਗ ੪, 15. ਜੈਜਾਵੰਤੀ ੪

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵੈਰਾਗਮਈ ਹੈ ਇਸ ਵਿੱਚ ਮਨੁੱਖੀ ਜੀਵਨ ਦੀ ਨਾਸ਼ਮਾਨਤਾ, ਮਾਇਆ ਦੇ ਮੋਹ ਦੀ ਅਸਥਿਰਤਾ ਅਤੇ ਪਰਮਾਤਮਾ ਨਾਲ ਜੁੜਨ ਦੀ ਸਿੱਖਿਆ ਬਹੁਤ ਹੀ ਗਹਿਰਾਈ ਨਾਲ ਮਿਲਦੀ ਹੈ। ਗੁਰਮਤ ਵਿੱਚ ਵੈਰਾਗ ਤੋਂ ਭਾਵ ਹੈ ਮਾਇਆ ਭੋਗ-ਵਿਲਾਸ, ਸਰੀਰਕ ਸੁਖ-ਸੁਵਿਧਾਵਾਂ ਅਤੇ ਸੰਸਾਰਕ ਮੋਹ-ਮਾਇਆ ਤੋਂ ਦਿਲ ਦਾ ਉਪਰਾਮ ਹੋ ਜਾਣਾ। ਇਹ ਮਨ ਦੀ ਉਹ ਅਵਸਥਾ ਹੈ ਜਦੋਂ ਇਨਸਾਨ ਸੰਸਾਰਕ ਚੀਜ਼ਾਂ ਵਿਚ ਫਸਣ ਦੀ ਬਜਾਏ, ਉਹਨਾਂ ਨੂੰ ਅਸਥਿਰ ਤੇ ਨਾਸਵੰਤ ਸਮਝ ਕੇ, ਸੱਚ, ਆਤਮਕ ਸੁਖ ਜਾਂ ਪਰਮਾਤਮਾ ਵੱਲ ਰੁਖ ਕਰ ਲੈਂਦਾ ਹੈ। ਵੈਰਾਗ ਉਹ ਅਵਸਥਾ ਹੈ ਜਦੋਂ ਮਨੁੱਖ ਦਾ ਦਿਲ ਸੰਸਾਰਕ ਮੋਹ-ਮਾਇਆ ਤੋਂ ਹਟ ਕੇ ਸੱਚੀ ਆਤਮਕਤਾ ਵੱਲ ਟਿਕ ਜਾਂਦਾ ਹੈ।

ਇਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਸੰਸਾਰਕ ਸੁੱਖਾਂ ਪ੍ਰਤੀ ਵੈਰਾਗ ਦੀ ਭਾਵਨਾ ਹੈ ਜਿਵੇਂ- ਤਾਜੀ ਤੁਰਕੀ ਸੋਇਨਾ ਰੂਪਾ ਕਪਰੋ ਕੋਰ ਭਾਰਾ ।

ਕਿਸ ਹੀ ਨਾਲਿ ਨ ਚਲੈ ਨਾਨਕ
ਝੜਿ ਝੜਿ ਪਾਏ ਗਵਾਰਾ।
ਕੁਜਾ ਮੇਵਾ ਮੈਂ ਸਭ ਕਿਛੁ ਚਾਖਿਆ
ਇਕ ਅੰਮ੍ਰਿਤ ਨਾਮੁ ਤੁਮਾਰਾ ॥ 4 ॥1

ਗੁਰੂ ਨਾਨਕ ਬਾਣੀ ਵਿਚ ਸੰਸਾਰਕ ਸਬੰਧਾਂ ਪ੍ਰਤੀ ਵੈਰਾਗ ਵੱਲ ਸੰਕੇਤ ਕੀਤਾ ਗਿਆ ਹੈ :

ਨਾ ਕਿਸ ਕਾ ਪੂਤ ਨ ਕਿਸ ਕੀ ਮਾਈ
ਝੂਠੇ ਮੋਹਿ ਭਰਮਿ ਭੁਲਾਈ।2

ਧ੍ਰਿਗੰਤ ਮਾਤ ਪਿਤਾ ਸਨੇਹੰ ਧ੍ਰਿਗ ਸਨੇਹੰ ਭ੍ਰਾਤ ਬਾਂਧਵਹ।
ਧ੍ਰਿਗ ਸਨੇਹੰ ਬਨਿਤਾ ਬਿਲਾਸ ਸੁਤਹ।
ਧ੍ਰਿਗ ਸਨੇਹੰ ਗ੍ਰਿਹਾਰਥਕਹ।3

ਗੁਰੂ ਜੀ ਨੇ ਮਨੁੱਖ ਨੂੰ ਇਹ ਸਿੱਖਿਆ ਦਿੱਤੀ ਹੈ ਕਿ ਵੈਰਾਗ ਦੀ ਅਵਸਥਾ ਬਹੁਤ ਉੱਚੀ ਹੈ ਉਹ ਮਨੁੱਖੀ ਪ੍ਰਾਣੀ ਇਸ ਅਵਸਥਾ ਤੇ ਪੁੱਜਦਾ ਹੈ ਜਿਸ ਤੇ ਪ੍ਰਭੂ ਦਇਆਵਾਨ ਹੁੰਦੇ ਹਨ ਸੰਸਾਰਕ ਰੁਚੀਆਂ ਤੋਂ ਉੱਚਾ ਵਿਚਰਨ ਵਾਲਾ ਵੈਰਾਗੀ ਹੀ ਪ੍ਰਭੂ ਨੂੰ ਮਨ ਵਿੱਚ ਵਸਾ ਸਕਦਾ ਹੈ ਜਿਵੇਂ –

ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੇ ਭਾਗ ॥
ਜਿਹ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸ ॥ 4

ਮਨ ਨੂੰ ਪਰਮਾਤਮਾ ਦੀ ਯਾਦ ਵਿਚ ਜੋੜਨਾ, ਸੰਸਾਰਕ ਅਸਥਿਰਤਾ ਨੂੰ ਸਮਝਣਾ, ਹਰਿ ਨਾਮ ਵਿਚ ਅਡੋਲ ਰਹਿਣਾ। ਵੈਰਾਗ, ਸੰਸਾਰ ਅਤੇ ਸੰਸਾਰਕ ਸੁੱਖਾਂ ਤੋਂ ਮਹੱਤਵਪੂਰਨ ਸਾਧਨਾ ਹੈ ਇਸ ਨਾਲ ਹੀ ਮਨੁੱਖ ਦੁਨੀਆਂ ਦੇ ਦੁੱਖਾਂ ਤੋਂ ਮੁਕਤ ਹੋ ਜਾਂਦਾ ਹੈ, ਜਿਵੇਂ ਕਿ ਗੁਰਮਤ ਅਨੁਸਾਰ ਮਨੁੱਖੀ ਜੀਵਨ ਦਾ ਮੁੱਖ ਮੰਤਵ ਮੁਕਤੀ ਹੀ ਹੈ। ਇੱਥੇ ਮੁਕਤੀ ਦਾ ਭਾਵ 84 ਦੇ ਚੱਕਰ ਤੋਂ ਭਾਵ ਬਾਰ ਬਾਰ ਜਨਮ ਲੈਣ ਤੋਂ ਹੈ।

### ਜਗਤ ਦੀ ਅਸਥਿਰਤਾ

ਗੁਰੂ ਸਾਹਿਬ ਮਨੁੱਖ ਨੂੰ ਯਾਦ ਦਿਵਾਉਂਦੇ ਹਨ ਕਿ ਇਹ ਸੰਸਾਰ ਸੁਪਨੇ ਵਾਂਗ ਹੈ, ਕੁਝ ਵੀ ਸਦਾ ਲਈ ਨਹੀਂ। ਅਸਲ ਵਿੱਚ ਇਹ ਇੱਕ ਦਿਖਾਵਾ ਅਤੇ ਭੁਲੇਖਾ ਹੈ ਗੁਰੂ ਜੀ ਨੇ ਇਸ ਨੂੰ ਇੱਕ ਸੁਪਨੇ ਵਾਂਗ ਲਿਆ ਹੈ ਜਿਵੇਂ ਇੱਕ ਮਨੁੱਖ ਜਨਮ ਲੈਂਦਾ ਹੈ ਕੁਝ ਸਮਾਂ ਧਰਤੀ ਤੇ ਰਹਿੰਦਾ ਹੈ ਤੇ ਉਸ ਤੋਂ ਬਾਅਦ ਚੱਲ ਵਸਦਾ ਹੈ ਗੁਰੂ ਸਾਹਿਬਾਨ ਨੇ ਜਗਤ ਦੀ ਪ੍ਰਕਿਰਤੀ ਨੂੰ 'ਧੂਏਂ' ਦੇ ਰੂਪਕ ਰਾਹੀਂ ਪ੍ਰਗਟ ਕੀਤਾ ਹੈ ਕਿ ਧੂਆਂ ਆਪਣੇ ਵੱਡੇ ਆਕਾਰ ਦਾ ਭੁਲੇਖਾ ਪਾਉਂਦਾ ਹੈ ਪਰ ਅਸਲ ਵਿੱਚ ਹੁੰਦਾ ਕੁਝ ਵੀ ਨਹੀਂ ਹਵਾ ਦੇ ਬੁੱਲੇ ਨਾਲ ਖਤਮ ਹੋ ਜਾਂਦਾ ਹੈ ਜਿਵੇਂ ਗੁਰੂ ਜੀ ਫਰਮਾਉਂਦੇ ਹਨ

ਕਹਿ ਨਾਨਕ ਥਿਰ ਨਾ ਰਹੈ ਜਿਉ ਬਾਲੂ ਕੀ ਭੀਤ ॥ 5
ਛਿਨ ਛਿਨ ਕਰ ਗਇਓ ਕਾਲ
ਤੇਸੈ ਜਾਤ ਆਜੁ ਹੈ।6

### ਮੋਹ-ਮਾਇਆ ਤੋਂ ਬੇਪਰਵਾਹੀ

ਮਨੁੱਖ ਅੰਦਰ ਧਨ ਦੌਲਤ ਇਕੱਠੀ ਕਰਨ ਦੀ ਇੱਛਾ ਹਮੇਸ਼ਾ ਜਾਗਰਿਤ ਰਹਿੰਦੀ ਹੈ ਅਤੇ ਇਹ ਇਛਾਵਾਂ ਮਨੁੱਖੀ ਮਨ ਨੂੰ ਕਬਜ਼ੇ ਵਿੱਚ ਰੱਖਦੀਆਂ ਹਨ ਇਸ ਨੂੰ ਪ੍ਰਾਪਤ ਕਰਨ ਦੇ ਰੁਝੇਵੇਂ ਅਤੇ ਭੱਜ ਦੌੜ ਧਨ ਨੂੰ ਸੰਭਾਲਣ ਦੀ ਚਿੰਤਾ, ਧਨ ਦੌਲਤ ਕਾਰਨ ਆਪਸੀ ਸਬੰਧੀਆਂ ਨਾਲ ਲੜਾਈ ਝਗੜੇ ਮਾਰ ਮਰਾਈ ਵੀ ਹੋ ਜਾਂਦੀ ਹੈ ਜਿਸ ਦਾ ਗਹਿਰਾ ਦੁੱਖ ਲੱਗਦਾ ਹੈ ਪਰ ਜੇ ਸਭ ਠੀਕ ਵੀ ਹੋਵੇ ਤਾਂ ਵੀ ਧਨ ਪ੍ਰਾਪਤੀ ਪ੍ਰਤੀ ਮੋਹ ਇਤਨਾ ਇਨਾ ਹੁੰਦਾ ਹੈ ਕਿ ਜੋ ਨਾਮ ਜਾਪਣ ਵਿੱਚ ਰੁਕਾਵਟ ਬਣਦਾ ਹੈ ਇਸ ਲਈ ਗੁਰੂ ਜੀ ਕਹਿੰਦੇ ਹਨ ਕਿ ਇਹ ਧਨ ਦੌਲਤਾਂ ਮਹਿਲ ਕਿਸੇ ਵੀ ਮਨੁੱਖ ਦੇ ਨਾਲ ਨਹੀਂ ਜਾਣੇ ਤੇ ਨਾ ਹੀ ਇਹਨਾਂ ਨੇ ਪਰਮਾਤਮਾ ਦੀ ਪ੍ਰਾਪਤੀ ਵਿੱਚ ਸਹਾਇਤਾ ਕਰਨੀ ਹੈ ਹਰੀ ਦੇ ਨਾਮ ਬਿਨਾਂ ਮਾਇਆਧਾਰੀ ਵਿਅਕਤੀ ਦਾ ਜੀਵਨ ਵਿਅਰਥ

ਹੈ ਇੱਕ ਪਸ਼ੂ ਜੀਵਨ ਦੇ ਬਰਾਬਰ ਹੈ, ਗੁਰੂ ਜੀ ਇਸ ਨੂੰ ਬਿਲਕੁਲ ਤਿਆਗਣ ਲਈ ਨਹੀਂ ਕਹਿੰਦੇ ਇਸ ਪ੍ਰਤੀ ਕਬਜ਼ੇ ਦੀ ਭਾਵਨਾ ਅਤੇ ਮੋਹ ਦੇ ਤਿਆਗ ਲਈ ਕਹਿੰਦੇ ਹਨ ਜਿਵੇਂ-

ਸੰਪਤਿ ਰਥ ਧਨ ਰਾਜ ਸਿਉ ਅਤੇ ਨੇਹੁ ਲਗਾਇਓ॥
ਕਾਲ ਫਾਸ ਜਬ ਗਲਿ ਪਰੀ ਸਭ ਭਾਇਓ ਪਰਾਇਓ॥ 7

ਧਨ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ॥
ਤਨ ਛੂਟੇ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ॥ 8

**ਮਨੁੱਖੀ ਜੀਵਨ ਦੀ ਛਿਣਭੰਗਰਤਾ**

ਗੁਰੂ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਜੀਵਨ ਬਹੁਤ ਛੋਟਾ ਹੈ, ਇਸ ਨੂੰ ਪਰਮਾਤਮਾ ਦੀ ਭਗਤੀ ਵਿਚ ਲਗਾਉਣਾ ਚਾਹੀਦਾ ਹੈ ਕਿਉਂਕਿ ਹਰ ਚੀਜ਼ ਚਲਾਏਮਾਨ ਹੈ ਚਲਾਏਮਾਨ ਤੋਂ ਭਾਵ ਹੈ ਜੋ ਚੀਜ਼ ਧਰਤੀ ਉੱਤੇ ਪੈਦਾ ਹੋਈ ਹੈ ਉਸਨੇ ਕਦੇ ਚਲੇ ਜਾਣਾ ਹੈ ਖਤਮ ਹੋ ਜਾਣਾ ਹੈ। ਗੁਰੂ ਜੀ ਫਰਮਾਉਂਦੇ ਹਨ ਕਿ ਮਨੁੱਖ ਨੂੰ ਆਪਣੀ ਤਾਕਤ ਤੇ ਮਾਣ ਹੁੰਦਾ ਹੈ ਉਹ ਇਹ ਸਮਝਦਾ ਹੈ ਕਿ ਉਸਨੇ ਸਦਾ ਲਈ ਇੱਥੇ ਰਹਿਣਾ ਹੈ ਇਸ ਤਰ੍ਹਾਂ ਉਹ ਹੰਕਾਰ ਵਿੱਚ ਪਰਮਾਤਮਾ ਨੂੰ ਭੁੱਲ ਜਾਂਦਾ ਹੈ ਪਰ ਗੁਰੂ ਜੀ ਇਸ ਮਾਣ ਹੰਕਾਰ ਤੋਂ ਵੈਰਾਗ ਪੈਦਾ ਕਰਨ ਲਈ ਮਨੁੱਖ ਨੂੰ ਉਪਦੇਸ਼ ਦਿੰਦੇ ਹਨ ਕਿ ਇਸ ਸਰੀਰ ਦਾ ਪਤਾ ਨਹੀਂ ਕਦੋਂ ਖਤਮ ਹੋ ਜਾਣਾ ਹੈ ਇਸ ਵਿੱਚੋਂ ਰੂਹ ਕਦ ਉੱਡ ਜਾਵੇਗੀ ਤੇ ਇਹ ਸਰੀਰ ਮਿੱਟੀ ਦੀ ਢੇਰੀ ਹੋ ਜਾਣਾ ਹੈ। ਇਹ ਪਤਾ ਵੀ ਨਹੀਂ ਲੱਗਦਾ ਜਿਵੇਂ-

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈਂ ਮੀਤ॥
ਜਿਹਿ ਪ੍ਰਾਣੀ ਹਰਿ ਜਸੁ ਕਹਿਓ
ਨਾਨਕ ਤਿਹਿ ਜਗੁ ਜੀਤ॥ 9
ਜਾਣਿਆ, ਜਿਸੁ ਮਨਿ ਵਸਿਆ ਹਰਿ ਨਾਮਾ॥"10

**ਸਰੀਰਕ ਨਾਸ਼ਮਾਨਤਾ**

ਗੁਰਬਾਣੀ ਵਿੱਚ ਸਰੀਰ ਨੂੰ ਕਾਇਆ ਅਤੇ ਪੰਜ ਤੱਤਾਂ ਦਾ ਪੁਤਲਾ ਕਿਹਾ ਜਾਂਦਾ ਹੈ ਜੋ ਆਤਮਾ ਦਾ ਸਾਥ ਛੱਡ ਜਾਂਦਾ ਹੈ ਕਿਉਂਕਿ ਆਤਮਾ ਅਮਰ ਵਸਤੂ ਹੈ ਅਤੇ ਸਰੀਰ ਨਾਸ਼ਮਾਨ ਸੰਸਾਰ ਵਿੱਚ ਜੋ ਕੁਝ ਵੀ ਉਪਜਦਾ ਹੈ ਉਹ ਸੀਮਾ ਬੱਧ ਹੈ ਉਸ ਦੀ ਇੱਕ ਮਿਆਦ ਹੈ ਜਦੋਂ ਹੀ ਕੋਈ ਚੀਜ਼ ਪੈਦਾ ਹੁੰਦੀ ਹੈ ਉਸ ਦੀ ਉਮਰ ਘਟਣੀ ਸ਼ੁਰੂ ਹੋ ਜਾਂਦੀ ਹੈ ਪਰ ਲੋਕਾਂ ਨੂੰ ਇਹ ਭੁਲੇਖਾ ਹੈ ਕਿ ਜਨਮ ਤੋਂ ਬਾਅਦ ਉਹਨਾਂ ਦਾ ਸਰੀਰਕ ਵਿਕਾਸ ਹੁੰਦਾ ਹੈ ਤੇ ਉਹਨਾਂ ਦੀ ਉਮਰ ਭਰਦੀ ਹੈ ਪਰ ਅਸਲੀਅਤ ਇਹ ਹੈ ਕਿ ਉਹਨਾਂ ਦੀ ਉਮਰ ਦਿਨੋ ਦਿਨ ਘੱਟ ਰਹੀ ਹੈ ਜਿਵੇਂ ਗੁਰੂ ਜੀ ਉਪਦੇਸ਼ ਦਿੰਦੇ ਹਨ-

ਕਹੁ ਨਾਨਕ ਸੁਨਿ ਰੇ ਮਨਾ
ਅਉਧ ਘਟਤ ਹੈ ਨੀਤ॥
ਜੋ ਤਨ ਉਪਜਿਆ ਸੰਗ ਹੀ
ਸੋ ਭੀ ਸੰਗ ਨ ਹੋਇਆ॥ ੧॥ ਰਹਾਉ॥ 11

ਪਾਂਚ ਤਕ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥ 12

ਇਹ ਮਨੁੱਖੀ ਜੀਵਨ ਅਤੇ ਜਗਤ ਸਦੀਵੀ ਨਾ ਰਹਿਣ ਵਾਲਾ ਹੈ ਕੋਈ ਵੀ ਵਸਤੂ ਇਸ ਸੰਸਾਰ ਵਿੱਚ ਆਪਣੇ ਸਮੇਂ ਤੋਂ ਇੱਕ ਪਲ ਵੀ ਵੱਧ ਸਮਾਂ ਸਥਿਰਤਾ ਨਹੀਂ ਰੱਖਦੀ ਹਰ ਪਲ ਹਰ ਛਿਣ ਚਲਾਏਮਾਨ ਹੈ ਸਥਿਰਤਾ ਸਿਰਫ ਪਰਮਾਤਮਾ ਅਤੇ ਉਸ ਦੇ ਨਾਮ ਦੀ ਹੈ ਗੁਰੂ ਸਾਹਿਬ ਇਸੇ ਸੱਚਾਈ ਨੂੰ ਸਪਸ਼ਟ ਕਰਦੇ ਹਨ ਜਿਵੇਂ-

ਛਿਨ ਮਾਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰ ਡਾਰੇ
ਰੀਤੇ ਭਰੇ ਭਰੇ ਸੁਖਨਾਵੈ ਯਹ ਤਾ ਕੋ ਬਿਵਹਾਰੇ॥ 13

ਰਿਸ਼ਤੇ ਨਾਤਿਆਂ ਪ੍ਰਤੀ ਵੈਰਾਗ ਗੁਰੂ ਜੀ ਮਨੁੱਖੀ ਸਬੰਧਾਂ ਬਾਰੇ ਵੀ ਗੱਲ ਕਰਦੇ ਹਨ ਕਿ ਮਨੁੱਖ ਆਪਣੇ ਰਿਸ਼ਤੇ ਨਾਤਿਆਂ ਪਤਨੀ ਅਤੇ ਬੱਚਿਆਂ ਲਈ ਮੋਹ ਮਮਤਾ ਰੱਖਦਾ ਹੈ ਉਹਨਾਂ ਦੇ ਦੁੱਖਾਂ ਸੁੱਖਾਂ ਵਿੱਚ ਰੁਝਿਆ ਰਹਿੰਦਾ ਹੈ ਉਹਨਾਂ ਦੇ ਪਾਲਣ ਪੋਸ਼ਣ ਦੀ ਚਿੰਤਾ ਹੀ ਸਦਾ ਮਨ ਤੇ ਕਬਜ਼ਾ ਰੱਖਦੀ ਹੈ ਅਤੇ ਨਾਮ ਜਪਣ ਲਈ ਸਮਾਂ ਨਹੀਂ ਬਚਦਾ ਗੁਰੂ ਸਾਹਿਬ ਇਹਨਾਂ ਰਿਸ਼ਤੇ ਨਾਤਿਆਂ ਪ੍ਰਤੀ ਮਨੁੱਖ ਨੂੰ ਉਪਦੇਸ਼ ਦਿੰਦੇ ਹਨ ਕਿ ਇਹ ਸਭ ਚਿੰਤਾ ਤਿਆਗ ਦੇਣੀ ਚਾਹੀਦੀ ਹੈ ਇਹ ਰਿਸ਼ਤੇ ਨਾਤੇ ਤੇਰੇ ਨਾਲ ਆਪਣੇ ਹਿਤ ਕਰਕੇ ਜੁੜੇ ਹੋਏ ਹਨ ਤੇਰੇ ਨਾਲ ਇਹਨਾਂ ਦੀ ਪ੍ਰੀਤ ਸਵਾਰਥ ਭਰੀ ਹੈ ਇਹ ਮੁਕਤੀ ਪ੍ਰਾਪਤ ਕਰਨ ਵਿੱਚ ਤੈਨੂੰ ਕੋਈ ਸਹਾਇਤਾ ਨਹੀਂ ਦੇ ਸਕਦੇ। ਇਸ ਲਈ ਤੂੰ ਇਨਾਂ ਸੰਸਾਰਕ ਜੀਵਾਂ ਦਾ ਮੋਹ ਤਿਆਗ ਕੇ ਪ੍ਰਭੂ ਨਾਲ ਪ੍ਰੇਮ ਕਰ ਇਹ ਨਾਮ ਸਿਮਰਨ ਅਤੇ ਪ੍ਰਭੂ ਦਾ ਗੁਣ ਗਾਣ ਹੀ ਤੇਰੇ ਨਾਲ ਚੱਲੇਗਾ ਅਤੇ ਅੰਤ ਤੱਕ ਸਹਾਈ ਹੋਵੇਗਾ। ਮਨੁੱਖੀ ਸਰੀਰ ਦੇ ਸਾਰੇ ਸੰਬੰਧ ਵੀ ਵਿਅਰਥ ਹਨ ਜਿਵੇਂ ਪਤਨੀ ਜਿਸ ਨਾਲ ਮਨੁੱਖ ਦਾ ਸਭ ਤੋਂ ਨੇੜੇ ਦਾ ਰਿਸ਼ਤਾ ਹੈ ਹਰ ਵੇਲੇ ਦੀ ਸੰਗੀ ਸਾਥਣ ਹੈ, ਮਨੁੱਖ ਦਾ ਅੱਧਾ ਅੰਗ ਹੈ ਉਹ ਵੀ ਸਰੀਰ ਛੱਡਣ ਵੇਲੇ ਨਾਲ ਨਹੀਂ ਜਾਂਦੀ ਜਿਵੇਂ:-

ਘਰ ਕੀ ਨਾਰਿ ਬਹੁਤ ਹਿਤੁ ਜਾ ਸਿਉ
ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਇਆ
ਪ੍ਰੇਤ ਪ੍ਰੇਤ ਕਰਿ ਭਾਗੀ॥ 14
ਤਨ ਛੂਟੇ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ॥
ਹਰੀ ਬਿਨ ਤੇਰੋ ਕੋ ਨਾ ਸਹਾਈ। (ਰਾਗ ਸਾਰੰਗ)
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ
ਕੋਊ ਨ ਆਵਤ ਨੇਰੇ॥
ਘਰ ਕੀ ਨਾਰੀ ਬਹੁਤੁ ਹਿਤੁ ਜਾ
ਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰਿ ਭਾਗੀ॥ 15

ਸੰਸਾਰਿਕ ਤਿਆਗ

ਗੁਰੂ ਜੀ ਮਨੁੱਖ ਨੂੰ ਸੰਸਾਰ ਨੂੰ ਨਾ ਤਿਆਗਣ ਦਾ ਉਪਦੇਸ਼ ਵੀ ਦਿੰਦੇ ਹਨ ਕਿ ਇਹ ਵੀ ਸਹੀ ਨਹੀਂ ਕਿ ਗ੍ਰਹਿਸਤੀ ਨੂੰ ਤਿਆਗ ਦਿਓ ਪ੍ਰਭੂ ਦੀ ਭਾਲ ਲਈ ਜੰਗਲਾਂ ਵਿੱਚ ਜਾ ਕੇ ਤਪੱਸਿਆ ਕਰੋ, ਸਗੋਂ ਘਰੇਲੂ ਜਿੰਮੇਵਾਰੀ ਨਿਭਾਉਂਦੇ ਹੋਏ ਵੀ ਪਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ, ਇੱਥੇ ਗੁਰੂ ਜੀ ਦਾ ਇਹ ਮਤਲਬ ਨਹੀਂ ਕਿ ਜਿੰਮੇਵਾਰੀਆਂ ਤੋਂ ਭੱਜਣਾ ਚਾਹੀਦਾ ਹੈ, ਸਗੋਂ ਜਿੰਮੇਵਾਰੀਆਂ ਪੂਰੀਆਂ ਕਰਦੇ ਹੋਏ ਮਾਨਸਿਕ ਪੱਖ ਤੋਂ ਇਹਨਾਂ ਵਿੱਚ ਫਸਿਆ ਨਹੀਂ ਹੋਣਾ ਚਾਹੀਦਾ, ਮਨ ਵਿੱਚ ਤਾਂ ਹਮੇਸ਼ਾ ਪਰਮਾਤਮਾ ਦਾ ਨਾਮ ਹੀ ਵਸਿਆ ਹੋਣਾ ਚਾਹੀਦਾ ਹੈ ਫੇਰ ਹੀ ਮਨੁੱਖ ਨੂੰ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ ਜਿਵੇਂ-

ਕਾਹੇ ਰੇ ਬਨ ਖੋਜਣ ਜਾਈ। ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ॥16

### ਸੰਸਾਰਿਕ ਸੁੱਖਾਂ ਦਾ ਤਿਆਗ

ਮਨੁੱਖ ਆਪਣੇ ਜੀਵਨ ਵਿੱਚ ਕਈ ਤਰ੍ਹਾਂ ਦੇ ਸੁੱਖ ਮਾਣਦਾ ਹੈ ਜਿਵੇਂ ਕਿ ਮਾਇਆ ਦਾ ਸੁੱਖ, ਇੰਦਰੀ ਸੁਖ ਆਦਿ ਇਹ ਸੁੱਖ ਮਨੁੱਖ ਨੂੰ ਪਰਮਾਤਮਾ ਤੋਂ ਦੂਰ ਕਰਦੇ ਹਨ, ਮਨੁੱਖ ਇਨਾ ਸੁੱਖਾਂ ਪਿੱਛੇ ਹੀ ਭਟਕਦਾ ਫਿਰਦਾ ਹੈ, ਗੁਰੂ ਸਾਹਿਬ ਫਰਮਾਉਂਦੇ ਹਨ ਕਿ ਸੰਸਾਰ ਦੇ ਸੁੱਖਾਂ ਤੋਂ ਮੂੰਹ ਮੋੜ ਕੇ ਹੀ ਪ੍ਰਭੂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਸੁੱਖ ਮਨੁੱਖ ਨੂੰ ਆਲਸੀ ਬਣਾਉਂਦੇ ਹਨ ਅਤੇ ਸੰਸਾਰ ਦਾ ਵਿਨਾਸ਼ ਕਰਦੇ ਹਨ ਜਿੰਨਾ ਸੁੱਖਾਂ ਨੂੰ ਮਨੁੱਖ ਸਦੀਵੀ ਸਮਝ ਕੇ ਉਹਨਾਂ ਵਿੱਚ ਫਸਿਆ ਹੈ ਇਹ ਸਦੀਵੀ ਨਹੀਂ ਹਨ ਇਹ ਨਾਸ਼ਵਾਨ ਹਨ ਅਤੇ ਕਦੇ ਖਤਮ ਹੋ ਜਾਣਗੇ ਇਹ ਜੀਵਨ ਖਤਮ ਹੋ ਜਾਏਗਾ ਅਤੇ ਆਉਣ ਵਾਲਾ ਸਮਾਂ ਬੁਢਾਪੇ ਦਾ ਦੁੱਖਾਂ ਭਰਿਆ ਆਏਗਾ ਆਹ ਖਿਰ ਨੂੰ ਸਰੀਰ ਹੀ ਖਤਮ ਹੋ ਜਾਵੇਗਾ ਜਿਵੇਂ-

ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰ॥

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰਿ॥

ਧਨ ਦਾਰਾ ਸੰਪਤੀ ਸਗਲ ਜਿਨਿ ਅਪੁਨੀ ਕਰਿ ਮਨਿ॥

ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ॥17

ਵੈਰਾਗ ਦਾ ਮਨੁੱਖੀ ਜੀਵਨ ਵਿੱਚ ਬਹੁਤ ਹੀ ਮਹੱਤਵ ਹੈ ਸੰਸਾਰ ਅਤੇ ਸੰਸਾਰਕ ਸੁੱਖਾਂ ਤੋਂ ਵੈਰਾਗ ਆਪਣੇ ਆਪ ਵਿੱਚ ਉੱਚਾ ਹੈ ਇਸ ਵਿੱਚ ਮਨੁੱਖ ਪੂਰਨਤਾ ਪ੍ਰਾਪਤ ਹੋਣ ਨਾਲ ਹੀ ਦੁਨੀਆ ਦੇ ਦੁੱਖਾਂ ਤੋਂ ਮੁਕਤ ਹੋ ਜਾਂਦਾ ਹੈ। ਭਗਤੀ ਸ਼ਾਸਤਰ ਅਨੁਸਾਰ ਬੰਦਾ ਆਪਣੀ ਰੋਟੀ ਆਪ ਨਹੀਂ ਕਮਾਉਂਦਾ ਬਲਕਿ ਪ੍ਰਭੂ ਹੀ ਇਸ ਦਾ ਦਾਤਾ ਹੈ ਜਿਹੜਾ ਵਿਅਕਤੀ ਸੰਸਾਰਿਕ ਇਛਾਵਾਂ ਦਾ ਤਿਆਗ ਕਰਕੇ ਪਰਮਾਤਮਾ ਦੀ ਸੇਵਾ ਵਿੱਚ ਆਪਣੇ ਮਨ ਨੂੰ ਲਾਉਂਦਾ ਹੈ ਅਤੇ ਸਿਮਰਨ ਕਰਦਾ ਹੈ ਪਰਮਾਤਮਾ ਉਸ ਦੀਆਂ ਜਰੂਰਤਾਂ ਨੂੰ ਆਪ ਪੂਰੀਆਂ ਕਰਦੇ ਹਨ ਇਸ ਲਈ ਪ੍ਰਭੂ ਪ੍ਰਾਪਤੀ ਦੇ ਉਦੇਸ਼ ਨਾਲ ਦੁਨੀਆਂ ਵੱਲੋਂ ਵੈਰਾਗ ਧਾਰਨ ਕਰਨ ਨਾਲ ਬੰਦੇ ਦੀਆਂ ਲੋੜਾਂ ਪੂਰਨ ਹੁੰਦੀਆਂ ਰਹਿੰਦੀਆਂ ਬੰਦਾ ਬਿਨਾਂ ਲੋੜ ਤੋਂ ਹੀ ਮਾਇਆ ਵਸ ਹੋ ਕੇ ਸੰਸਾਰਿਕ ਸੁੱਖਾਂ ਦੀ ਲਾਲਸਾ ਕਰਦਾ ਫਿਰਦਾ ਹੈ।

### ਹਵਾਲੇ ਟਿੱਪਣੀਆ

1.ਗੁਰੂ ਗ੍ਰੰਥ ਸਾਹਿਬ, ਅੰਗ 155
2.ਉਹੀ, ਅੰਗ 357
3.ਉਹੀ, ਅੰਗ 1354
4.ਉਹੀ, ਅੰਗ 141
5.ਉਹੀ,ਅੰਗ151
6.ਉਹੀ, ਅੰਗ 153
7. ਉਹੀ
8.ਉਹੀ
9. ਉਹੀ
10. ਉਹੀ, ਸਲੋਕ 42
11.ਉਹੀ, ਅੰਗ 1426
12.ਉਹੀ,
13.ਉਹੀ, ਅੰਗ 155
14.ਉਹੀ
15.ਉਹੀ
16.ਸਲੋਕ 4
17.ਸਲੋਕ 8

### ਪੁਸਤਕ ਸੂਚੀ


ਤਾਰਨ ਸਿੰਘ, ਗੁਰੂ ਤੇਗ ਬਹਾਦਰ ਜੀਵਨ ਤੇ ਸਿੱਖਿਆ,ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2011

ਬਿਕਰਮ ਸਿੰਘ ਘੁੰਮਣ (ਪ੍ਰੋ.), ਗੁਰੂ ਤੇਗ਼ ਬਹਾਦੁਰ ਜੀ ਜੀਵਨ, ਚਿੰਤਨ ਤੇ ਬਾਣੀ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ 2013

ਸਾਹਿਬ ਸਿੰਘ (ਪ੍ਰੋ.), ਗੁਰ-ਇਤਿਹਾਸ ਪਾਤਸ਼ਾਹੀ ੨ ਤੋਂ ੯, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2015

ਕੋਹਲੀ ਸੁਰਿੰਦਰ ਸਿੰਘ, ਗੁਰੂ ਤੇਗ ਬਹਾਦਰ ਜੀਵਨ ਸਮਾਂ ਅਤੇ ਰਚਨਾ, ਪਬਲੀਕੇਸ਼ਨ ਬਿਊਰੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1996



**ਸਹਾਇਕ ਪ੍ਰੋਫੈਸਰ,**
**ਗੁਰੂ ਨਾਨਕ ਕਾਲਜ, ਬੁਢਲਾਡਾ।**

## ਅਰਸਤੂ ਦਾ ਵਿਰੇਚਨ ਸਿਧਾਂਤ / ਡਾ. ਸੋਨੂੰ ਰਾਣੀ

ਪੱਛਮ ਵਿੱਚ ਕਾਵਿ , ਕਲਾ, ਦਰਸ਼ਨ, ਰਾਜਨੀਤੀ, ਧਰਮ, ਨਿਆਂ ਆਦਿ ਸੰਬੰਧੀ ਪ੍ਰਾਚੀਨ ਚਿੰਤਨ ਯੂਨਾਨ ਤੋਂ ਹੀ ਆਰੰਭ ਹੋਇਆ। ਜੇ ਕਾਵਿ-ਸ਼ਾਸਤਰ ਦੀ ਗੱਲ ਕਰੀਏ ਤਾਂ ਇਸ ਦੀਆਂ ਮੁੱਢਲੀਆਂ ਆਧਾਰ ਲਿਖਤਾਂ ਮਹਾਂਕਾਵਿ ਤੇ ਤ੍ਰਾਸਦੀ ਨਾਟਕ ਰਹੇ ਹਨ। ਪੱਛਮੀ ਕਾਵਿ-ਸ਼ਾਸਤਰ ਦਾ ਆਰੰਭ ਯੂਨਾਨ ਦੇ ਕਵੀ ਹੋਮਰ ਦੁਆਰਾ ਰਚਿਤ ਮਹਾਂਕਾਵਿ 'ਇਲਿਆਡ' ਅਤੇ ਓਡੀਸੀ ਤੋਂ ਮੰਨਿਆ ਜਾਂਦਾ ਹੈ। 'ਇਲਿਆਡ ਵਿੱਚ ਹੋਮਰ ਸਾਹਿਤ ਦੇ ਉਦੇਸ਼,ਟੀਚਾ,ਰੂਪ ਆਦਿ ਬਾਰੇ ਮੁੱਢਲੇ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕਰਦਾ ਹੈ। ਇਸ ਤੋਂ ਬਾਅਦ ਸੁਕਰਾਤ, ਹੈਸੀਅਡ, ਪਿੰਡਦਾਰ ,ਗੌਰਗੀਅਸ ਅਤੇ ਐਰਿਸਤੋਫੈਂਸ ਦੀਆਂ ਕੁਝ ਧਾਰਨਾਵਾਂ ਦੇਖੀਆਂ ਜਾ ਸਕਦੀਆਂ ਹਨ। ਸੁਕਰਾਤ ਤੇ ਐਰਿਸਤੋਫੈਂਸ ਤੋਂ ਬਾਅਦ ਪੱਛਮੀ ਕਾਵਿ-ਸ਼ਾਸਤਰ ਦਾ ਇੱਕ ਸਿਲਸਿਲੇਵਾਰ ਇਤਿਹਾਸ ਦੇਖਣ ਨੂੰ ਮਿਲਦਾ ਹੈ। ਫਿਰ ਹੇਲੇਨਿਸਟਿਕ ਯੁੱਗ ਵਿੱਚ ਪਲੈਟੋ ਦੇ ਵਿਚਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਪਲੈਟੋ ਨੇ ਆਪਣੇ ਸਮੇਂ ਦੀ ਯੂਨਾਨੀ ਰਾਜਨੀਤੀ, ਸਾਹਿਤ, ਸਭਿਆਚਾਰ ਤੇ ਆਰਥਿਕ ਨੀਤੀ 'ਤੇ ਗਹਿਰਾ ਪ੍ਰਭਾਵ ਛੱਡਿਆ। ਵਿਰੇਚਨ ਸਿਧਾਂਤ ਬਾਰੇ ਜਾਣਨ ਸਮਝਣ ਲਈ ਪਹਿਲਾਂ ਪਲੈਟੋ ਦੇ ਕਾਵਿ ਸੰਬੰਧੀ ਸਿਧਾਂਤਾਂ ਬਾਰੇ ਜਾਣਨਾ ਜਰੂਰੀ ਹੈ ਕਿਉਂਕਿ ਅਰਸਤੂ ਦੁਆਰਾ ਦਿੱਤਾ ਗਿਆ ਤ੍ਰਾਸਦੀ ਤੇ ਵਿਰੇਚਨ ਦਾ ਸਿਧਾਂਤ ਪਲੈਟੋ ਦੇ ਵਿਰੋਧ ਵਿੱਚ ਨਵੇਂ ਵਿਚਾਰ ਦੇਣ ਨਾਲ ਹੀ ਸਾਡੇ ਸਾਹਮਣੇ ਆਉਂਦਾ ਹੈ।

ਪਲੈਟੋ ਨੇ ਕੁੱਲ੍ਹ ਤੀਹ ਗ੍ਰੰਥਾਂ ਦੀ ਰਚਨਾ ਕੀਤੀ। "ਕਾਵਿ-ਸ਼ਾਸਤ੍ਰੀ ਚਿੰਤਨ ਦੀ ਦ੍ਰਿਸ਼ਟੀ ਤੋਂ ਫਾਇਦ੍ਰਸ (phaedrus), ਆਯੋਨ (Ion) ਤੇ ਰਿਪਬਲਿਕ (Republic) ਗ੍ਰੰਥ ਖਾਸ ਤੌਰ 'ਤੇ ਵਰਣਨਯੋਗ ਹਨ"।1 ਪਲੈਟੋ ਆਪ ਭਾਵੇਂ ਕਵੀ ਸੀ ਪਰ ਉਹ ਕਾਵਿ ਦਾ ਦੁਸ਼ਮਣ ਸੀ। ਉਸ ਅਨੁਸਾਰ ਕਵੀ ਇਸ ਜਗਤ ਦੇ ਅਸਲ ਸੱਚ ਦੀ ਪੇਸ਼ਕਾਰੀ ਕਰਨ ਤੋਂ ਅਸਮਰੱਥ ਹੈ ਅਤੇ ਕਵੀ ਰਚਿਤ ਕਾਵਿ-ਸੱਚ ਤੋਂ ਤਿੰਨ ਦਰਜੇ ਦੂਰ ਹੈ। ਇਸ ਤੋਂ ਭਾਵ ਹੈ ਕਿ ਪਲੈਟੋ ਕਾਵਿ ਨੂੰ ਅਨੁਕਰਣਮੂਲਕ ਕਹਿ ਰਿਹਾ ਹੈ। "ਆਪਣੀ ਪ੍ਰਸਿੱਧ ਕਿਰਤ 'ਰਿਪਬਲਿਕ' ਵਿਚ ਪਲੇਟੋ ਨੇ ਕਾਵਿ-ਸੱਚ ਦਾ ਅਧਿਐਨ ਕੀਤਾ ਹੈ। ਉਸ ਨੇ ਮੂਲ ਸੱਚ ਦਾ ਕਰਤਾ ਰੱਬ ਨੂੰ ਅਤੇ ਉਸ ਦੀ ਸ੍ਰਿਸ਼ਟੀ ਜਾਂ ਅਨੁਕ੍ਰਿਤੀ ਦਾ ਅਨੁਕਰਨ ਕਵਿਤਾ ਨੂੰ ਮੰਨਿਆ ਹੈ। ਇਸ ਤਰ੍ਹਾਂ ਕਾਵਿ ਸੱਚ ਤੋਂ ਤਿੰਨ ਗੁਣਾ ਦੂਰ ਹੋ ਗਿਆ।"2 ਪਲੈਟੋ ਕਾਵਿ ਨੂੰ ਸੱਚ ਤੋਂ ਤਿੰਨ ਗੁਣਾ ਦੂਰ ਹੀ ਨਹੀਂ ਮੰਨਦਾ ਬਲਕਿ ਮਨੁੱਖ ਲਈ ਨੁਕਸਾਨਦੇਹ ਵੀ ਮੰਨਦਾ ਹੈ। ਉਸ ਅਨੁਸਾਰ "ਕਾਵਿ ਮਨੁੱਖੀ ਮਨ ਵਿਚ ਜਜ਼ਬਿਆਂ ਤੇ ਵਾਸਨਾਵਾਂ ਨੂੰ ਜਗਾ ਕੇ ਉਸ ਦੀ ਬੁੱਧੀ ਭ੍ਰਸ਼ਟ ਕਰਦਾ ਹੈ, ਉਸ ਵਿਚ ਵਿਗਠਨ ਤੇ ਅਨਾਚਾਰ ਵਿਚ ਵਾਧਾ ਕਰਦਾ ਹੈ। ਪਲੇਟੋ ਦੇ ਮੂਲ ਇਤਰਾਜ਼ ਦੀ ਸ਼ੁਰੂਆਤ ਇਥੋਂ ਹੀ ਹੁੰਦੀ ਹੈ। ਧਰਮ ਤੇ ਅਧਿਆਤਮਕਤਾ ਦੇ ਖੇਤਰ ਵਿਚ ਜਿਨ੍ਹਾਂ ਆਦਰਯੋਗ ਤੇ ਪੂਜਨੀਕ ਪਾਤਰਾਂ ਦਾ ਜ਼ਿਕਰ ਹੁੰਦਾ ਹੈ,ਜਦੋਂ ਕਾਵਿ ਵਿਚ ਉਨ੍ਹਾਂ ਹੀ ਉਦਾਤ ਕਿਸਮ ਦੇ ਪਾਤਰਾਂ ਨੂੰ ਮੂਰਖ ਤੇ ਵਿਲਾਸੀ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ ਅਤੇ ਜਾਂ ਫਿਰ ਇਸ ਦੇ ਉਲਟ ਜਦੋਂ ਕਾਵਿ ਵਿਚ ਮੂਰਖ ਤੇ ਗ਼ੈਰਸਮਾਜਿਕ ਤੱਤਾਂ ਨੂੰ ਸੁਖੀ ਜਾਂ ਸੁਖ-ਸਾਧਨਾ ਨਾਲ ਭਰੇ ਭੁਕੰਨੇ ਹੋਏ ਚਿੱਤ੍ਰਿਆ ਜਾਂਦਾ ਹੈ ਤਾਂ ਕਵਿਤਾ ਵਿਚਲਾ ਖੋਟ ਉਭਰ ਕੇ ਸਾਹਮਣੇ ਆਉਂਦਾ ਹੈ।"3

ਇਉਂ ਕਾਵਿ ਬਾਰੇ ਪਲੈਟੋ ਦੇ ਦੋ ਵਿਚਾਰ ਪ੍ਰਸਿੱਧ ਹਨ। ਪਹਿਲਾ ਕਾਵਿ-ਸੱਚ ਦੇ ਅੰਤਰਗਤ ਕਾਵਿ ਨੂੰ ਅਨੁਕਰਣ ਦਾ ਅਨੁਕਰਣ ਕਹਿਣਾ ਅਤੇ ਦੂਜਾ ਇਹ ਕਿ ਕਾਵਿ ਮਨੁੱਖ ਦੇ ਮਨ ਵਿਚਲੇ ਵਿਕਾਰਾਂ ਨੂੰ ਜਗਾ ਕੇ ਦੂਸ਼ਿਤ ਕਰਦਾ ਹੈ। ਪਲੈਟੋ ਅਨੁਸਾਰ ਕਲਾ ਮਨ ਵਿੱਚ ਭੈੜੇ ਵਿਚਾਰ ਉਤਪੰਨ ਕਰਦੀ ਹੈ ਇਸ ਲਈ ਉਹ ਕਲਾਕਾਰਾਂ ਨੂੰ ਨਗਰ ਤੋਂ ਬਾਹਰ ਕੱਢ ਦੇਣ ਦੀ ਗੱਲ ਕਰਦਾ ਹੈ। ਦਰਅਸਲ "ਪਲੈਟੋ ਦਾ ਕਾਵਿ ਬਾਰੇ ਨਜ਼ਰੀਆਂ ਬੁਨਿਆਦੀ ਤੌਰ 'ਤੇ ਫ਼ਲਸਫ਼ਾਨਾ ਸੀ। ਉਸ ਨੇ ਹੀ ਸਭ ਤੋਂ ਪਹਿਲਾਂ ਕਲਾ ਨੂੰ ਲੋਕ-ਕਲਿਆਣ ਅਤੇ ਨੈਤਿਕ ਸੁਧਾਰ ਦਾ ਸਾਧਨ ਮੰਨਿਆ ਸੀ। ਪੱਛਮੀ ਚਿੰਤਨ-ਧਾਰਾ ਵਿੱਚ ਪਲੇਟੋ ਸਭ ਤੋਂ ਪਹਿਲਾ ਫਿਲਾਸਫਰ ਹੈ, ਜਿਸ ਨੇ ਕਾਵਿ ਵਿਚ ਨੈਤਕਿ ਮੁੱਲਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ। ਜਿਹੜਾ ਕਾਵਿ ਜਾਂ ਸਾਹਿਤ ਧਰਮ,ਦਰਸ਼ਨ ਜਾਂ ਅਧਿਆਤਮਕਤਾ ਤੋਂ ਪ੍ਰੇਰਿਆ ਜਾਂਦਾ ਹੈ,ਉਸ ਵਿਚ ਮੂਲ ਸੱਚ ਦੀ ਹੋਂਦ ਬਾਰੇ ਕਿਸੇ ਸ਼ੰਕੇ ਦੀ ਗੁੰਜ਼ਾਇਸ਼ ਨਹੀਂ। ਇਹੋ ਕਾਰਣ ਹੈ ਕਿ ਪਲੇਟੋ ਨੇ ਕਾਵਿ ਤੇ ਕਵੀ ਨੂੰ ਨਕਾਰਨ ਦੇ ਬਾਵਜੂਦ ਅਜਿਹੇ ਕਾਵਿ ਨੂੰ ਸਵੀਕਾਰ ਕੀਤਾ ਹੈ ਜਿਸ ਵਿਚ ਰੱਬ ਦੀ ਉਸਤਤ ਜਾਂ ਧਾਰਮਿਕ ਪ੍ਰਵਚਨ (Discourse) ਹੈ"।4

ਪਰ ਅਰਸਤੂ ਪਲੈਟੋ ਦੇ ਉਲਟ ਕਾਵਿ ਤੇ ਅਨੁਕਰਣ ਬਾਰੇ ਆਪਣਾ ਵੱਖਰਾ ਨਜ਼ਰੀਆ ਰੱਖਦਾ ਹੈ। ਅਰਸਤੂ ਦਾ 'ਤ੍ਰਾਸਦੀ' ਤੇ 'ਵਿਰੇਚਨ' ਦਾ ਸਿਧਾਂਤ ਪਲੈਟੋ ਦੇ ਉਕਤ ਦੋ ਸਿਧਾਂਤਾਂ ਦੇ ਵਿਰੋਧ ਵਿੱਚੋਂ ਹੀ ਪੈਦਾ ਹੁੰਦਾ ਹੈ।

ਅਰਸਤੂ ਆਪਣੇ ਗੁਰੂ ਦੇ ਸੰਕਲਪਾਂ ਅਤੇ ਧਾਰਨਾਵਾਂ ਦਾ ਤਿਆਗ ਨਹੀਂ ਕਰਦਾ ਸਗੋਂ ਉਸ ਨੂੰ ਵਿਸਤਰਿਤ ਅਰਥਾਂ ਵਿੱਚ ਦੇਖਣ ਦਾ ਯਤਨ ਕਰਦਾ ਹੈ । ਉਸ ਨੇ ਅਨੁਕਰਣਾਤਮਕ ਪ੍ਰਵਿਰਤੀ ਨੂੰ ਇੱਕ ਵੱਖਰੇ ਨਜ਼ਰੀਏ ਤੋਂ ਦੇਖਿਆ ਅਤੇ ਕਾਵਿ ਦੀ ਪਰਿਭਾਸ਼ਾ ਬਦਲ ਕੇ ਰੱਖ ਦਿੱਤੀ। "ਉਸ ਦੇ ਮਤ ਅਨੁਸਾਰ ਅਨੁਕਰਣ ਕੋਈ ਨੁਕਸ ਨਹੀਂ, ਸਗੋਂ ਇਹ ਮਨੁੱਖੀ ਮਨ ਦੀ ਸਹਿਜ ਸੁਭਾਵਿਕ ਰੁਚੀ ਹੈ। ਇਹ ਰੁਚੀ ਦੋ ਖ਼ਾਸ ਕਾਰਣਾਂ ਕਰਕੇ ਪੈਦਾ ਹੋਈ ਲੱਗਦੀ ਹੈ, ਅਤੇ ਇਹ ਦੋਵੇਂ ਕਾਰਣ ਸੁਭਾਵਿਕ ਹਨ। ਪਹਿਲਾ ਕਾਰਣ ਤਾਂ ਅਨੁਕਰਣ ਦੀ ਸਹਿਜ ਪ੍ਰਵ੍ਰਿਤੀ ਹੈ ਜੋ ਮਨੁੱਖ ਵਿੱਚ ਆਦਿਮ ਕਾਲ ਤੋਂ ਹੀ

ਮਿਲਦੀ ਹੈ।....ਦੂਜੀ ਸਹਿਜ ਪ੍ਰਵ੍ਰਿਤੀ ਸੁਮੇਲ ਤੇ ਲੈਅ ਦੀ ਹੈ ਅਤੇ ਇਸਦਾ ਮਾਲਕ ਮਨੁੱਖ ਹੌਲੀ-ਹੌਲੀ ਆਪਣੀਆਂ ਖ਼ਾਸ ਰੁਚੀਆਂ ਦਾ ਵਿਕਾਸ ਕਰਦਾ ਹੈ।ਜਿਸ ਨਾਲ ਉਸ ਦੀਆਂ ਰਚਨਾਵਾਂ ਕਵਿਤਾ ਦਾ ਰੂਪ ਧਾਰਦੀਆਂ ਹਨ।"5 ਅਰਸਤੂ ਕਾਵਿ ਨੂੰ ਸ਼ੁੱਧ ਕਲਾਤਮਕ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕਰਦਾ ਹੈ।"ਨਕਲ ਸ਼ਬਦ ਦੇ ਪਲੈਟੋ ਦੀ ਸ਼ਬਦਾਵਲੀ ਅਰਥ ਨੂੰ ਅਪਣਾਉਣ ਦੀ ਥਾਂ, ਉਹ ਇਸਨੂੰ ਇੱਕ ਵਿਸ਼ਾਲ ਅਰਥ ਦੇਣ ਦੀ ਕੋਸ਼ਿਸ਼ ਕਰਦਾ ਹੈ।ਉਹ ਕਲਾ ਨੂੰ ਇੱਕ ਨਕਲ ਮੰਨਦਾ ਹੈ, ਇੱਥੋਂ ਤੱਕ ਕਿ ਕੁਦਰਤ ਦੀ ਨਕਲ ਵੀ, ਪਰ ਕੁਦਰਤ ਦੁਆਰਾ ਉਸਦਾ ਮਤਲਬ ਨਿਰਜੀਵ ਪ੍ਰਕ੍ਰਿਤੀ ਨਹੀਂ ਹੈ।...ਕੁਦਰਤ ਨਾ ਸਿਰਫ਼ ਦ੍ਰਿਸ਼ਟੀਗਤ, ਭੌਤਿਕ ਸੰਸਾਰ ਨੂੰ ਦਰਸਾਉਂਦੀ ਹੈ ਬਲਕਿ ਕੁਦਰਤ ਦੀ ਸਿਰਜਣਾ ਦੀ ਸਦੀਵੀ ਪ੍ਰਕ੍ਰਿਆ ਨੂੰ ਦਰਸਾਉਂਦੀ ਹੈ।...ਕਲਾਕਾਰ ਦੀ ਵਿਸ਼ੇਸ਼ਤਾ ਇਸ ਤੱਥ ਵਿੱਚ ਹੈ ਕਿ ਉਹ ਕੁਦਰਤ ਦੀ ਸਿਰਜਣਾਤਮਕ ਪ੍ਰਕਿਰਿਆ ਦੀ ਆਪਣੀ ਸਮਝ ਦੁਆਰਾ ਦ੍ਰਿਸ਼ਮਾਨ ਸੰਸਾਰ ਦੀ ਇਸ ਅਧੂਰੀ ਅਤੇ ਅਕਸਰ ਗੁੰਮਰਾਹਕੁੰਨ ਹਕੀਕਤ ਨੂੰ ਪੂਰਾ ਕਰਦਾ ਹੈ ਅਤੇ ਇਸ ਤਰ੍ਹਾਂ ਪੂਰਨ ਸੱਚ ਨੂੰ ਸਮਝਣ ਦੇ ਯੋਗ ਹੁੰਦਾ ਹੈ।"6 ਅਰਸਤੂ ਨੇ ਆਪ ਵੀ ਅਨੁਕਰਣ ਦੀ ਪਰਿਭਾਸ਼ਾ ਦੇਣ ਦੀ ਕੋਸ਼ਿਸ਼ ਕੀਤੀ ਹੈ।ਉਸ ਅਨੁਸਾਰ ਕਾਵਿ ਕਲਾ ਦਾ ਸੁਭਾ ਅਨੁਕਰਣਮਈ ਹੈ ਅਤੇ ਇਹ ਜ਼ਿੰਦਗੀ ਦੇ ਸਰਬਵਿਆਪਕ ਤੱਤ ਦਾ ਪ੍ਰਗਟਾਵਾ ਕਰਦੀ ਹੈ।

ਅਨੁਕਰਣ ਬਾਰੇ ਆਪਣੀ ਧਾਰਨਾ ਦੇਣ ਤੋਂ ਬਾਅਦ ਅਰਸਤੂ ਤ੍ਰਾਸਦੀ ਨੂੰ ਪਰਿਭਾਸ਼ਿਤ ਕਰਦਾ ਹੈ।"ਤ੍ਰਾਸਦੀ ਅਨੁਕ੍ਰਿਤੀ ਹੈ, ਵਿਅਕਤੀ ਦੀ ਨਹੀਂ, ਕਾਰਜ ਦੀ ਅਤੇ ਜੀਵਨ ਦੀ ਕਿਉਂਕਿ ਜੀਵਨ ਕਾਰਜ ਦਾ ਹੀ ਨਾਮ ਹੈ।"7 ਉਸ ਅਨੁਸਾਰ ਤ੍ਰਾਸਦੀ ਦਾ ਮਾਧਿਅਮ ਨਾਟਕ ਦੇ ਵੱਖੋ-ਵੱਖਰੇ ਹਿੱਸਿਆਂ ਵਿੱਚ ਕਈ ਢੰਗਾਂ ਨਾਲ ਵਰਤੀ ਗਈ ਹਰ ਤਰ੍ਹਾਂ ਦੇ ਅਲੰਕਾਰਾਂ ਨਾਲ ਸਜੀ ਭਾਸ਼ਾ ਹੁੰਦੀ ਹੈ ਜਿਸ ਵਿੱਚ ਕਰੁਣਾ ਤੇ ਤ੍ਰਾਸ ਭਰ ਕੇ ਇਨ੍ਹਾਂ ਮਨੋਵਿਕਾਰਾਂ ਦਾ ਉਚਿਤ ਵਿਰੇਚਨ ਕੀਤਾ ਜਾਂਦਾ ਹੈ। ਅਰਸਤੂ ਨੇ ਤ੍ਰਾਸਦੀ ਦੇ ਅੰਤਰਗਤ ਹੀ 'ਕਥਾਰਸਿਸ' ਦਾ ਸਿਧਾਂਤ ਪੇਸ਼ ਕੀਤਾ ਹੈ।'ਕਥਾਰਸਿਸ'(ਵਿਰੇਚਨ) ਯੂਨਾਨੀ ਸ਼ਬਦ ਹੈ ਜਿਸਦ ਅਰਥ ਹੈ ਮਲਸ਼ੁੱਧੀ, ਨਿਸ਼ਕਾਸਨ, ਬਾਹਰ ਕੱਢਣਾ ਆਦਿ।ਯੂਨਾਨ ਵਿੱਚ ਆਯੁਰ ਵਿਗਿਆਨ ਅਤੇ ਚਿਕਿਤਸਾ-ਸ਼ਾਸਤਰ ਵਿੱਚ 'ਕਥਾਰਸਿਸ' ਸ਼ਬਦ ਰੇਚਕ ਔਸ਼ਧੀ ਦੁਆਰਾ ਪੇਟ ਦੀ ਸ਼ੁੱਧੀ ਜਾਂ ਰੇਚਨ ਲਈ ਪ੍ਰਯੋਗ ਕੀਤਾ ਜਾਂਦਾ ਸੀ।"ਕਿਰਿਆ ਸ਼ਬਦ 'Kathario' ਦਾ ਅਰਥ ਹੈ ਸ਼ੁੱਧ ਕਰਨਾ ਜਾਂ ਅਸ਼ੁੱਧੀ ਦੂਰ ਕਰਨਾ।ਇਸੇ ਆਧਾਰ 'ਤੇ ਅਨੇਕ ਵਿਦਵਾਨਾਂ ਨੇ ਸ਼ਬਦ ਦਾ ਅਰਥ ਕੀਤਾ-ਸ਼ੁੱਧੀਕਰਣ (Purification) ਪਰ ਅਰਸਤੂ ਦੇ ਮਤ ਨੂੰ ਠੀਕ ਪ੍ਰਕਾਰ ਨਾ ਸਮਝਣ ਕਰਕੇ ਇਸਦੇ ਅਨੇਕਾਂ ਅਰਥ ਪ੍ਰਚਲਿਤ ਹੋ ਗਏ ਮਸਲਨ ਸ਼ੋਧ ਜਾਂ ਅਸ਼ੁੱਧੀ ਦੂਰ ਕਰਨਾ (Corection,refinement), ਵਿਰੇਚਨ (Purgation) ਆਦਿ"।8 ਜੋ ਕਿ ਧਰਮ, ਚਿਕਿਤਸਾ ਤੇ ਕਲਾ 'ਤੇ ਆਧਾਰਿਤ ਹਨ।

ਅਰਸਤੂ ਦੇ ਪਿਤਾ ਨਿਕੋਮਾਸ ਮਕਦੂਨੀਆਂ ਦੇ ਰਾਜਵੈਦ ਸਨ।ਇਸ ਲਈ ਜਾਹਿਰ ਹੈ ਕਿ ਚਿਕਿਤਸਾ ਦਾ ਕੁਝ ਗਿਆਨ ਤਾਂ ਅਰਸਤੂ ਨੇ ਲਿਆ ਹੀ ਹੋਵੇਗਾ।ਅਰਸਤੂ ਦੇ ਨਵੇਂ ਵਿਆਖਿਆਕਾਰ ਵੀ ਇਸ ਗੱਲ ਨਾਲ ਸਹਿਮਤ ਹਨ।"ਅਰਿਸਟੋਰਲ ਪੋਇਟਿਕਸ ਦਾ ਲੇਖਕ ਡੀ. ਡਬਲਿਯੂ ਲਿਊਕਸ ਦਾ ਇਹ ਕਹਿਣਾ ਹੈ ਕਿ ਖ਼ੁਦ ਅਰਸਤੂ ਨੂੰ ਮਾਨਵ-ਸਰੀਰ ਦੇ ਗਠਨ ਦੇ ਸੰਬੰਧ ਵਿੱਚ 'ਹਿਪੋਕ੍ਰੇਤੀ ਸਿਧਾਂਤ' ਸਵੀਕਾਰ ਸੀ ਜਿਸਦੇ ਅਨੁਸਾਰ ਸਰੀਰ ਵਿੱਚ ਪਏ ਖ਼ੂਨ, ਕਫ਼, ਕਾਲਾ ਪਿੱਤ, ਪੀਲਾ ਪਿੱਤ- ਇਨ੍ਹਾਂ ਚਾਰ ਤਰਲਾਂ ਦਾ ਸੰਤੁਲਨ ਸਰੀਰ ਦੀ ਤੰਦਰੁਸਤੀ ਲਈ ਜਰੂਰੀ ਹੁੰਦਾ ਹੈ।"9 ਇਸ ਲਈ ਮੰਨਿਆ ਜਾਂਦਾ ਹੈ ਕਿ ਵਿਰੇਚਨ ਦਾ ਸਿਧਾਂਤ ਉਸ ਸਮੇਂ ਆਯੁਰ-ਵਿਗਿਆਨ ਤੇ ਚਿਕਤਿਸਾ-ਸ਼ਾਸਤਰ ਵਿੱਚ ਪ੍ਰਚਲਿਤ ਰੇਚਨ ਵਿਧੀ ਨੂੰ ਆਪਣਾ ਆਧਾਰ ਬਣਾਉਂਦਾ ਹੈ।ਅਰਸਤੂ ਨੇ ਆਪਣੇ ਗ੍ਰੰਥ 'ਰਾਜਨੀਤੀ' ਅਤੇ 'ਕਾਵਿ-ਸ਼ਾਸਤਰ' ਵਿੱਚ 'ਵਿਰੇਚਨ' ਸਿਧਾਂਤ ਬਾਰੇ ਚਰਚਾ ਕੀਤੀ ਹੈ।

"Though this term appears only once in arsitotle's poetics and without any definite meaning or explnation but it as still been one of the most popular and sought after concert among solars .on the basis of understanding its usage in aristotle's poetics and is other works such as 'politics' and 'ethics' , critics have attemted to explain this term. They have advanced three different meanings to the term 'catharsis' purgation or purification or clarification.Though critics have differed in their interpretation of this term, however , they have agreed upon the fact that tragedy arouses 'pity' and 'fear' which leads to 'tragic pleasure'."10

'ਰਾਜਨੀਤੀ' ਨਾਮਕ ਗ੍ਰੰਥ ਵਿੱਚ ਉਸਨੇ ਸੰਗੀਤ ਰਾਹੀਂ ਮਨੁੱਖੀ ਮਨੋਰੋਗਾਂ ਦੇ ਵਿਰੇਚਨ ਦੀ ਗੱਲ ਕੀਤੀ ਹੈ।ਬੇਂਜਾਮਨਿ ਜਾਵੇਟ ਦੇ ਦੁਆਰਾ 'ਰਾਜਨੀਤੀ' ਦੇ ਅੰਗਰੇਜ਼ੀ ਅਨੁਵਾਦ ਅਨੁਸਾਰ- "Music should be studied not for the sake of one but of many benefits that is to say with a view 1) education 2) purgation;"[11]

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਜਿਸ ਸਮੇਂ ਮਨੁੱਖੀ ਸਰੀਰ ਦੇ ਨਿਵਾਰਨ ਲਈ ਚਿਕਤਿਸਾ-ਸਾਸ਼ਤ੍ਰ ਵਿੱਚ ਸ਼ੁੱਧੀਕਰਣ ਦੀ ਵਿਧੀ ਦਾ ਉਪਯੋਗ ਕੀਤਾ ਜਾਂਦਾ ਸੀ। ਉਸੇ ਸਮੇਂ ਸੰਗੀਤ ਕਲਾ ਨੂੰ ਮਨ ਦੀ ਸ਼ੁੱਧੀ ਲਈ ਵਰਤਣ ਦੇ ਪ੍ਰਮਾਣ ਮਿਲਦੇ ਹਨ। ਇਸ ਦੌਰਾਨ ਅਰਸਤੂ ਕਾਵਿ ਰਾਹੀਂ ਮਨੁੱਖੀ ਮਨੋਵਿਕਾਰਾਂ ਦੇ 'ਵਿਰੇਚਨ ਦਾ ਸਿਧਾਂਤ' ਦਿੰਦਾ ਹੈ। ਇਸ ਲਈ ਅਰਸਤੂ ਦਾ ਇਹ ਕਥਾਰਸਿਸ ਸਿਧਾਂਤ ਕਲਾ ਨੂੰ ਵਿਰੇਚਨ ਲਈ ਵਰਤਣ ਪੱਖੋਂ ਮੂਲੋਂ ਹੀ ਨਿਵੇਕਲਾ ਨਹੀਂ ਹੈ ਸਗੋਂ ਅਤਿ ਪ੍ਰਾਚੀਨ ਹੈ ਜੋ ਕਿ ਧਰਮ, ਕਲਾ ਅਤੇ ਨੈਤਿਕ ਸ਼ਾਸਤਰ ਅਨੁਸਾਸ਼ਨਾਂ ਵਿੱਚ ਵੀ ਪ੍ਰਚਲਿਤ ਸੀ। ਅਰਸਤੂ ਇਨ੍ਹਾਂ ਵਿੱਚੋਂ ਕਿਸ ਵਿਰੇਚਨ ਸਿਧਾਂਤ ਨੂੰ ਆਧਾਰ ਬਣਾ ਕੇ ਤ੍ਰਾਸਦੀ ਰਾਹੀਂ 'ਵਿਰੇਚਨ' ਹੋਣ ਦਾ ਸਿਧਾਂਤ ਪੇਸ਼ ਕਰਦਾ ਹੈ, ਵਿਸ਼ਵ ਭਰ ਦੇ ਵਿਦਵਾਨਾਂ ਵਿੱਚ ਇਹ ਚਰਚਾ ਕਈ ਸਦੀਆਂ ਤੋਂ ਚੱਲ ਰਹੀ ਹੈ। ਯੂਨਾਨ ਵਿੱਚ ਪ੍ਰਾਚੀਨ ਕਾਲ ਤੋਂ ਧਰਮ ਵਿੱਚ 'ਸ਼ੁੱਧੀਕਰਣ' ਦੇ ਸਿਧਾਂਤ ਦੇ ਪ੍ਰਚਲਿਤ ਹੋਣ ਦੇ ਪ੍ਰਮਾਣ ਮਿਲਦੇ ਹਨ। "ਪੇਰੀ ਪੋਇਟਿਕਸ' ਦੇ ਇੰਗ੍ਰਮ ਬਾਈਵਾਟਰ ਦੁਆਰਾ ਕੀਤੇ ਗਏ ਅੰਗਰੇਜ਼ੀ ਅਨੁਵਾਦ ਦੀ ਭੂਮਿਕਾ ਲਿਖਦੇ ਹੋਏ ਗਿਲਬਰਟ ਮਰੇ ਨੇ ਆਪਣਾ ਇਹ ਮਤ ਪੇਸ਼ ਕੀਤਾ ਹੈ ਕਿ ਯੂਨਾਨ ਵਿੱਚ ਨਾਟਕਾਂ ਦਾ ਆਰੰਭ ਡਾਇਓਨੀਸਿਸ ਦੀ ਅਰਾਧਨਾ ਨਾਲ ਸੰਬੰਧਿਤ ਧਾਰਮਿਕ ਉਤਸਵਾਂ ਨਾਲ ਹੋਇਆ ਸੀ। ਇਹ ਉਤਸਵ ਸ਼ੁੱਧੀ ਦੇ ਪ੍ਰਤੀਕ ਸਨ। ਇਹਨਾਂ ਦੇ ਮਾਧਿਅਮ ਰਾਹੀਂ ਲੋਕ ਅਤੀਤ ਦੇ ਪਾਪਾਂ, ਨਕਾਰਾਤਮਕ ਭਾਵਨਾਵਾਂ ਤੋਂ ਅਤੇ ਮੌਤ ਦੇ ਦੁਸ਼ਪ੍ਰਭਾਵਾਂ ਤੋਂ ਮੁਕਤੀ ਪਾਕੇ ਖੁਦ ਨੂੰ ਸ਼ੁੱਧ ਕਰਦੇ ਸਨ। ਉਂਝ ਵੀ ਅਰਸਤੂ ਦੇ ਸਮੇਂ ਹੀ ਰੋਮ ਅਤੇ ਯੂਨਾਨ ਵਿੱਚ ਤ੍ਰਾਸਦੀ ਦਾ ਪ੍ਰਚਲਨ ਕਿਸੇ ਕਲਾਤਮਕ ਉਦੇਸ਼ ਦੀ ਪੂਰਤੀ ਲਈ ਨਹੀਂ ਸਗੋਂ ਕਿਸੇ ਮਹਾਂਮਾਰੀ ਦੇ ਨਿਵਾਰਣ ਲਈ ਅਤੇ ਧਾਰਮਿਕ ਅੰਧਵਿਸ਼ਵਾਸ ਦੇ ਰੂਪ ਵਿੱਚ ਹੋ ਚੁੱਕਿਆ ਸੀ"12 ਇਉਂ ਗਿਲਬਰਟ ਦਾ ਵਿਸ਼ਲੇਸ਼ਣ ਧਰਮਪਰਕ ਹੈ ਪਰ ਮੂਲ ਰੂਪ ਵਿੱਚ ਅਰਸਤੂ ਦੇ ਵਿਰੇਚਨ ਸਿਧਾਂਤ ਪਿੱਛੇ ਕਿਹੜਾ ਸਿਧਾਂਤ ਵਿਦਮਾਨ ਹੈ -ਧਾਰਮਿਕ ਜਾਂ ਚਿਕਿਤਸਾ ਸ਼ਾਸਤਰੀ ? "ਜੇਕਰ ਧਾਰਣਾ ਮੂਲ ਰੂਪ ਵਿੱਚ ਧਾਰਮਿਕ ਹੈ ਤਾਂ ਵਿਰੇਚਨ ਦਾ ਅਰਥ ਹੋਣਾ ਚਾਹੀਦਾ ਹੈ 'ਵਿਕਾਰਾਂ ਦੀ ਸ਼ੁੱਧੀ' ਅਤੇ ਜੇਕਰ ਚਿਕਿਤਸਾ-ਸ਼ਾਸਤਰੀ ਹੈ ਤਾਂ ਅਰਥ ਹੋਣਾ ਚਾਹੀਦਾ ਹੈ 'ਵਿਕਾਰਾਂ ਦਾ ਖਾਤਮਾ'। ਇਹਨਾਂ ਵਿੱਚੋਂ ਦੂਸਰੇ ਅਰਥ ਨੂੰ ਸਵੀਕਾਰ ਕਰਨ ਦਾ ਕਾਰਣ ਇਹ ਮੂਲ ਭਾਵਨਾ ਹੈ ਕਿ ਚਿਕਿਤਸਾ ਨੂੰ ਆਧਾਰ ਬਣਾ ਕੇ ਸਰੀਰ ਨੂੰ ਉਸਦੇ ਵਿਕਾਰਾਂ ਤੋਂ ਮੁਕਤ ਕੀਤਾ ਜਾਂਦਾ ਹੈ। ...ਪਰ ਧਰਮ ਦੀ ਪੱਧਤੀ ਇਹ ਨਹੀਂ ਹੈ।"13 ਧਰਮ ਵਿਕਾਰਾਂ ਨੂੰ ਮਿਟਾਉਣ ਦੀ ਥਾਂ ਸ਼ੁੱਧਤਾ 'ਤੇ ਜ਼ੋਰ ਦਿੰਦਾ ਹੈ। ਇਸ ਲਈ ਧਾਰਮਿਕ ਸ਼ੁੱਧੀ ਦੀ ਤੁਲਨਾ ਵਿੱਚ 'ਵਿਕਾਰਾਂ ਤੋਂ ਮੁਕਤੀ' ਲਈ ਚਿਕਿਤਸਾ-ਸ਼ਾਸਤਰੀ ਵਿਰੇਚਨ ਵਿਧੀ ਵਧੇਰੇ ਢੁੱਕਵੀਂ ਮੰਨੀ ਜਾਂਦੀ ਹੈ।

ਇਸ ਲਈ ਵਿਦਵਾਨਾਂ ਨੇ ਚਿਕਿਤਸਾ-ਸ਼ਾਸਤਰੀ ਵਿਰੇਚਨ ਸਿਧਾਂਤ 'ਤੇ ਵਧੇਰੇ ਜ਼ੋਰ ਦਿੱਤਾ ਹੈ। "1857 ਵਿੱਚ ਪ੍ਰਕਾਸ਼ਿਤ ਆਪਣੇ ਇਕ ਨਿਬੰਧ ਵਿੱਚ ਜੈਕਬ ਨੇ ਇਹ ਸਥਾਪਨਾ ਕੀਤੀ ਕਿ ਵਿਰੇਚਨ ਦਾ ਮੂਲ ਆਧਾਰ ਚਿਕਿਤਸਾ-ਸ਼ਾਸਤਰ ਹੀ ਹੈ। ਉਸ ਤੋਂ ਕੁਝ ਪਹਿਲਾਂ 1847 ਵਿੱਚ ਬੇਲ ਵਿੱਚ ਆਯੋਜਿਤ ਕੀਤੀ ਗਈ ਫਿਲਾਲਾਜੀਕਲ ਕਾਂਗਰਸ ਵਿੱਚ ਆਪਣੇ ਇੱਕ ਭਾਸ਼ਣ ਵਿੱਚ ਹੇਨਰੀ ਵੀਲ ਵੀ ਇਸੇ ਪ੍ਰਕਾਰ ਦਾ ਮਤ ਪੇਸ਼ ਕਰ ਚੁੱਕੇ ਸਨ। ਗਿਲਬਰਟ ਮਰੇ ਦੇ ਧਰਮਪਰਕ ਵਿਵੇਚਨ ਦੇ ਆਧਾਰ 'ਤੇ ਇਸ ਸਿਧਾਂਤ ਨੂੰ ਸ਼ੁੱਧੀਕਰਣ ਦਾ ਸਿਧਾਂਤ ਕਿਹਾ ਗਿਆ ਹੈ ਅਤੇ ਜੈਕਬ ਬਾਰਨੇਜ਼ ਅਤੇ ਹੇਨਰੀ ਵੀਲ ਦੇ ਚਿੰਤਨ ਦੇ ਆਧਾਰ 'ਤੇ ਵਿਰੇਚਨ ਸਿਧਾਂਤ"।14 ਜੋ ਕਿ ਚਿਕਿਤਸਾ ਦੇ 'ਵਿਰੇਚਨ' 'ਤੇ ਆਧਾਰਤਿ ਹੈ। ਇਸ ਤੋਂ ਇਲਾਵਾ ਪਾਇਥਾਗੋਰਸ ਨੇ ਵੀ 'ਸ਼ੁੱਧੀਕਰਣ' (ਪਿਯੋਰੀਫਿਕੇਸ਼ਨ) ਦਾ ਸਿਧਾਂਤ ਦਿੱਤਾ ਹੈ ਜੋ ਕਿ 'ਕਥਾਰਸਿਸ' ਸਿਧਾਂਤ ਨਾਲ ਕਾਫ਼ੀ ਮਿਲਦਾ ਹੈ। ਉਸ ਦਾ ਇਹ ਸਿਧਾਂਤ ਸੰਗੀਤ ਦੁਆਰਾ ਆਤਮਾ ਸ਼ੁੱਧੀ ਦੇ ਸੰਦਰਭ ਵਿੱਚ ਹੈ। "ਪਾਇਥਾਗੋਰਸ ਦੇ ਇਸ ਸਿਧਾਂਤ 'ਤੇ ਆਫਿਰਿਕ ਸੰਪਰਦਾਇ ਦਾ ਪ੍ਰਭਾਵ ਹੈ। ਜਿਸਦੇ ਅਨੁਸਾਰ ਸਰੀਰ ਆਤਮਾ ਦਾ ਬੰਦੀਗ੍ਰਹਿ ਹੈ। ਇਸ ਬੰਦੀਗ੍ਰਹਿ ਤੋਂ ਮੁਕਤ ਹੋ ਆਤਮਾ ਦੇ ਦੇਵੀ ਤੱਤ ਨਾਲੋਂ ਪੁਨਰ-ਮਿਲਾਪ ਦੇ ਲਈ ਆਤਮ-ਸ਼ੁੱਧੀ ਦਾ ਜੀਵਨ ਨਿਤਾਂਤ ਜ਼ਰੂਰੀ ਹੈ। ਇਹ ਸ਼ੁੱਧੀਕਰਣ ਬਾਹਰੀ ਅਤੇ ਅੰਦਰੂਨੀ ਦੋ ਪ੍ਰਕਾਰ ਦਾ ਹੁੰਦਾ ਹੈ। ਬਾਹਰੀ ਵਿੱਚ ਮਿਤਆਹਾਰ ਅਤੇ ਬ੍ਰਹਮਚਰਿਆ ਆਦਿ ਨਿਯਮ ਦੇ ਪਾਲਣ ਰਾਹੀਂ ਸਰੀਰ ਸ਼ੁੱਧੀ ਅਤੇ ਆਂਤਰਿਕ ਵਿੱਚ ਧਿਆਨ, ਸਮਾਧੀ ਅਤੇ ਸੰਗੀਤ ਦੁਆਰਾ ਆਤਮ ਸ਼ੁੱਧੀ 'ਤੇ ਬਲ ਦਿੱਤਾ ਜਾਂਦਾ ਹੈ।"15 ਸ਼ੁੱਧੀਕਰਣ ਦੇ ਮੂਲ ਦੇ ਸੰਬੰਧ ਵਿੱਚ ਇਤਿਹਾਸਕਾਰਾਂ ਵਿੱਚ ਮਤਭੇਦ ਹਨ। ਇਕ ਵਿਚਾਰਧਾਰਾ ਅਨੁਸਾਰ " ਇਸ ਦਾ ਮੂਲ ਅਪੋਲਿਅਨ ਧਰਮ ਵਿੱਚ ਪ੍ਰਚਲਿਤ ਸ਼ੁੱਧੀਕਰਣ ਦਾ ਸਿਧਾਂਤ ਹੈ ਜਿਸਦਾ ਕੇਂਦਰ ਡੇਲਾਜ਼ ਸੀ।"16 ਇੱਕ ਦੂਸਰੀ ਵਿਚਾਰਧਾਰਾ ਦੇ ਅਨੁਸਾਰ ਇਸਦਾ ਮੂਲ ਔਸ਼ਧੀ ਸ਼ੁੱਧੀਕਰਣ ਹੈ ਜਿਸਦਾ ਕੇਂਦਰ ਕਟੋਨ ਦਾ ਚਿਕਿਤਸਾ ਸਮੁਦਾਇ ਸੀ। ਜਿਸਦੀ ਸਥਾਪਨਾ ਪਾਇਥਾਗੋਰਸ ਦੇ ਉੱਥੇ ਵੱਸਣ ਤੋਂ ਬਹੁਤ ਪਹਿਲਾਂ ਹੋਈ ਸੀ।

ਅਰਿਸਟੋਫੇਨਜ਼ ਜੋ ਪਾਇਥਾਗੋਰਸ ਦੇ ਅਨੁਯਾਈਆਂ ਨੂੰ ਵਿਅਕਤੀਗਤ ਰੂਪ ਵਿੱਚ ਜਾਣਦੇ ਸਨ। ਉਹਨਾਂ ਅਨੁਸਾਰ ਪਾਇਥਾਗੋਰਸ ਦੇ ਅਨੁਯਾਈ ਸਰੀਰ ਨੂੰ ਸ਼ੁੱਧ ਕਰਨ ਦੇ ਲਈ ਔਸ਼ਧੀ ਅਤੇ ਆਤਮਾ ਨੂੰ ਸ਼ੁੱਧ ਕਰਨ ਦੇ ਲਈ ਸੰਗੀਤ ਦਾ ਪ੍ਰਯੋਗ ਕਰਦੇ ਸਨ। ਉਹਨਾਂ ਦਾ ਇਸ ਕਥਨ ਨਾਲ ਪਾਇਥਾਗੋਰਸ ਦੇ ਸ਼ੁੱਧੀਕਰਣ ਸਿਧਾਂਤ ਦੇ ਔਸ਼ਧੀ ਸ੍ਰੋਤ ਹੋਣ ਦੀ ਪੁਸ਼ਟੀ ਹੁੰਦੀ ਹੈ। "ਇਸ ਤੋਂ ਇਹ ਵੀ

ਸਿੱਧ ਹੁੰਦਾ ਹੈ ਕਿ ਉਹ ਆਪਣੇ ਸੰਪਰਦਾਇ ਦੇ ਵਿਗਿਆਨਕ ਅਧਿਐਨ ਅਤੇ ਧਾਰਮਿਕ ਸਿਧਾਂਤ ਵਿੱਚ ਰਲੇਵਾਂ ਕਰ ਰਹੇ ਸਨ ਅਤੇ ਇਸ ਵਿੱਚ ਕੋਈ ਸੰਦੇਹ ਨਹੀਂ ਕਿ ਵਿਗਿਆਨਿਕ ਚਿਕਿਤਸਾ-ਸ਼ਾਸਤਰ ਅਤੇ ਧੁਨੀ-ਸ਼ਾਸਤਰ ਦੀ ਖੋਜ ਦਾ ਸਿਹਰਾ ਪਾਇਥਾਗੋਰਸ ਸੰਪਰਦਾਇ ਨੂੰ ਹੀ ਜਾਂਦਾ ਹੈ।"17 ਅਤੇ ਕਲਾ ਨੂੰ ਮਨੋਵਿਕਾਰਾਂ ਦੇ ਵਿਰੇਚਨ ਲਈ ਵਰਤਣ ਦਾ ਸਿਹਰਾ ਵੀ ਪਾਇਥਾਗੋਰਸ ਨੂੰ ਜਾਂਦਾ ਹੈ ਨਾ ਕਿ ਅਰਸਤੂ ਨੂੰ ਅਤੇ ਇਹ ਗੱਲ ਸਪੱਸ਼ਟ ਹੈ ਕਿ ਪਾਇਥਾਗੋਰਸ ਯੁੱਗ ਵਿੱਚ ਸੰਗੀਤ ਦਾ ਪ੍ਰਯੋਗ ਰੋਗ-ਨਿਵਾਰਣ ਲਈ ਕੀਤਾ ਜਾਂਦਾ ਸੀ।ਅਰਸਤੂ ਨੇ ਇਸੇ ਸਿਧਾਂਤ ਨੂੰ ਤ੍ਰਾਸਦੀ ਨਾਟਕ ਲਈ ਉਪਯੋਗ ਕੀਤਾ।

ਨੀਤੀ ਸ਼ਾਸਤਰ ਵਿੱਚ ਵੀ ਸ਼ੁੱਧੀ ਸਿਧਾਂਤ ਮਿਲਦਾ ਹੈ।ਵਿਰੇਚਨ ਦੀ ਨੈਤਿਕ-ਸ਼ਾਸਤਰੀ ਵਿਆਖਿਆ ਕਰਨ ਵਾਲੇ "ਜਰਮਨ ਵਿਦਵਾਨ ਆਲੋਚਕ ਬਾਰਨੇਜ਼ ਨੇ ਇਹ ਧਾਰਣਾ ਪੇਸ਼ ਕੀਤੀ ਹੈ ਕਿ ਮਨੁੱਖੀ ਮਨੋਭਾਵਾਂ ਵਿੱਚੋਂ ਕਰੁਣਾ ਤੇ ਭੈ ਦੋ ਅਜਿਹੇ ਭਾਵ ਹਨ, ਜਿੰਨ੍ਹਾਂ ਦੀ ਅੰਤਰਬਿਰਤੀ ਦੁਖਾਂਤਮਕ ਹੈ।ਤ੍ਰਾਸਦੀ ਵਿੱਚ ਇਨ੍ਹਾਂ ਭਾਵਾਂ ਨੂੰ ਜਗਾ ਕੇ ਇਨ੍ਹਾਂ ਮਨੋਵਿਕਾਰਾਂ ਨੂੰ ਸ਼ੁੱਧ ਕੀਤੀ ਜਾਂਦਾ ਹੈ।ਮਨੁੱਖ ਦੇ ਮਨ ਵਿਚਲੀਆਂ ਅਤ੍ਰਿਪਤੀਆਂ ਨੂੰ ਜਗਾਉਣਾ ਪ੍ਰੇਖਿਅਕ ਦੇ ਮਾਨਸਿਕ ਤਵਾਜ਼ਨ ਨੂੰ ਕਾਇਮ ਕਰਨਾ ਹੈ ਜਿਸ ਨਾਲ ਉਸ ਨੂੰ ਅੰਦਰੋਂ ਸੁੱਖ ਮਿਲਦਾ ਹੈ ਅਤੇ ਉਸ ਦੇ ਭਾਵ ਸ਼ੁੱਧ ਹੋ ਜਾਂਦੇ ਹਨ"18 ਇਉਂ ਨੀਤੀ-ਸਾਸ਼ਤਰ ਅਨੁਸ਼ਾਸਨ ਵੀ ਵਿਰੇਚਨ ਸਿਧਾਂਤ ਰਾਹੀਂ ਮਨ ਦੀ ਸ਼ੁੱਧੀ ਭਾਵ ਮਨੋਵਿਕਾਰਾਂ ਦੇ ਵਿਰੇਚਨ ਦੀ ਗੱਲ ਕਰਦਾ ਹੈ।

ਇਸ ਤਰ੍ਹਾਂ ਦ੍ਰਿਸ਼ਟੀਗੋਚਰ ਹੈ ਕਿ ਪੱਛਮੀ ਨਾਟ-ਚਿੰਤਨ ਵਿੱਚ ਮੱਧਕਾਲੀਨ ਅੰਧਕਾਰ ਦੀ ਸਮਾਪਤੀ ਤੋਂ ਬਾਅਦ 'ਵਿਰੇਚਨ' ਸਿਧਾਂਤ ਉਪਰ ਸਭ ਤੋਂ ਵੱਧ ਵਿਚਾਰ ਚਰਚਾ ਹੋਈ ਮਿਲਦੀ ਹੈ।ਮਿਲਟਨ, ਗੇਟੇ ਅਤੇ ਜੈਕਬ ਨੇ ਚਿਕਿਤਸਾ ਸ਼ਾਸਤਰ ਵਿੱਚ, ਗਿਲਬਰਟ ਮਰੇ ਅਤੇ ਲੀਬੀ ਨੇ ਧਰਮ ਦੇ ਪੱਖ ਤੋਂ, ਵਾਈਨੇਜ਼, ਰੇਸਿਨ ਅਤੇ ਕਾਰਨੇਈ ਨੇ ਨੀਤੀਪਰਕ ਦ੍ਰਿਸ਼ਟੀ ਤੋਂ, ਗੇਟੇ ਤੇ ਬੁਚਰ ਆਦਿ ਨੇ ਕਲਾਪਰਕ ਦ੍ਰਿਸ਼ਟੀ ਤੋਂ 'ਵਿਰੇਚਨ' ਬਾਰੇ ਆਪਣੇ ਮਤ ਪੇਸ਼ ਕੀਤੇ ਹਨ। ਜਦਕਿ ਕੁਝ ਵਿਦਵਾਨ 'ਵਿਰੇਚਨ' ਵਰਗੇ ਸਿਧਾਂਤ ਦਾ ਖੰਡਨ ਕਰਦੇ ਹਨ ਅਜਿਹੇ ਵਿਦਵਾਨਾਂ ਅਨੁਸਾਰ ਤ੍ਰਾਸਦੀ ਨਾਲ ਕਰੁਣਾ ਅਤੇ ਦੁੱਖ ਦੇ ਭਾਵ ਜਰੂਰ ਪੈਦਾ ਹੁੰਦੇ ਹਨ ਪਰ ਉਹਨਾਂ ਦੇ ਨਿਸ਼ਕਾਸ਼ਨ ਦੇ ਸੰਬੰਧ ਵਿੱਚ ਇਹਨਾਂ ਸਿਧਾਂਤਾਂ ਪ੍ਰਤੀ ਸ਼ੱਕ ਹੈ"12 "ਸਵਾਲ ਕੀਤਾ ਗਿਆ ਕਿ ਜੇ ਮੰਚ ਉੱਪਰ ਦੁੱਖ ਵੇਖ ਕੇ ਦਰਸ਼ਕਾਂ ਦੇ ਭੈਅ ਅਤੇ ਕਰੁਣਾ ਭਾਵ ਦੀ ਨਿਕਾਸੀ ਹੁੰਦੀ ਹੈ ਤਾਂ ਵੀਰ ਕਾਵਿ ਸੁਣ ਕੇ ਉਨ੍ਹਾਂ ਅੰਦਰੋਂ ਰੌਦਰ ਭਾਵ ਖ਼ਤਮ ਹੋ ਜਾਣਾ ਚਾਹੀਦਾ ਸੀ ਤੇ ਉਨ੍ਹਾਂ ਅੰਦਰ ਸ਼ਾਂਤ ਰਸ ਦਾ ਸੰਚਾਰ ਹੋਣਾ ਚਾਹੀਦਾ ਹੈ, ਜਦੋਂ ਕਿ ਅਸੀਂ ਵੀਰ ਕਾਵਿ ਦਾ ਪ੍ਰਯੋਜਨ ਹੀ ਸਮਾਜਿਕਾਂ ਅੰਦਰ ਰੌਦਰ ਅਤੇ ਵੀਰ ਰਸ ਦਾ ਸੰਚਾਰ ਮਿੱਥਿਆ ਹੈ। ਦੂਜਾ, ਜੇ ਨਾਟ-ਕਲਾ ਨੂੰ ਮਾਨਵ ਦੇ ਆਂਤਰਿਕ ਜਗਤ ਨਾਲ ਸੰਬੰਧਿਤ ਵੀ ਮੰਨ ਲਿਆ ਜਾਵੇ ਤਾਂ ਵੀ ਅਸੀਂ ਜਾਣਦੇ ਹਾਂ ਕਿ ਡਰ ਅਤੇ ਭੈਅ ਤੋਂ ਬਿਨਾਂ ਹੋਰ ਵੀ ਅਨੇਕ ਸਥਾਈ-ਅਸਥਾਈ ਭਾਵ ਹਨ, ਜਿੰਨ੍ਹਾਂ ਉੱਪਰ ਸੰਸਕ੍ਰਿਤ ਕਾਵਯ-ਸ਼ਾਸਤਰ ਵਿੱਚ ਡੂੰਘਾ ਵਿਚਾਰ ਹੋਇਆ ਹੈ।ਸਾਰਿਆਂ ਦੇ ਸੰਬੰਧ ਵਿੱਚ ਨਾਟ-ਕਲਾ ਦਾ ਵਿਵਹਾਰ ਵਿਰੇਚਨ ਵਰਗਾ ਨਹੀਂ ਹੋ ਸਕਦਾ"19 ਅਨੁਸਾਰ "The katharsis affects not the emotional quality of the experiences but the subsequent emotional stability of the spectator."20

ਉਪਰੋਕਤ ਚਰਚਾ ਵਿੱਚ ਅਸੀਂ ਵਿਰੇਚਨ ਸਿਧਾਂਤ ਬਾਰੇ ਵੱਖ-ਵੱਖ ਅਨੁਸਾਸ਼ਨਾਂ ਵਿੱਚ ਵਰਤੋਂ ਬਾਰੇ ਚਰਚਾ ਕੀਤੀ ਹੈ ਪਰ ਅਰਸਤੂ ਦਾ ਵਿਰੇਚਨ ਸਿਧਾਂਤ ਕਿਹੜੇ ਅਨੁਸਾਸ਼ਨ ਤੋਂ ਪ੍ਰਭਾਵਿਤ ਹੈ ਇਹ ਸਵਾਲ ਅਹਿਮ ਹੈ ਜਿਆਦਾਤਰ ਵਿਦਵਾਨ 'ਵਿਰੇਚਨ' ਦੀ ਚਿਕਿਤਸਕ ਵਿਧੀ ਨਾਲ ਸਹਿਮਤ ਹਨ। ਉਨਾਂ ਵਿਦਵਾਨਾਂ ਅਨੁਸਾਰ ਚਿਕਿਤਸਕ ਵਿਗਿਆਨ ਦੀ ਇਸੇ ਵਿਧੀ ਨੂੰ ਅਰਸਤੂ ਦਰਸ਼ਕਾਂ ਦੇ ਮਾਨਸਿਕ ਮਨੋਵਿਕਾਰਾਂ ਦੇ ਵਿਰੇਚਨ ਲਈ ਤ੍ਰਾਸਦੀ ਨਾਟਕ ਨੂੰ ਦਵਾਈ ਦੇ ਰੂਪ ਵਿੱਚ ਵਰਤਣ ਦਾ ਵਿਚਾਰ ਦਿੰਦਾ ਹੈ ਜਦਕਿ, ਧਰਮਪਰਕ, ਕਲਾਪਰਕ ਤੇ ਨੀਤੀਪਰਕ ਦੇ ਵਿਰੇਚਨ ਸਿਧਾਂਤ ਦੇ ਵਿਸ਼ਲੇਸ਼ਕਾਂ ਅਨੁਸਾਰ ਅਰਸਤੂ ਦਾ ਵਿਰੇਚਨ ਸਿਧਾਂਤ ਇਨ੍ਹਾਂ ਦੇ ਸ਼ੁੱਧੀਕਰਣ ਦੇ ਸਿਧਾਂਤ ਤੋਂ ਪ੍ਰਭਾਵਿਤ ਹੈ। 'ਰਾਜਨੀਤੀ' ਵਿੱਚ ਉਹ ਕਲਾਪਰਕ 'ਵਿਰੇਚਨ' ਦੀ ਗੱਲ ਕਰਦਾ ਹੈਜੋ ਕਿ ਪਾਈਥਾਗੋਰਸ ਦੇ ਸ਼ੁੱਧੀ ਸਿਧਾਂਤ ਤੋਂ ਪ੍ਰਭਾਵਿਤ ਹੈ।।'ਪੋਇਟਿਕਸ' ਵਿੱਚ ਉਹ ਧਰਮ ਦੇ ਸ਼ੁੱਧੀ ਸਿਧਾਂਤ ਅਤੇ ਪਾਈਥਾਗੋਰਸ ਦੇ ਸ਼ੁੱਧੀਕਰਣ ਸਿਧਾਂਤ, ਦੋਨਾਂ ਤੋਂ ਹੀ ਪ੍ਰਭਾਵਿਤ ਹੈ ਕਿਉਂਕਿ ਦੋਨੋਂ ਹੀ ਸਿਧਾਂਤ ਮਨ ਦੀ ਸ਼ੁੱਧੀ 'ਤੇ ਕੇਂਦਰਿਤ ਹਨ ਪਰ ਪਾਈਥਾਗੋਰਸ ਦੇ ਸਿਧਾਂਤ ਦੇ ਵਧੇਰੇ ਨੇੜੇ ਹੈ। 'ਪੋਇਟਿਕਸ' ਵਿੱਚ ਉਹ ਕਲਾ ਤੇ ਧਰਮ ਦੀ ਇਸੇ ਵਿਧੀ ਨੂੰ ਆਧਾਰ ਬਣਾ ਕੇ ਹੀ ਦੁਖਾਂਤ ਨਾਟਕਾਂ ਨੂੰ 'ਵਿਰੇਚਨ' ਦਾ ਮਾਧਿਅਮ ਕਹਿੰਦਾ ਹੈ ਅਤੇ ਇਸ ਪੱਧਤੀ ਨੂੰ ਅਪਣਾਉਣ ਦੇ ਚੱਕਰ ਵਿੱਚ ਹੀ ਉਸ ਸਮੇਂ ਦੇ ਯੂਨਾਨੀ ਲੋਕ-ਨਾਟਕ ਨੂੰ ਅਣਗੌਲਿਆ ਕਰ ਦਿੰਦਾ ਹੈ। ਜਿਸ ਕਾਰਨ ਅਰਸਤੂ ਦੁਆਰਾ ਪੇਸ਼ ਨਾਟਕੀ-ਸਿਧਾਂਤ ਸਿਰਫ਼ ਤ੍ਰਾਸਦੀਆਂ ਦੇ ਸਿਧਾਂਤ ਹਨ ਅਤੇ ਵਿਵਾਦਤ ਸਿਧਾਂਤ ਹਨ।

### ਟਿੱਪਣੀਆਂ ਤੇ ਹਵਾਲੇ

1.ਗੁਰਚਰਨ ਸਿੰਘ ਅਰਸ਼ੀ, ਪੱਛਮੀ ਕਾਵਿ ਸ਼ਾਸਤਰ,ਪੰਨਾ-34.
2. ਉਧਰਿਤ, ਉਹੀ,ਪੰਨਾ-37.
3. ਉਹੀ, ਪੰਨਾ-36.

## ਗ਼ਜ਼ਲਾਂ / ਸੁਨੀਲਮ ਮੰਡ



ਦਿਲ ਮੇਰੇ 'ਚੋਂ ਸ਼ਾਇਰ ਕਦੇ ਵੀ ਮਰਿਆ ਨਹੀਂ
ਕਵਿਤਾ ਲਿਖਣ ਤੋਂ ਬਿਨਾਂ ਤਾਂ ਮੇਰਾ ਸਰਿਆ ਨਹੀ।

ਚਿਹਰੇ ਦੀ ਮੁਸਕਾਨ ਵੇਖ ਕੇ ਸੋਚੋ ਨਾ,
ਕਿ ਮੈਂ ਕਦੇ ਵੀ ਸਾਗਰ ਗ਼ਮ ਦਾ ਤਰਿਆ ਨਹੀਂ।

ਕੋਈ ਦਿਨ ਹੀ ਵਿਰਲਾ ਹੋਵੇਗਾ ਏਥੇ
ਜਿਸ ਦਿਨ ਨੈਣਾਂ ਵਿੱਚੋਂ ਨੀਰ ਤੇ ਵਰ੍ਹਿਆ ਨਹੀਂ।

ਬਹੁਤ ਖਾਧੇ ਨੇ ਧੋਖੇ ਮੈਂ ਵੀ ਜ਼ਿੰਦਗੀ ਵਿੱਚ,
ਵੱਖਰੀ ਗੱਲ ਕਿ ਮੈਂ ਅਜੇ ਤੱਕ ਹਰਿਆ ਨਹੀ।

ਦੇਖ ਕੇ ਦੁਖੜੇ ਕੁੱਲ ਦੁਨੀਆਂ ਦੇ ਛਲਕ ਪਵਾਂ,
ਕੋਈ ਦਿਨ ਨਹੀਂ ਜਦੋਂ ਕਲੇਜਾ ਭਰਿਆ ਨਹੀਂ।

ਓਹੀ ਮੇਰੇ ਆਪਣੇ ਦੁਸ਼ਮਣ ਬਣ ਬੈਠੇ,
ਮੈ ਜਿਨ੍ਹਾਂ ਦੀਆਂ ਕਪਟ ਚਾਲਾਂ ਤੋਂ ਡਰਿਆ ਨਹੀਂ।

ਕਈ ਖੁਸ਼ੀਆਂ ਸਾਨੂੰ ਬਖਸ਼ ਗਏ,
ਕਈ ਦੇ ਗਏ ਗ਼ਮ ਉਪਹਾਰ ਮੈਨੂੰ।
ਕਈ ਪਲ ਪਲ ਕਰਦੇ ਯਾਦ ਪਏ,
ਕੁਝ ਸਦਾ ਲਈ ਗਏ ਵਿਸਾਰ ਮੈਨੂੰ।

ਕਈ ਲੋਕ ਮਿਲੇ ਮੈਨੂੰ ਬੜੇ ਚੰਗੇ,
ਕੁੱਝ ਮਿਲੇ ਅਜਿਹੇ ਕੀ ਦੱਸਾਂ?
ਗੱਲਾਂ ਗੱਲਾਂ ਵਿੱਚ ਪਾ ਕੇ ਜੋ,
ਗਏ ਅੰਤ ਨੂੰ ਜਿਹੜੇ ਚਾਰ ਮੈਨੂੰ।

ਕੁੱਝ ਹੱਦੋਂ ਵਧ ਸੀ ਚਤੁਰ ਜਿਹੇ,
ਉਂਝ ਸੂਝ ਬੂਝ ਤੋਂ ਸੱਖਣੇ ਸਨ,
ਓਹ ਬਣ ਕੇ ਅਕਸਰ ਮਿਲਦੇ ਰਹੇ,
ਪਰ ਬਹੁਤੇ ਹੀ ਹੁਸ਼ਿਆਰ ਮੈਨੂੰ।

ਕਈ ਜ਼ਿੰਦਗੀ ਵਿੱਚ ਮੈਥੋਂ ਪਾਸੇ ਸਨ,
ਉਂਝ ਦਿਲ ਵਿਚ ਤੜਪ ਸੀ ਕਹਿਰਾਂ ਦੀ,
ਓਹ ਦੂਰ ਰਹੇ ਬੇਸ਼ਕ ਮੈਥੋਂ,
ਪਰ ਦਿੰਦੇ ਰਹੇ ਸਤਿਕਾਰ ਮੈਨੂੰ।

ਮੰਡ ਨੇ ਜ਼ਿੰਦਗੀ ਵਿੱਚ ਗ਼ਮ ਪਾਲ਼ੇ,
ਪਰ ਚਿਹਰੇ ਉੱਤੇ ਨੂਰ ਰਿਹਾ,
ਕਰ ਸਕੇ ਨਾ ਦਰਦ ਉਦਾਸ ਕਦੇ,
ਨਾ ਕਰ ਹੀ ਸਕੇ ਬੇਜ਼ਾਰ ਮੈਨੂੰ।


4. ਉਹੀ,ਪੰਨਾ-39.
5. ਉਹੀ,ਪੰਨਾ -50.
6. ਡਾ.ਮੈਥਿਲੀ ਪ੍ਰਸ਼ਾਦ ਭਾਰਦਵਾਜ,ਪਾਸ਼ਚਾਤਯ ਕਾਵਯ ਸ਼ਾਸਤਰ ਕੇ ਸਿਧਾਂਤ, ਪੰਨਾ-30.
7. ਡਾ. ਨਗੇਂਦਰ (ਅਨੁ) ਅਰਸਤੂ ਦਾ ਕਾਵਿ-ਸ਼ਾਸਤਰ, ਪੰਨਾ-20
8. ਮਹੇਸ਼ ਆਨੰਦ,ਦੇਵੇਂਦਰ ਰਾਜ ਅੰਕੁਰ (ਸੰਪ.), ਦੇਵਦੱਤ ਕੌਸ਼ਿਕ, ਰੰਗਮੰਚ ਕੇ ਸਿਧਾਂਤ, ਪੰਨਾ -36
9. ਉਹੀ, ਪੰਨਾ -35.
10. Farukh shahzad, Aristotles Catharsis: some theories, JEITR june 2018,volume 5, issue 6, P-277.
11. B. jowett, The Politics of Aristotle, P-257.
12. ਮਹੇਸ਼ ਆਨੰਦ,ਦੇਵੇਂਦਰ ਰਾਜ ਅੰਕੁਰ (ਸੰਪ.), ਦੇਵਦੱਤ ਕੌਸ਼ਿਕ, ਰੰਗਮੰਚ ਕੇ ਸਿਧਾਂਤ, ਪੰਨਾ -36
13. ਉਹੀ,ਪੰਨਾ-36.
14. ਉਹੀ,ਪੰਨਾ -36.
15. ਸੀ. ਐਲ ਤ੍ਰਿਪਾਠੀ, ਪਾਇਥਾਗੋਰਸ, ਦਯਾਕ੍ਰਿਸ਼ਣ,(ਸੰਪਾ), ਪੱਛਮੀ ਦਰਸ਼ਨ ਕਾ ਇਤਿਹਾਸ, ਪੰਨਾ-33.
16. ਉਧਰਤਿ ਦਯਾਕ੍ਰਿਸ਼ਣ, ਪੱਛਮੀ ਦਰਸ਼ਨ ਕਾ ਇਤਿਹਾਸ, ਪੰਨਾ-33,
17. ਉਹੀ, ਪੰਨਾ-33-34
18. ਗੁਰਚਰਨ ਅਰਸ਼ੀ, ਪੱਛਮੀ ਕਾਵਿ ਸ਼ਾਸਤਰ, ਪੰਨਾ-68
19. ਡਾ. ਪਾਲੀ ਭੁਪਿੰਦਰ ਸਿੰਘ, ਪੰਜਾਬੀ ਨਾਟ-ਸ਼ਾਸਤਰ ਪੰਨਾ-16
20. D.W. Lucas, Aristotle Poetics, P- 279.

# ਇਤਿਹਾਸਕ ਨਾਵਲ: ਮਹਾਂਬਲੀ ਸੂਰਾ, ਵਾਲੁਹ ਨਿੱਕੀ ਅਤੇ ਕਾਲ ਕਥਾ ਦਾ ਤੁਲਨਾਤਮਕ ਅਧਿਐਨ / ਜਗਮੀਤ ਸਿੰਘ

ਸਾਹਿਤ ਅਤੇ ਇਤਿਹਾਸ ਦੋਵੇਂ ਮਨੁੱਖੀ ਜੀਵਨ ਨੂੰ ਆਪਣਾ ਆਧਾਰ ਬਣਾਉਂਦੇ ਹਨ। ਇਤਿਹਾਸ ਅਤੇ ਸਾਹਿਤ ਦੇ ਸੰਯੋਗ ਵੱਸ ਇਤਿਹਾਸਿਕ ਨਾਵਲ ਹੋਂਦ ਵਿੱਚ ਆਉਂਦਾ ਹੈ। ਪੰਜਾਬੀ ਨਾਵਲ ਦੀ ਸ਼ੁਰੂਆਤ ਇਤਿਹਾਸਿਕ ਨਾਵਲ ਨਾਲ ਹੁੰਦੀ ਹੈ। ਭਾਈ ਵੀਰ ਸਿੰਘ ਰਚਿਤ ਨਾਵਲ 'ਸੁੰਦਰੀ' ਇਤਿਹਾਸਕ ਬਿਰਤੀ ਦਾ ਨਾਵਲ ਹੈ। ਇਸ ਸਦਕਾ ਪੰਜਾਬੀ ਵਿਚ ਇਤਿਹਾਸਿਕ ਨਾਵਲ ਦੀ ਪਰੰਪਰਾ ਦਾ ਮੁੱਢ ਪੰਜਾਬੀ ਨਾਵਲ ਦੀ ਪੈਦਾਇਸ਼ ਤੋਂ ਹੀ ਬੱਝ ਜਾਂਦਾ ਹੈ। ਪੰਜਾਬੀ ਦੇ ਬਹੁਤ ਸਾਰੇ ਨਾਵਲਕਾਰਾਂ ਨੇ ਆਪੋ-ਆਪਣੇ ਰਚਨਾਕਾਲ ਵਿਚ ਵੱਖ-ਵੱਖ ਇਤਿਹਾਸਿਕ ਸਮਿਆਂ ਨੂੰ ਲੈ ਕਿ ਇਤਿਹਾਸਿਕ ਨਾਵਲਾਂ ਦੀ ਸਿਰਜਣਾ ਕੀਤੀ ਗਈ ਹੈ। ਇਸ ਕੜੀ ਵਿੱਚ ਹੀ ਕਰਨਲ ਨਰਿੰਦਰਪਾਲ ਸਿੰਘ, ਮਨਮੋਹਨ ਬਾਵਾ ਅਤੇ ਬਲਦੇਵ ਸਿੰਘ, ਪੰਜਾਬੀ ਇਤਿਹਾਸਿਕ ਨਾਵਲ ਪਰੰਪਰਾ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ। ਕਰਨਲ ਨਰਿੰਦਰਪਾਲ ਸਿੰਘ ਨੇ ਜਿੱਥੇ ਇਕ ਪਾਸੇ ਸਿੱਖ ਇਤਿਹਾਸ ਨੂੰ ਆਪਣੀ ਰਚਨਾਕਾਰੀ ਦਾ ਹਿੱਸਾ ਬਣਾਇਆ ਹੈ, ਉਥੇ ਦੂਜੇ ਪਾਸੇ ਉਸ ਨੇ ਬਾਹਰੀ ਕੌਮਾਂ ਦੇ ਇਤਿਹਾਸ (ਰਾਜਪੂਤਾਂ) ਨੂੰ ਵੀ ਆਪਣੀ ਰਚਨਾਤਮਕਤਾ ਦਾ ਹਿੱਸਾ ਬਣਾਇਆ ਅਤੇ ਪੰਜਾਬੀ ਲੇਖਕਾਂ ਨੂੰ ਦੂਸਰੀ ਕੌਮਾਂ ਦੇ ਨਾਇਕਾ/ਇਤਿਹਾਸ ਨੂੰ ਆਪਣੀ ਲੇਖਣੀ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ। ਮਨਮੋਹਨ ਬਾਵਾ ਪ੍ਰੌੜ ਨਾਵਲਕਾਰ ਹੀ ਨਹੀਂ ਇਤਿਹਾਸਕਾਰ ਵੀ ਹੈ। ਉਹ ਕੇਵਲ ਆਪਣੀ ਜਾਤੀ ਜਾਂ ਸਮੁਦਾਇ ਦੇ ਇਤਿਹਾਸ ਨੂੰ ਹੀ ਨਹੀਂ ਬਲਕਿ ਦੂਸਰੀ ਕੌਮ ਦੇ ਇਤਿਹਾਸ ਨੂੰ ਵੀ ਆਪਣੀ ਲੇਖਣੀ ਦਾ ਹਿੱਸਾ ਬਣਾਉਂਦਾ ਹੈ ਅਤੇ ਸੰਪਰਦਾਇਕ ਜਾਂ ਬਸਤੀਵਾਦੀ ਇਤਿਹਾਸਕਾਰਾਂ ਦੁਆਰਾ ਲਿਖੇ ਇਤਿਹਾਸ ਨੂੰ ਕਾਂਟੇ ਹੇਠ ਲੈਂਦਾ ਹੈ। ਇਸ ਦੇ ਨਾਲ ਹੀ ਬਲਦੇਵ ਸਿੰਘ ਸੜਕਨਾਮਾ ਜਿੱਥੇ ਪੰਜਾਬ ਦੇ ਹੋਰਾਂ ਮਸਲਿਆਂ, ਖਾਸ ਤੌਰ ਉੱਪਰ ਕਿਸਾਨੀ ਜੀਵਨ ਯਥਾਰਥ ਨੂੰ ਆਪਣੀ ਰਚਨਾਕਾਰੀ ਵਿੱਚ ਪੇਸ਼ ਕਰਕੇ ਪੰਜਾਬੀ ਨਾਵਲ ਵਿੱਚ ਆਪਣਾ ਪ੍ਰਵੇਸ਼ ਕਰਦਾ ਹੈ, ਉੱਥੇ ਉਹ ਵਰਤਮਾਨ ਸਮੇਂ ਪੰਜਾਬ ਦੇ ਇਤਿਹਾਸਕ ਅਤੇ ਲੋਕ ਨਾਇਕ ਪਾਤਰਾਂ ਨੂੰ ਆਪਣੀ ਸਿਰਜਨਾਤਮਕਤਾ ਦਾ ਅੰਗ ਬਣਾਉਂਦਾ ਹੋਇਆ ਇਤਿਹਾਸਕ ਨਾਵਲਾਂ ਦੀ ਸਿਰਜਣਾ ਕਰਨ ਵਿੱਚ ਮਸ਼ਰੂਫ ਹੈ। ਇਸ ਪੇਪਰ ਵਿੱਚ ਉਕਤ ਤਿੰਨਾਂ ਨਾਵਲਕਾਰਾਂ ਦੇ ਵਾਲੁਹ ਨਿੱਕੀ, ਮਹਾਂਬਲੀ ਸੂਰਾ ਅਤੇ ਕਾਲ ਕਥਾ ਨਾਵਲਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ।

ਕਰਨਲ ਨਰਿੰਦਰਪਾਲ ਸਿੰਘ ਆਪਣੇ ਨਾਵਲ 'ਵਾਲਹੁ ਨਿੱਕੀ' ਵਿੱਚ ਅਠਵੀਂ ਸਦੀ, ਬਲਦੇਵ ਸਿੰਘ 'ਮਹਾਂਬਲੀ ਸੂਰਾ' ਵਿੱਚ ਇਤਿਹਾਸਿਕ ਨਾਇਕ ਬੰਦਾ ਸਿੰਘ ਬਹਾਦਰ ਅਤੇ ਮਨਮੋਹਨ ਬਾਵਾ 'ਕਾਲ ਕਥਾ' ਨਾਵਲ ਵਿੱਚ ਦਸਵੀਂ ਸਦੀ ਦੇ ਅੰਤ ਅਤੇ ਗਿਆਰਵੀਂ ਸਦੀ ਦੇ ਮੁੱਢਲੇ ਇਤਿਹਾਸ ਨੂੰ ਆਪਣੀ ਨਾਵਲਕਾਰੀ ਦਾ ਹਿੱਸਾ ਬਣਾਉਂਦਾ ਹੈ। ਕਰਨਲ ਨਰਿੰਦਰਪਾਲ ਸਿੰਘ ਅਤੇ ਬਲਦੇਵ ਸਿੰਘ ਇਹਨਾਂ ਨਾਵਲਾਂ ਵਿਚ ਜਿੱਥੇ ਆਪਣੇ ਜਾਤੀ/ਸੰਪਰਦਾਇ ਦੇ ਇਤਿਹਾਸ ਨੂੰ ਆਪਣੀ ਲੇਖਣੀ ਦੀ ਰਚਨਾ ਵਸਤੂ ਬਣਾਉਂਦੇ ਹਨ ਉੱਥੇ ਮਨਮੋਹਨ ਬਾਵਾ ਆਪਣੇ ਨਾਵਲ ਕਾਲ ਕਥਾ ਵਿਚ ਦੂਸਰੇ ਤਬਕੇ ਦੇ ਇਤਿਹਾਸ/ਇਤਿਹਾਸਿਕ ਪਾਤਰ ਨੂੰ ਆਪਣੀ ਸਿਰਜਣਸ਼ੀਲਤਾ ਦਾ ਅੰਗ ਬਣਾਉਂਦਾ ਹੈ। ਇਹਨਾਂ ਤਿੰਨਾਂ ਨਾਵਲਾਂ ਵਿੱਚ ਨਾਵਲਕਾਰਾਂ ਦੀ ਇਤਿਹਾਸ ਪ੍ਰਤੀ ਸਮਝ ਅਤੇ ਪਹੁੰਚ ਵੱਖੋ ਵੱਖਰੀ ਹੈ। ਇਹਨਾਂ ਨਾਵਲਕਾਰਾਂ ਵੱਲੋਂ ਨਾਵਲ ਦੀ ਸ਼ੁਰੂਆਤ ਵਿੱਚ ਇਸ ਗੱਲ ਦਾ ਦਾਅਵਾ ਕੀਤਾ ਗਿਆ ਹੈ ਕਿ ਉਹਨਾਂ ਨੇ ਸਥਾਪਿਤ ਇਤਿਹਾਸ ਦੇ ਉਲਟ ਇਤਿਹਾਸਿਕ ਬਿਰਤਾਂਤ ਦੀ ਸਿਰਜਨਾ ਕੀਤੀ ਹੈ। ਇਤਿਹਾਸਕ ਨਾਵਲਾਂ ਦੀ ਸਿਰਜਨਾ ਕਰਨ ਸਮੇਂ ਨਾਵਲਕਾਰ ਨਰਿੰਦਰਪਾਲ ਸਿੰਘ ਪ੍ਰਚਲਿਤ ਇਤਿਹਾਸ ਬਾਰੇ ਟਿੱਪਣੀ ਕਰਦਾ ਹੈ ਕਿ

"ਸੱਚ ਤਾਂ ਇਹ ਹੈ ਕਿ ਪੰਜਾਬੀ ਵਿੱਚ ਰਚਿਤ ਸਿੱਖ ਇਤਿਹਾਸ ਦੀਆਂ ਕਿਤਾਬਾਂ ਗੰਭੀਰ ਇਤਿਹਾਸ ਦੇ ਮੁਕਾਬਲੇ ਵਿੱਚ ਕਾਇਦੇ ਵਾਂਗ ਹਨ ਤੇ ਮੇਰੇ ਦਾਈਏ ਬੜੇ ਬੁਲੰਦ ਸਨ"1

ਇਸ ਤਰਾਂ ਹੀ ਬਲਦੇਵ ਸਿੰਘ ਟਿੱਪਣੀ ਕਰਦੇ ਹਨ,

"ਸਾਡੇ ਇਤਿਹਾਸ ਦਾ, ਖਾਸ ਕਰਕੇ ਸਿੱਖ ਇਤਿਹਾਸ ਦਾ, ਇਹ ਦੁਖਾਂਤ ਰਿਹਾ ਹੈ ਕਿ ਕੁਝ ਸਿੱਖ ਇਤਿਹਾਸਕਾਰਾਂ ਨੇ ਸ਼ਰਧਾ ਵਸ ਜਾਂ ਆਪਣੇ ਨਿੱਜੀ ਹਿੱਤਾਂ ਲਈ ਉਲਾਰ ਹੋ ਕੇ ਸੁਹਿਰਦਤਾ ਨਾਲ ਸੱਚ ਦੀ ਖੋਜ ਦਾ ਰਾਹ ਨਹੀਂ ਅਪਣਾਇਆ। ਮੈਂ ਆਪਣੇ ਨਿਮਾਣੇ ਜਿਹੇ ਯਤਨ ਨਾਲ ਵਿਗਿਆਨਿਕ ਪਹੁੰਚ ਅਪਣਾਉਂਦਿਆਂ ਉਹੀ ਬਿਆਨ ਕੀਤਾ ਹੈ ਜੋ ਮੈਨੂੰ ਸੱਚ ਦੇ ਵਧੇਰੇ ਨੇੜੇ ਜਾਪਿਆ।"2

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਨਾਵਲਕਾਰਾਂ ਦੀ ਸਥਾਪਤ ਇਤਿਹਾਸ ਬਾਰੇ ਪਹੁੰਚ ਇਕ ਸਮਾਨ ਹੈ। ਨਾਵਲਕਾਰਾਂ ਅਨੁਸਾਰ ਉਹਨਾਂ ਵੱਲੋਂ ਸਿਰਜਿਆ ਨਾਵਲੀ ਜੀਵੰਤ ਇਤਿਹਾਸ ਵਸਤੂ ਮੁਖੀ ਦ੍ਰਿਸ਼ਟੀ ਤੋਂ ਉਸਾਰਿਆ ਗਿਆ ਹੈ।

ਇਹਨਾਂ ਨਾਵਲਕਾਰਾਂ ਦੀ ਇਤਿਹਾਸ ਨੂੰ ਸਮਝਣ, ਪਰਖਣ ਅਤੇ ਪ੍ਰਗਟਾਉਣ ਦੀ ਵਿਧੀ ਵੱਖੋ ਵੱਖਰੀ ਹੈ। ਗੰਭੀਰ ਰੂਪ ਵਿੱਚ ਵਾਚਦਿਆਂ ਅਸੀਂ ਦੇਖਦੇ ਹਾਂ ਕਿ ਮਨਮੋਹਨ ਬਾਵਾ ਵਧੇਰੇ ਵਸਤੂ ਮੁੱਖ ਹੈ। ਮਨਮੋਹਨ ਬਾਵਾ ਦੇ ਸਮਾਂਨਤਰ ਬਲਦੇਵ ਸਿੰਘ ਅਤੇ ਨਰਿੰਦਰਪਾਲ ਸਿੰਘ ਇਤਿਹਾਸ ਨੂੰ ਉਸ ਦੇ ਬਹੁਮੁਖੀ ਪ੍ਰਸੰਗਾਂ ਵਿੱਚ ਸਮਝਣ ਅਤੇ ਉਸਨੂੰ ਬਹੁਮੁਖੀ ਹਾਲਾਤਾਂ ਵਿੱਚ ਸਿਰਜਣ ਤੋਂ ਅਸਮਰੱਥ ਨਜ਼ਰ ਆਉਂਦੇ ਹਨ। ਬਲਦੇਵ ਸਿੰਘ ਅਤੇ ਨਰਿੰਦਰਪਾਲ ਸਿੰਘ ਆਪਣੇ ਨਾਵਲਾਂ

ਵਿੱਚ ਇਤਿਹਾਸ ਨੂੰ ਉਹਨਾਂ ਦੇ ਬਹੁਮੁਖੀ ਹਲਾਤਾਂ/ਪਰਿਸਥਿਤੀਆ ਵਿੱਚੋ ਸਿਰਜਨ ਦੀ ਬਜਾਇ ਇਕਹਿਰੀ ਦ੍ਰਿਸ਼ਟੀ ਦੇ ਨਾਲ ਸਿਰਜਦੇ ਨਜ਼ਰੀ ਆਉਂਦੇ ਹਨ। ਹਾਲਾਂਕਿ ਭੂਮਿਕਾ ਵਿੱਚ ਲੇਖਕਾਂ ਦੀ ਦਾਅਵੇਦਾਰੀ ਸੁਚੇਤ ਰੂਪ ਇਤਿਹਾਸ ਨੂੰ ਇਤਿਹਾਸਕ ਪ੍ਰਸੰਗਾਂ ਦੇ ਵਿੱਚ ਰੱਖ ਕੇ ਪੇਸ਼ ਕਰਨ ਦੀ ਹੈ। ਪਰ ਲੇਖਕ ਨਾਵਲੀ ਸੰਸਾਰ ਦੀ ਨਿਰਮਾਣਕਾਰੀ ਸਮੇਂ ਉਸੇ ਹੀ ਇਤਿਹਾਸਕਾਰੀ ਦਾ ਪਿਛਲੱਗ ਹੋ ਜਾਂਦਾ ਹੈ ਜਿਸ ਦਾ ਉਹ ਭੂਮਿਕਾ ਵਿੱਚ ਦਿੱਤੀ ਟਿੱਪਣੀ ਰਾਹੀਂ ਵਿਰੋਧ ਕਰਦਾ ਹੈ। ਨਾਵਲਕਾਰ ਬਲਦੇਵ ਸਿੰਘ ਆਪਣੇ ਨਾਵਲ "ਮਹਾਂਬਲੀ ਸੂਰਾਂ' ਵਿੱਚ ਨਾਇਕ ਬੰਦਾ ਸਿੰਘ ਬਹਾਦਰ ਨੂੰ ਉਸ ਦੇ ਇਤਿਹਾਸਿਕ ਪ੍ਰਸੰਗਾਂ/ਪਰਿਸਥਿਤੀਆਂ ਵਿੱਚੋਂ ਉਸਰਦਾ ਨਹੀਂ ਦਿਖਾਉਂਦਾ ਬਲਕਿ ਨਾਵਲੀ ਬਿਰਤਾਂਤ ਦੀ ਸਿਰਜਣਾ ਸਮੇਂ ਉਹ ਸੁਚੇਤ ਰੂਪ ਵਿੱਚ ਅਜਿਹੀਆਂ ਪ੍ਰਸਥਿਤੀਆਂ ਉਸਾਰਦਾ ਪ੍ਰਤੀਤ ਹੁੰਦਾ ਹੈ, ਜਿਨ੍ਹਾਂ ਵਿਚੋਂ ਬੰਦਾ ਸਿੰਘ ਬਹਾਦਰ ਦਾ ਇਕ ਨਾਇਕ ਵਜੋਂ ਉਭਾਰ ਪੇਸ਼ ਹੁੰਦਾ ਹੈ। ਇਸ ਤਰਾਂ ਬੰਦਾ ਸਿੰਘ ਬਹਾਦਰ ਦਾ ਮਹਾਂਬਲੀ ਰੂਪ ਜ਼ਮੀਨ ਤੋਂ ਟੁੱਟਿਆ ਪ੍ਰਤੀਤ ਹੁੰਦਾ ਹੈ। ਇਸੇ ਤਰਾਂ ਹੀ ਨਰਿੰਦਰਪਾਲ ਸਿੰਘ ਆਪਣੇ ਨਾਵਲ 'ਵਾਲਹੁ ਨਿੱਕੀ' ਵਿੱਚ ਸਿੱਖ ਲਹਿਰ ਨੂੰ ਉਸ ਦੀਆਂ ਇਤਿਹਾਸਿਕ ਪਰਿਸਥਿਤੀਆ ਵਿੱਚੋਂ ਸਿਰਜਿਤ ਹੁੰਦਿਆਂ ਨਹੀਂ ਵਿਖਾਉਂਦਾ। ਉਹ ਉਹਨਾਂ ਸਾਰੀਆਂ ਸਮਾਜਕ, ਰਾਜਨੀਤਿਕ, ਧਾਰਮਿਕ ਅਮਾਨਵੀ ਵਿਵਸਥਾ ਦੇ ਵਸਤੂ ਯਥਾਰਥ ਦੀ ਸਿਰਜਨਾ ਕਰਨ ਦੀ ਬਜਾਇ ਇਸ ਨੂੰ ਕੇਵਲ ਅੰਮ੍ਰਿਤ ਪਾਨ ਵਿੱਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਦਿਖਾ ਦਿੰਦਾ ਹੈ। ਇਸ ਸਥਿਤੀ ਵਿੱਚ ਸਿੱਖ ਲਹਿਰ ਆਪਣੇ ਯਥਾਰਥੀ ਹਾਲਾਤਾਂ ਦੀ ਉਪਜ ਨਹੀਂ ਰਹਿੰਦੀ ਬਲਕਿ ਲੇਖਕ ਦੀ ਇਕਹਿਰੀ ਇਤਿਹਾਸਿਕ ਦ੍ਰਿਸ਼ਟੀ ਦਾ ਨਤੀਜਾ ਜਾਪਦੀ ਹੈ। ਡਾ. ਸੁਰਜੀਤ ਸਿੰਘ ਆਪਣੇ ਪੇਪਰ ਵਿੱਚ ਇਤਿਹਾਸਿਕ ਦ੍ਰਿਸ਼ਟੀ ਦੇ ਪ੍ਰਸੰਗ ਵਿੱਚ ਲਿਖਦੇ ਹਨ ਕਿ "ਜਦੋਂ ਗਲਪ ਵਿੱਚ ਇਤਿਹਾਸਿਕ ਯਥਾਰਥ ਪ੍ਰਤੀ ਇਕਹਿਰੀ ਪਹੁੰਚ ਅਪਣਾਈ ਜਾਂਦੀ ਹੈ ਤਾਂ ਇਤਿਹਾਸਿਕ ਗਲਪ ਦੇ ਬਿਰਤਾਂਤ ਵਿੱਚ ਸਮਾਈ ਇਤਿਹਾਸਕਾਰੀ ਸਾਖੀ ਸਾਹਿਤ ਦੀ ਇਤਿਹਾਸਕਾਰੀ ਦੇ ਸਮਾਨ ਬਣ ਜਾਂਦੀ ਹੈ।"3 ਇਸ ਤਰਾਂ ਨਾਵਲਕਾਰ ਇਤਿਹਾਸਕ ਪਰਿਸਥਿਤੀਆ ਨੂੰ ਉਹਨਾਂ ਦੇ ਕਠੋਰ ਇਤਿਹਾਸਕ ਹਲਾਤਾਂ ਵਿੱਚ ਸਿਰਜਨ ਦੀ ਬਜਾਇ ਕਮਜ਼ੋਰ ਇਤਿਹਾਸਕ ਵਿਸ਼ਲੇਸ਼ਣ ਵਿੱਚੋਂ ਉਪਜੀ ਸਮਝ ਵਿੱਚੋਂ ਨਾਵਲੀ ਕਥਾ ਦੀ ਸਿਰਜਨਾ ਕਰਦੇ ਹਨ, ਜਿਸ ਵਿੱਚੋ ਸਾਪੇਖ ਇਤਿਹਾਸ ਦੀ ਝਲਕ ਦਿੱਖਦੀ ਹੈ।

ਬਲਦੇਵ ਸਿੰਘ ਸੜਕਨਾਮਾ ਆਪਣੇ ਨਾਵਲ 'ਮਹਾਂਬਲੀ ਸੂਰਾ' ਵਿੱਚ ਕੇਵਲ ਪਰਿਸਥਿਤੀਆ ਨੂੰ ਹੀ ਨਹੀਂ ਬਲਕਿ ਨਾਵਲ ਦੇ ਗੌਣ ਕਿਰਦਾਰਾਂ ਦੀ ਸਿਰਜਣਾ ਵੀ ਬੰਦਾ ਸਿੰਘ ਬਹਾਦਰ ਨੂੰ ਮਹਾਂਬਲੀ ਨਾਇਕ ਵਜੋਂ ਪੇਸ਼ ਕਰਨ ਲਈ ਕਰਦਾ ਹੈ। ਇਸ ਸਥਿਤੀ ਵਿੱਚ ਗੌਣ ਪਾਤਰ ਕੇਵਲ ਬੰਦਾ ਸਿੰਘ ਬਹਾਦਰ ਦੇ ਕਿਰਦਾਰ ਨੂੰ ਘੜਨ ਦੇ ਸਾਧਨ ਮਾਤਰ ਨਜ਼ਰੀਂ ਆਉਂਦੇ ਹਨ। ਨਾਵਲ ਵਿੱਚ ਬਿਨੋਦ ਸਿੰਘ, ਬਾਜ਼ ਸਿੰਘ, ਬਹਾਦਰ ਸ਼ਾਹ, ਵਜ਼ੀਰ ਖਾਂ ਦਾ ਇਤਿਹਾਸਿਕ ਕਿਰਦਾਰ ਉਹਨਾਂ ਦੇ ਇਤਿਹਾਸਿਕ ਹਾਲਾਤਾਂ ਦੀ ਪੈਦਾਇਸ਼ ਨਹੀਂ ਬਲਕਿ ਬੰਦਾ ਸਿੰਘ ਬਹਾਦਰ ਦੇ ਬਹਾਦਰੀ ਦੇ ਨਾਇਕਤਾ ਨੂੰ ਉਗਾੜਨ ਲਈ ਘੜਿਆ ਪ੍ਰਤੀਤ ਹੁੰਦਾ ਹੈ। ਇਸ ਸਥਿਤੀ ਵਿੱਚ ਜਦੋਂ ਨਰਿੰਦਰਪਾਲ ਸਿੰਘ ਅਤੇ ਮਨਮੋਹਨ ਬਾਵਾ ਨੂੰ ਵਿਚਾਰਦੇ ਹਾਂ ਤਾਂ ਉਹ ਬਲਦੇਵ ਸਿੰਘ ਨਾਲੋਂ ਆਪਣੀ ਵਿੱਥ ਸਥਾਪਤ ਕਰਦੇ ਹਨ। ਬੇਸ਼ੱਕ ਮਨਮੋਹਨ ਬਾਵਾ ਤੇ ਨਰਿੰਦਰਪਾਲ ਸਿੰਘ ਵੀ ਉਕਤ ਵਿਵਰਨ ਤੋਂ ਮੁਕਤ ਨਹੀਂ ਪਰ ਉਹਨਾਂ ਦੀ ਸਿਰਜਣਕਾਰੀ ਵਿੱਚ ਇਹ ਦੋਸ਼ ਭਾਰੂ ਰੂਪ ਵਿੱਚ ਨਹੀਂ ਹੈ। ਨਾਵਲਕਾਰ ਮਨਮੋਹਨ ਬਾਵਾ ਇਤਿਹਾਸਿਕ ਨਾਇਕ ਆਨੰਦਪਾਲ ਨੂੰ ਸਿਰਜਦਾ ਹੋਇਆ ਉਸ ਦੀ ਪਤਨੀ ਦੇ ਪਾਤਰ ਨੂੰ ਉਸ ਦੀਆਂ ਇਤਿਹਾਸਕ ਵਸਤੂ-ਸਥਿਤੀਆਂ ਦੇ ਅਨੁਸਾਰ ਨਹੀਂ ਸਿਰਜਦਾ। ਉਸ ਦੀ ਪਤਨੀ ਮਹਾਂ ਮਾਇਆ ਦਾ ਕਿਰਦਾਰ ਆਨੰਦਪਾਲ ਦੇ ਬਿੰਬ ਨੂੰ ਆਦਰਸ਼ਕ ਬਣਾਉਣ ਲਈ ਸਿਰਜਿਆ ਪ੍ਰਤੀਤ ਹੁੰਦਾ ਹੈ। ਆਨੰਦਪਾਲ ਦੀ ਪਤਨੀ ਦਾ ਕਿਰਦਾਰ ਨਾਵਲੀ ਪਾਤਰਾਂ ਦੇ ਆਪਸੀ ਸੰਵਾਦ ਵਿੱਚੋਂ ਉਸਰਦਾ ਹੈ ਤੇ ਉਸ ਦੀ ਆਪਣੀ ਸਪੇਸ ਨਾਵਲੀ ਬਿਰਤਾਂਤ ਵਿੱਚ ਨਾ ਮਾਤਰ ਹੈ। ਇਸ ਤਰਾਂ ਬੇਸ਼ੱਕ ਮਨਮੋਹਨ ਬਾਵਾ ਦਾ ਨਾਵਲੀ ਬਿਰਤਾਂਤ ਵੀ ਬਲਦੇਵ ਸਿੰਘ ਦੀ ਨਾਵਲਕਾਰੀ ਦਾ ਰੁਖ ਧਾਰਦਾ ਪ੍ਰਤੀਤ ਹੁੰਦਾ ਹੈ ਪਰ ਇਹ ਬਾਵਾ ਦੀ ਰਚਨਾਕਾਰੀ ਦਾ ਇਕ ਅੰਸ਼ਿਕ ਹਿੱਸਾ ਹੈ। ਇਸ ਤਰ੍ਹਾਂ ਹੀ ਮਨਮੋਹਨ ਬਾਵਾ 'ਕਾਲ ਕਥਾ' ਨਾਵਲ ਦੇ ਇਕ ਹੋਰ ਅਹਿਮ ਪਾਤਰ ਮਹਿਮੂਦ ਗਜ਼ਨਵੀ ਦੇ ਕਿਰਦਾਰ ਨੂੰ ਸਥਾਪਿਤ ਸੰਪਰਦਾਇਕ ਇਤਿਹਾਸਕਾਰੀ ਵਿਚਲੇ ਬਿਰਤਾਂਤ ਤੋਂ ਵੱਖਰਾ ਸਿਰਜਨ ਦਾ ਇਛੁੱਕ ਹੈ। ਇਸ ਪ੍ਰਯੋਜਨ ਦੀ ਪੂਰਤੀ ਹਿੱਤ ਗਜ਼ਨਵੀ ਦੇ ਹਰ ਚੰਗੇ ਜਾਂ ਮਾੜੇ ਕਰਮ ਦੇ ਸਮਾਨੰਤਰ ਕਾਰਨ ਦੀ ਸਿਰਜਣਾ ਕੀਤੀ ਗਈ ਹੈ, ਜਿਸ ਸਦਕਾ ਗਜ਼ਨਵੀ ਦੇ ਅਨਿਆਏ ਨੂੰ ਜਾਇਤਾ ਪ੍ਰਦਾਨ ਕਰਨ ਦੀ ਰੁਚੀ ਉਜਾਗਰ ਹੋ ਜਾਂਦੀ ਹੈ। ਇਸ ਸਥਿਤੀ ਵਿੱਚ ਨਾਵਲਕਾਰ ਆਦਰਸ਼ਵਾਦੀ ਪਹੁੰਚ ਦਾ ਸ਼ਿਕਾਰ ਨਜ਼ਰੀ ਆਉਂਦੇ ਹਨ। ਕਰਨਲ ਨਰਿੰਦਰਪਾਲ ਆਪਣੇ ਇਤਿਹਾਸਿਕ ਪਾਤਰਾਂ ਦੀ ਘਾੜਨਾ ਸਮੇਂ ਉਹਨਾਂ ਨੂੰ ਵਸਤੂ-ਮੂਲਕ ਹਾਲਾਤਾਂ ਵਿੱਚ ਸਿਰਜਦਾ ਹੈ ਜਿਸ ਕਰਕੇ ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਵਰਗੇ ਪਾਤਰ ਧਾਰਮਿਕ/ਸੰਪਰਦਾਇਕ ਬਿਰਤੀ ਦੀ ਉਪਜ ਪ੍ਰਤੀਤ ਨਹੀਂ ਲੱਗਦੇ ਬਲਕਿ ਵਿਸ਼ੇਸ਼ ਇਤਿਹਾਸਿਕ ਪਰਿਸਥਿਤੀਆ ਦੀ ਉਪਜ ਲੱਗਦੇ ਹਨ। ਪਰ ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜੰਗੀ ਬਿਰਤਾਂਤ ਸਮੇਂ ਕਰਨਲ ਨਰਿੰਦਰਪਾਲ ਸਿੰਘ ਦੀ ਸਿਰਜਣਸ਼ੀਲਤਾ ਵਿਚ ਉਲਾਰਤਾ ਝਲਕਦੀ ਹੈ, ਜਿਸ ਕਰਕੇ ਉਹ ਵਰਗ ਵਿਸ਼ੇਸ਼ ਨੂੰ ਇਤਿਹਾਸਿਕ ਵਸਤੂ ਸਥਿਤੀਆਂ ਵਿੱਚ ਨਹੀਂ ਸਿਰਜਦਾ ਬਲਕਿ ਉਨਾਂ ਪ੍ਰਤੀ ਵਿਸ਼ੇਸ਼ ਉਲਾਰਮਈ

ਬਿਰਤੀ ਅਪਣਾ ਲੈਂਦਾ ਹੈ। ਇੱਥੇ ਇਹ ਗੱਲ ਧਿਆਨਯੋਗ ਹੈ ਕਿ ਜਿੱਥੇ ਨਰਿੰਦਰਪਾਲ ਅਤੇ ਮਨਮੋਹਨ ਬਾਵਾ ਇਸ ਤਰੁੱਟੀ ਦੇ ਅੰਸ਼ਕਿ ਸ਼ਿਕਾਰ ਹਨ, ਉਥੇ ਬਲਦੇਵ ਸਿੰਘ ਸੜਕਨਾਮਾ ਆਪਣੀ ਰਚਨਾਕਾਰੀ ਵਿਚ ਇਸਦਾ ਭਾਰੀ ਮਾਤਰਾ ਵਿਚ ਸ਼ਿਕਾਰ ਹੈ। ਇਸ ਦਾ ਇਹ ਵੀ ਮਤਲਬ ਨਹੀਂ ਹੈ ਕਿ ਇਹ ਨਾਵਲਕਾਰ ਸਥਾਪਤ ਇਤਿਹਾਸਕ ਬਿਰਤਾਂਤ ਦੇ ਅਨੁਯਾਈ ਹੀ ਨਜ਼ਰੀ ਆਉਂਦੇ ਹਨ ਬਲਕਿ ਨਾਵਲਕਾਰ ਸਥਾਪਤ ਲੋਕ ਚੇਤਨਾ ਵਿੱਚ ਵੱਸੇ ਬਿੰਬਾਂ ਨੂੰ ਵਿਖੰਡਤ ਵੀ ਕਰਦੇ ਹਨ। ਇਹ ਨਾਵਲਕਾਰ ਜਿੱਥੇ ਆਪਣੇ ਪਾਤਰਾਂ ਨੂੰ ਨਾਇਕ ਰੂਪ ਵਿੱਚ ਪੇਸ਼ ਕਰਕੇ ਉਹਨਾਂ ਦੇ ਸਥਾਪਿਤ ਬਿੰਬ ਨੂੰ ਤੋੜਦੇ ਹਨ, ਉਥੇ ਉਹਨਾਂ ਦਾ ਉਲਾਰਮਈ ਰੂਪ ਵਿੱਚ ਜ਼ਿਕਿਰ ਉਹਨਾਂ ਦੇ ਸਥਾਪਿਤ ਬਿੰਬ ਨੂੰ ਹੋਰ ਪਕੇਰਾ ਕਰਦਾ ਹੈ।

ਕਲਪਨਾ ਸਾਹਿਤ ਦਾ ਅਟੁੱਟ ਅੰਗ ਹੈ। ਇਤਿਹਾਸਿਕ ਨਾਵਲ ਵਿੱਚ ਨਾਵਲਕਾਰ ਕਲਪਨਾ ਦੀ ਬਦੌਲਤ ਨਾਵਲੀ ਬਿਰਤਾਂਤ ਘੜਦੇ ਹਨ ਅਤੇ ਇਤਿਹਾਸਿਕ ਸੱਚ ਦੀ ਸਿਰਜਣਾ ਕਰਦੇ ਹਨ। ਬਲਦੇਵ ਸਿੰਘ, ਨਰਿੰਦਰਪਾਲ ਸਿੰਘ ਅਤੇ ਮਨਮੋਹਨ ਬਾਵਾ ਨਾਵਲਕਾਰਾਂ ਨੇ ਵੀ ਇਤਿਹਾਸਿਕ ਸੱਚ ਨੂੰ ਉਜਾਗਰ ਕਰਨ ਹਿੱਤ ਕਲਪਨਾ ਦਾ ਸਹਾਰਾ ਲਿਆ ਹੈ। ਨਾਵਲਕਾਰ ਦੀ ਨਾਵਲਕਾਰੀ ਵਿੱਚ ਇਹ ਕਲਪਨਾ ਇਤਿਹਾਸਿਕ ਸੱਚ ਨੂੰ ਘੜਨ ਵਿੱਚ ਯੋਗਦਾਨ ਪਾਉਂਦੀ ਹੈ। ਨਰਿੰਦਰਪਾਲ ਸਿੰਘ, ਬਲਦੇਵ ਸਿੰਘ ਅਤੇ ਮਨਮੋਹਨ ਬਾਵਾ ਇਤਿਹਾਸਿਕ ਸੱਚ ਨੂੰ ਸਮੱਗਰ ਰੂਪ ਵਿੱਚ ਪੇਸ਼ ਕਰਨ ਲਈ ਜਿਹਨਾਂ ਕਾਲਪਨਿਕ ਪਾਤਰਾਂ ਦੀ ਸਿਰਜਣਾ ਕਰਦੇ ਹਨ, ਉਹ ਪਾਤਰ ਤਤਕਾਲੀ ਇਤਿਹਾਸਿਕ ਸਥਿਤੀਆਂ ਦੇ ਯਥਾਰਥ ਨੂੰ ਪਾਠਕ ਦੇ ਰੂ-ਬ-ਰੂ ਕਰਵਾਉਂਦੇ ਹਨ। ਨਰਿੰਦਰਪਾਲ ਸਿੰਘ, ਬਲਦੇਵ ਸਿੰਘ ਅਤੇ ਮਨਮੋਹਨ ਬਾਵਾ ਦੁਆਰਾ ਸਿਰਜੇ ਕਾਲਪਨਿਕ ਇਤਿਹਾਸਿਕ ਪਾਤਰ ਜਿਵੇਂ ਤਿਲਕ, ਸੂਰਪ੍ਰਭਾ, ਸ਼ਾਹਬਾਜ, ਜ਼ਾਬਾਜ਼ ਆਦਿ ਇਤਿਹਾਸਿਕ ਸੱਚ ਨੂੰ ਪੇਸ਼ ਕਰਦੇ ਹਨ। ਇਹ ਇਤਿਹਾਸਿਕ ਸੱਚ ਪਾਠਕ ਦੇ ਅੰਦਰਲੇ ਸਥਾਪਿਤ ਇਤਿਹਾਸਕ ਸੱਚ ਉੱਤੇ ਪ੍ਰਸ਼ਨ ਚਿੰਨ ਲਗਾਉਂਦਾ ਹੈ। ਪਰ ਇਹਨਾਂ ਤਿੰਨਾਂ ਨਾਵਲਕਾਰਾਂ ਵਿੱਚੋਂ ਬਲਦੇਵ ਸਿੰਘ ਨਾਵਲੀ ਬਿਰਤਾਂਤ ਦੀ ਸਿਰਜਨਾ ਕਰਦਿਆਂ ਕੁਝ ਇਕ ਥਾਵਾਂ ਉੱਤੇ ਅਤੀ ਕਲਪਨਾ ਦਾ ਸ਼ਿਕਾਰ ਹੋ ਜਾਂਦਾ ਹੈ। ਨਾਵਲਕਾਰ ਆਪਣੇ ਮਨ ਮਸਤਕ ਵਿੱਚ ਵਸਾਏ ਹੋਏ ਬੰਦਾ ਸਿੰਘ ਬਹਾਦਰ ਦੇ ਬਿੰਬ ਨੂੰ ਕਥਾ ਰੂਪ ਵਿੱਚ ਸਿਰਜਣ ਖਾਤਰ ਇਸ ਦੋਸ਼ ਦਾ ਸ਼ਿਕਾਰੀ ਹੋ ਨਿਬੜਦਾ ਹੈ। ਬਲਦੇਵ ਸਿੰਘ ਰਚਿਤ ਨਾਵਲੀ ਬਿਰਤਾਂਤ ਅਨੁਸਾਰ,


"ਰਾਤ ਦੇ ਜਿਸ ਪਹਿਰ ਖਾਲਸਾ ਫੌਜ ਕਿਲ੍ਹੇ ਅੰਦਰ ਦਾਖ਼ਲ ਹੋਈ, ਉਸ ਵੇਲੇ ਦੋ ਸੌ ਦੇ ਲਗਭਗ ਮੁਗਲ ਸਿਪਾਹੀ ਕਿਲੇ ਅੰਦਰ ਬੇਖ਼ਬਰ, ਬੇਫਿਕਰ, ਬੇਖੌਫ ਸੁੱਤੇ ਪਏ ਸਨ। ਬਾਜ ਸਿੰਘ ਨੇ ਲਲਕਾਰ ਕੇ ਉਹਨਾਂ ਨੂੰ ਜਗਾਇਆ, ਅੱਧੇ ਤਾਂ ਬੰਦਾ ਸਿੰਘ ਦਾ ਨਾਮ ਸੁਣ ਕੇ ਹੀ ਡਰ ਨਾਲ ਮਰ ਗਏ, ਬਾਕੀ ਸਿੰਘਾਂ ਨੇ ਝਟਕਾ ਦਿੱਤੇ।"4

ਇਸ ਸਥਿਤੀ ਵਿੱਚ ਨਾਵਲ ਵਿਚਲਾ ਬੰਦਾ ਸਿੰਘ ਬਹਾਦਰ ਦਾ ਕਿਰਦਾਰ ਇਤਿਹਾਸਿਕ ਸੱਚ 'ਤੇ ਖੜਾ ਪ੍ਰਤੀਤ ਨਹੀਂ ਹੁੰਦਾ ਬਲਕਿ ਪੇਤਲੇ ਇਤਿਹਾਸਿਕ ਵਿਸ਼ੇਸ਼ਣ ਦਾ ਸਿੱਟਾ ਪ੍ਰਤੀਤ ਹੁੰਦਾ ਹੈ। ਨਾਵਲਕਾਰ ਨਰਿੰਦਰਪਾਲ ਸਿੰਘ ਅਤੇ ਮਨਮੋਹਨ ਬਾਵਾ ਦੀ ਕਲਪਨਾ ਬਲਦੇਵ ਸਿੰਘ ਵਾਂਗ ਬੇਲਗ਼ਾਮ ਨਹੀਂ ਹੁੰਦੀ, ਬਲਕਿ ਉਹਨਾਂ ਦੀ ਕਲਪਨਾ ਬਿਰਤਾਂਤਕ ਲੋੜਾਂ ਦੇ ਅਨੁਸਾਰੀ ਢਲੀ ਪ੍ਰਤੀਤ ਹੁੰਦੀ ਹੈ। ਬਲਦੇਵ ਸਿੰਘ ਦੀ ਅਜਿਹੀ ਕਲਪਨਾ ਉਸ ਨੂੰ ਇਤਿਹਾਸਿਕ ਸੱਚ ਸਿਰਜਣ ਨੂੰ ਕੁਰਾਹੇ ਪਾਉਂਦੀ ਨਜ਼ਰ ਆਉਂਦੀ ਹੈ। ਇਸ ਸਥਿਤੀ ਵਿੱਚ ਨਾਵਲਕਾਰ ਸਥਾਪਤ ਮਿੱਥ ਨੂੰ ਵਿਖੰਡਿਤ ਕਰਨ ਦੀ ਥਾਂ ਉਸ ਨੂੰ ਅਨੁਕਰਨ ਰੂਪ ਵਿੱਚ ਸਥਾਪਿਤ ਕਰਨ ਦੇ ਰਾਹ ਪੈ ਜਾਂਦਾ ਹੈ।

ਨਾਵਲੀ ਸੰਸਾਰ ਨੇ ਗਲਪੀ ਕਥਾ ਰਾਹੀ ਆਪਣਾ ਅਸਿੱਸਤਵ ਗ੍ਰਹਿਣ ਕਰਨਾ ਹੁੰਦਾ ਹੈ। ਕਥਾ ਤੋਂ ਵਿਰਵਾਂ ਨਾਵਲ ਬੇਰਸ ਹੁੰਦਾ ਹੈ। ਨਾਵਲ ਸਿਰਜਨਾ ਸਮੇਂ ਕਥਾ ਦੇ ਨਾਲੋਂ ਨਾਲ ਵਰਣਨ ਦੀ ਵੀ ਵਿਸ਼ੇਸ਼ ਅਹਿਮੀਅਤ ਹੁੰਦੀ ਹੈ। ਪਰ ਵਰਣਨ ਦੀ ਬਹੁਤਾਤ ਇਤਿਹਾਸਿਕ ਨਾਵਲ ਨੂੰ ਸਾਹਿਤ ਦੇ ਘੇਰੇ ਵਿਚੋਂ ਕੱਢਕੇ ਇਤਿਹਾਸ ਦੇ ਅਨੁਸ਼ਾਸਨ ਦੇ ਘੇਰੇ ਵਿਚ ਲਿਜਾ ਖੜਾ ਕਰਦੀ ਹੈ। ਇਸ ਸਥਿਤੀ ਤੋਂ ਵਾਲਹੁ ਨਿੱਕੀ, ਮਹਾਂਬਲੀ ਸੂਰਾ ਅਤੇ ਕਾਲ ਕਥਾ ਨੂੰ ਵਾਚਦਿਆਂ ਦੇਖਦੇ ਹਾਂ ਕਿ ਬਲਦੇਵ ਸਿੰਘ ਅਤੇ ਮਨਮੋਹਨ ਬਾਵਾ ਦੀ ਨਰਿੰਦਰਪਾਲ ਸਿੰਘ ਦੇ ਮੁਕਾਬਲੇ ਪਕੜ ਪੀਡੀ ਹੈ। ਨਰਿੰਦਰ ਪਾਲ ਇਤਿਹਾਸ ਵਿਸ਼ਲੇਸ਼ਣ ਨੂੰ ਕਥਾ ਵਿੱਚ ਢਾਲਣ ਦੀ ਬਜਾਇ ਵਰਣਨ ਰੂਪ ਵਿੱਚ ਵਧੇਰੇ ਬਿਆਨ ਕਰਦਾ ਹੈ। ਉਹ ਕਥਾ ਸਿਰਜਣ ਦੀ ਬਜਾਏ ਨਾਵਲਕਾਰੀ ਵਿੱਚ ਇਤਿਹਾਸ ਦਰਜ ਕਰਨ ਲੱਗ ਜਾਂਦਾ ਹੈ ਅਤੇ ਉਸ ਨੂੰ ਕਥਾ ਦੇ ਰੂਪ ਵਿੱਚ ਢਾਲ ਕੇ ਪੇਸ਼ ਕਰਨ ਤੋਂ ਬੇਮੁਖ ਹੋ ਜਾਂਦਾ ਹੈ। ਬਲਦੇਵ ਸਿੰਘ ਵੀ ਜਦੋਂ ਸ਼ਿਵਾਜੀ ਅਤੇ ਗੁਰੂ ਗੋਬਿੰਦ ਸਿੰਘ ਨਾਲ ਬੰਦਾ ਸਿੰਘ ਬਹਾਦਰ ਦੇ ਪ੍ਰਸੰਗ ਨੂੰ ਨਾਵਲ ਵਿੱਚ ਪੇਸ਼ ਕਰਦਾ ਹੈ ਤਾਂ ਉਹ ਵਰਣਨ ਦਾ ਸ਼ਿਕਾਰੀ ਹੋ ਜਾਂਦਾ ਹੈ। ਇਸ ਦੇ ਮੁਕਾਬਲੇ ਮਨਮੋਹਨ ਬਾਵਾ ਉਪਰੋਕਤ ਦੋਵਾਂ ਲੇਖਕਾਂ ਦੇ ਮੁਕਾਬਲੇ ਇਤਿਹਾਸ ਨੂੰ ਕਥਾ ਦੇ ਰੂਪ ਵਿੱਚ ਢਾਲ ਕੇ ਪੇਸ਼ ਕਰਨ ਵਿਚ ਵਧੇਰੇ ਸਫ਼ਲ ਨਜ਼ਰ ਆਉਂਦਾ ਹੈ। ਨਰਿੰਦਰਪਾਲ ਸਿੰਘ ਅਤੇ ਬਲਦੇਵ ਸਿੰਘ ਵਸਤੂ ਯਥਾਰਥ ਨੂੰ ਵਰਣਨ ਰੂਪ ਵਿੱਚ ਪੇਸ਼ ਕਰਦੇ ਹਨ ਤਾਂ ਉਸ ਸਮੇਂ ਇੱਕ ਨੁਕਤੇ ਤੋਂ ਉਹ ਇਤਿਹਾਸਕ ਵਸਤੂ ਯਥਾਰਥ ਦੀ ਵਿਚਾਰਧਰਾਈ ਵਿਆਖਿਆ ਕਰਦੇ ਹਨ ਜਦਕਿ ਨਾਵਲਕਾਰ ਮਨਮੋਹਨ ਬਾਵਾ ਆਪਣੀ ਵਿਚਾਰਧਾਰਾ ਨੂੰ ਕਥਾ ਵਿੱਚ ਗੁੰਦਕੇ ਆਪਣੀ ਗੱਲ ਆਖਦਾ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਵਾਲਹੁ ਨਿੱਕੀ, ਮਹਾਂਬਲੀ ਸੂਰਾ ਅਤੇ ਕਾਲ ਕਥਾ ਰਾਹੀਂ ਨਾਵਲਕਾਰ ਸਾਡੇ ਇਤਿਹਾਸ ਦੇ ਵਿਸ਼ੇਸ਼ ਕਾਲ ਖੰਡ ਅਤੇ ਪਾਤਰਾਂ ਨੂੰ ਨਾਵਲੀ

## ਕਵਿਤਾਵਾਂ / ਰੁਪਿੰਦਰ ਸ਼ੇਖਰ ਸੁਮਨ



ਤੇਰੇ ਦਰ ਤੋਂ ਮੇਰੇ ਘਰ ਤਕ, ਬੇਸ਼ੱਕ ਆਉਂਦਾ ਰਾਹ ਨਾ ਕੋਈ
ਤੈਨੂੰ ਚੇਤੇ ਕਰਿਆਂ ਬਾਝੋਂ ਮੈਨੂੰ ਆਉਂਦਾ ਸਾਹ ਨਾ ਕੋਈ

ਕਿੰਨੇ ਚਾਅ ਨੇ ਜ਼ਖ਼ਮੀ ਹੁੰਦੇ, ਕਿੰਨੇ ਖ਼ਾਬ ਨਪੀੜੇ ਜਾਂਦੇ
ਨੈਣਾਂ ਦੀ ਸਰਦਲ ਤੇ ਢੁੱਕਦਾ,ਹੰਝੂ ਖਾਹਮ ਖਾਹ ਨ ਕੋਈ

ਸਾਡੇ ਜ਼ਿਕਰ-ਫ਼ਿਕਰ ਵਿਚ ਉਹ ਸ਼ੈਅ, ਜਿਸ ਨੇ ਆਖ਼ਰ ਮਿੱਟੀ ਹੋਣਾ
ਕਿਰਦੇ ਜਾਂਦੇ ਸਾਹ ਦੇ ਮੋਤੀ, ਨਾ ਜੀ, ਪਰ ਪ੍ਰਵਾਹ ਨਾ ਕੋਈ

ਇਸ਼ਕ 'ਚ ਡੁੱਬੇ ਦਿਲ ਦੇ ਐਵੇਂ, ਸੱਧਰਾਂ, ਸੁਫਨੇ, ਚਾਅ ਨਾ ਤੋੜੀਂ
ਇਸ਼ਕੇ ਦੀ ਦਰਗਾਹ 'ਚੋਂ ਮੁੜਦੀ ਖ਼ਾਲੀ ਕਦੇ ਵੀ ਹਾਅ ਨ ਕੋਈ

ਗ਼ਰਜ਼ਾਂ ਤੇ ਫ਼ਰਜ਼ਾਂ ਵਿਚ ਗੁੰਮ ਕੇ ਖ਼ੁਦ ਨੂੰ ਅਸੀਂ ਗੁਆ ਬੈਠੇ ਹਾਂ
ਬਿਖੜੇ, ਓਝੜ ਰਾਹੀਂ ਖੁੱਸੀ 'ਹੋਂਦ' ਦੀ ਲੱਭਦੀ ਥਾਹ ਨ ਕੋਈ

ਚਿੱਟੇ ਦੀ ਲਤ ਪੁੱਤ ਨੂੰ ਖਾ ਗਈ,ਪਿਓ ਨੂੰ ਖਾ ਗਿਆ ਉਹਦਾ ਝੋਰਾ
ਧੀਆਂ ਨੂੰ ਡੱਕ ਅੰਦਰ ਰੋਈ, ਮਾਂ ਦੀ ਨਿਕਲੀ ਧਾਹ ਨਾ ਕੋਈ

ਆਸ਼ਿਕ, ਸ਼ਾਇਰ ਤੇ ਦਰਵੇਸ਼ਾਂ, ਸਭ ਨੂੰ ਭਟਕਣ ਦਾ ਵਰ ਮਿਲਿਆ
ਇਹ ਲੰਘ ਜਾਂਦੇ ਓਥੋਂ , ਜਿੱਥੋਂ ਜਾਪੇ ਅੱਗੇ ਰਾਹ ਨਾ ਕੋਈ

ਕਿਹੜੀ ਐਸੀ ਮੁਸ਼ਕਿਲ,ਜੀਹਦਾ ਹੱਲ ਨਹੀਂ ਏ
ਮੰਨਿਆ ਅੱਜ ਹੈ ਔਖਾ, ਮੁਸ਼ਕਿਲ ਕੱਲ੍ਹ ਨਹੀਂ ਏ

ਬਹੁਤਾ ਕੁਝ ਨਾ ਚਾਹੀਦਾ ਖ਼ੁਸ਼ ਰਹਿਣ ਦੀ ਖ਼ਾਤਰ
ਠਾਠ ਅਡੰਬਰ, ਸ਼ੋਹਰਤ, ਮੇਲਾ, ਝੱਲ ਨਹੀਂ ਏ?

ਫਿਰ ਕੀ ਸ਼ਿਕਵਾ ਦਾਤੇ ਉੱਤੇ ਕਰੀਏ ਆਪਾਂ
ਜੇਕਰ ਸਾਨੂੰ ਮੰਗਣ ਦਾ ਹੀ ਵੱਲ ਨਹੀਂ ਏ

ਕੁਦਰਤ, ਇਸ਼ਕ, ਨਜ਼ਾਰੇ ਛੁੱਟੇ, ਦੌੜਾਂ ਪਿੱਛੇ
ਜਿਸਨੂੰ ਜੀਵਨ ਆਖੇਂ, ਇਹ ਤਰਥੱਲ ਨਹੀਂ ਏ?

ਸਾਹਾਂ ਦੀ ਤਸਬੀ ਦੇ ਮੋਤੀ ਕਿਰ ਗਏ, ਫਿਰ ਵੀ,
ਰੀਝਾਂ ਦੇ ਝੁੰਮਰ ਨੂੰ ਪੈਂਦੀ ਠੱਲ੍ਹ ਨਹੀਂ ਏ

ਕਿਹੜੀ ਐਸੀ ਮੁਸ਼ਕਿਲ ਜੀਹਦਾ ਹੱਲ ਨਹੀਂ ਏ
ਮੰਨਿਆ ਅੱਜ ਹੈ ਔਖਾ, ਮੁਸ਼ਕਿਲ ਕੱਲ੍ਹ ਨਹੀਂ ਏ

ਬਿਰਤਾਂਤ ਦੇ ਜੀਵੰਤ ਰੂਪ ਵਿਚ ਪਾਠਕ ਸਨਮੁਖ ਪੇਸ਼ ਕਰਦੇ ਹਨ। ਇਹਨਾਂ ਇਤਿਹਾਸਕ ਨਾਵਲਾਂ ਰਾਹੀਂ ਉਹ ਸਥਾਪਿਤ ਇਤਿਹਾਸਕਾਰੀ ਦੇ ਸਮਵਿੱਥ ਨਵੀਂ ਤਰਜ਼ ਦੀ ਇਤਿਹਾਸਕਾਰੀ ਦੀ ਸਿਰਜਣਾ ਵੱਲ ਅਗਰਸਰ ਹੁੰਦੇ ਹਨ। ਅਜਿਹਾ ਕਰਦਿਆਂ ਉਹ ਸਫ਼ਲ ਵੀ ਹੁੰਦੇ ਹਨ ਪਰ ਕੁਝ ਇਕ ਥਾਈਂ ਨਾਵਲਕਾਰਾਂ ਦੀ ਕਥਨੀ ਅਤੇ ਕਰਨੀ ਵਿੱਚ ਵਿੱਥ ਨਜ਼ਰੀ ਆਉਂਦੀ ਹੈ। ਨਾਵਲੀ ਰਚਨਾਕਾਰੀ ਵਿੱਚ ਨਾਵਲਕਾਰ ਕੇਵਲ ਮਿੱਥ ਤੋੜਦੇ ਹੀ ਨਜ਼ਰੀ ਨਹੀਂ ਆਉਂਦੇ ਬਲਕਿ ਕਈ ਪ੍ਰਸੰਗਾਂ ਦੇ ਵਿੱਚ ਮਿੱਥਾਂ ਨੂੰ ਜਿਉਂ ਦਾ ਤਿਉਂ ਬਰਕਰਾਰ ਰੱਖਦੇ ਵੀ ਨਜ਼ਰ ਆਉਂਦੇ ਹਨ। ਨਾਵਲਕਾਰ ਜਿੱਥੇ ਪ੍ਰਚਲਿਤ ਇਤਿਹਾਸ ਦੀ ਮਿੱਥ ਨੂੰ ਆਪਣੀ ਕਥਾ ਸਿਰਜਣਾ ਰਾਹੀ ਖੰਡਿਤ ਕਰਦਾ ਹੈ, ਉੱਥੇ ਨਾਇਕ ਪਾਤਰਾਂ ਪ੍ਰਤੀ ਝੁਕਾਅ ਅਧੀਨ ਉਹਨਾਂ ਨੂੰ ਓਹਨਾਂ ਦੇ ਇਤਿਹਾਸਕ ਧਰਾਤਲ ਤੋਂ ਤੋੜਕੇ ਆਦਰਸ਼ਕ ਰੂਪ ਵਿੱਚ ਘੜਦੇ ਹਨ। ਜਿੱਥੇ ਬਲਦੇਵ ਸਿੰਘ ਅਤੇ ਨਰਿੰਦਰਪਾਲ ਸਿੰਘ ਇਤਿਹਾਸਕ ਯਥਾਰਥ ਨੂੰ ਉਸ ਦੀ ਸਮੁੱਚਤਾ ਵਿੱਚ ਨਾ ਘੜਨ ਕਰਕੇ ਇਕਹਿਰੀ ਦ੍ਰਿਸ਼ਟੀ ਦਾ ਸ਼ਿਕਾਰ ਹੋ ਜਾਂਦੇ ਹਨ, ਉੱਥੇ ਮਨਮੋਹਨ ਬਾਵਾ ਨਾਵਲੀ ਪਾਤਰਾਂ ਦੀ ਉਤਮਤਾ ਦੇ ਵੱਸ ਆਦਰਸ਼ੀਕਰਨ ਦਾ ਸ਼ਿਕਾਰ ਹੋ ਜਾਂਦਾ ਹੈ।


### ਹਵਾਲੇ ਅਤੇ ਟਿੱਪਣੀਆਂ



1. ਨਰਿੰਦਰਪਾਲ ਸਿੰਘ, ਮੇਰੀ ਸਾਹਿਤਿਕ ਸਵੈ ਜੀਵਨੀ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 1990, ਪੰਨਾ 61.
2. ਬਲਦੇਵ ਸਿੰਘ, ਮਹਾਬਲੀ ਸੂਰਾ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਭੂਮਿਕਾ.
3. ਡਾ. ਸੁਰਜੀਤ ਸਿੰਘ, ਆਸ ਦੀ ਚੇਤਨਾ ਪੰਜਾਬੀ ਨਾਵਲ ਦਾ ਵਿਸ਼ਵੀ ਪ੍ਰਸੰਗ ਪੰਜਾਬੀ ਭਾਸ਼ਾ ਸਾਹਿਤ ਅਤੇ ਸਮਾਜ ਦਾ ਵਿਸ਼ਵੀ ਸਰੂਪ, ਜਸਵੀਰ ਕੌਰ (ਸੰਪਾ), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰਨਾ 313
4. ਬਲਦੇਵ ਸਿੰਘ, ਮਹਾਬਲੀ ਸੂਰਾ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 54



**ਸਹਾਇਕ ਪ੍ਰੋਫ਼ੈਸਰ, ਸਰਕਾਰੀ ਕਾਲਜ,**
**ਮੁਕਤਸਰ।**

## ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ























'ਖਾਮੋਸ਼ੀ ਤੋੜਦਿਆਂ' ਮੇਰੀ ਪਹਿਲੀ ਕਾਵਿ-ਪੁਸਤਕ ਹੈ। ਇਹ ਕਿਤਾਬ ਮੇਰੇ ਜੀਵਨ ਦੇ ਇੱਕ ਸੁਪਨੇ ਦੇ ਪੂਰੇ ਹੋਣ ਵਰਗੀ ਹੈ। ਇਹ ਕਵਿਤਾਵਾਂ ਮੇਰੇ ਮਨ ਦੀ ਡੂੰਘਾਈ ਵਿੱਚ ਲੁਕੀ ਚੁੱਪੀ ਨੂੰ ਆਵਾਜ਼ ਦੇਣ ਦੀ ਇੱਕ ਨਿਮਾਣੀ ਜਿਹੀ ਕੋਸ਼ਿਸ਼ ਹਨ। ਭਾਵਨਾਵਾਂ ਦੀ ਭਾਸ਼ਾ ਸਾਰਿਆਂ ਦੀ ਇੱਕੋ ਹੀ ਹੁੰਦੀ ਹੈ, ਜੇ ਮੇਰੇ ਸ਼ਬਦ ਕਿਸੇ ਪਾਠਕ ਦੇ ਮਨ ਵਿੱਚ ਚਿੰਤਨ ਦੀ ਇੱਕ ਛੋਟੀ ਜਿਹੀ ਲਹਿਰ ਪੈਦਾ ਕਰ ਸਕਣ ਜਾਂ ਕਿਸੇ ਦੇ ਦਿਲ ਦੇ ਬੰਦ ਦਰਵਾਜ਼ੇ ਤੇ ਕੋਈ ਪੋਲੀ ਜਿਹੀ ਦਸਤਕ ਦੇ ਕੇ ਕੋਈ ਸੋਚ ਜਗਾ ਸਕਣ ਤਾਂ ਸਮਝਾਂਗੀ ਕਿ ਮੇਰੀ ਕੋਸ਼ਿਸ਼ ਸਫ਼ਲ ਰਹੀ ਹੈ। ਪਾਠਕਾਂ ਦੇ ਪਿਆਰ ਅਤੇ ਹੁੰਗਾਰੇ ਦੀ ਉਡੀਕ ਰਹੇਗੀ।


-ਬੌਬੀ ਗੁਰਪਰਵੀਨ ਕੌਰ

ਪ੍ਰਕਾਸ਼ਕ: ਪ੍ਰੀਤ ਪਬਲੀਕੇਸ਼ਨ, ਨਾਭਾ।




RAA DESIGNS
CONTACT FOR
LOGO | BUSINESS CARD | LETTERHEAD | FLYER
STATIONARY DESIGN | BOOK TITLES | BOOK COMPOSING
SOCIAL MEDIA BANNERS & POSTS | WEBSITE
www.raadesigns.com
raadesigns89@gmail.com
M: +91 70097-67394

RNI NO. PUNPUN / 2006 / 16230 January-March 2026 ISSN: 2277-9930




ਨਿਰਵਾਣ ਦੀ ਤਲਾਸ਼ 'ਚ, ਦਵੰਦ ਕਥਾ, ਯਕੀਨ, ਸ਼ਬਦ ਰਹਿਣਗੇ ਕੋਲ, ਸਿਮਰਤੀਆਂ ਦੀ ਲਾਲਟੈਨ ਅਤੇ ਪਿਆਸ ਤੋਂ ਬਾਅਦ ਅਮਰਜੀਤ ਕੌਂਕੇ ਦੀ ਨਵੀਂ ਕਾਵਿ-ਪੁਸਤਕ

# ਇਸ ਧਰਤੀ 'ਤੇ ਰਹਿੰਦਿਆਂ

ਪ੍ਰਕਾਸ਼ਕ: ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਅਮਰਜੀਤ ਕੌਂਕੇ ਦੀ ਇਸ ਪੁਸਤਕ ਵਿਚਲੀ ਕਵਿਤਾ ਦਾ ਮੀਰੀ ਗੁਣ ਇਹ ਹੈ ਕਿ ਇਸ ਵਿਚਲਾ ਕਾਵਿ-ਜਜ਼ਬਾ ਮਨੁੱਖ ਨੂੰ ਉਸਾਰੂ ਜੀਵਨ ਨਾਲ ਜੋੜਨ ਦਾ ਵੱਲ ਰੱਖਦਾ ਤੇ ਸਮੇਂ ਪ੍ਰਤੀ ਫ਼ਿਕਰਮੰਦੀ ਜਿਤਾਉਣ, ਮੁਹੱਬਤ ਦਾ ਅਹਿਸਾਸ ਕਰਵਾਉਣ ਵਾਲੇ ਮਿਠੜੇ ਤੇ ਸੁਹਾਵਣੇ ਮੌਸਮ ਦੀ ਤਲਾਸ਼ ਕਰਦਾ ਹੈ। ਕਵਿਤਾ ਵਿਚਲਾ ਪਾਤਰ ਸਮਾਜ ਵਿਚਲੇ ਅਣਸੁਖਾਵੇਂ ਮਾਹੌਲ ਪ੍ਰਤੀ ਬੇਚੈਨ ਹੈ। ਕਵੀ ਦੀ ਅਵਚੇਤਨਾ ਵਿੱਚ ਤੈਰਦੀਆਂ ਘਟਨਾਵਾਂ ਜਦੋਂ ਕਵਿਤਾ ਵਿੱਚ ਰੂਪਾਂਤਰਿਤ ਹੁੰਦੀਆਂ ਹਨ ਤਾਂ ਉਹ ਅਣਇੱਛਿਤ-ਯਥਾਰਥ ਦੇ ਕਈ ਦ੍ਰਿਸ਼ਤਾਂਤ ਇਸ ਤਰ੍ਹਾਂ ਪੇਸ਼ ਕਰਦਾ ਹੈ ਜਿਸ ਵਿਚਲੀ ਅਸੰਵੇਦਨਸ਼ੀਲਤਾ ਜੀਵ-ਜੰਤੂਆਂ, ਪੰਛੀਆਂ, ਜਾਨਵਰਾਂ ਦੀ ਪੀੜ ਨੂੰ ਨਕਾਰਦੀ ਹੈ। 'ਵਿਰਲਾਪ' ਕਵਿਤਾ ਵਿੱਚ ਗਰਭਵਤੀ ਹਥਣੀ ਦਾ ਬੇਰਹਿਮੀ ਨਾਲ ਕੀਤਾ ਕਤਲ ਮਨੁੱਖਤਾ ਨੂੰ ਸ਼ਰਮਸ਼ਾਰ ਕਰਦਾ ਹੈ। ਇਹ ਸਮੇਂ ਦੀ ਸਚਾਈ ਹੈ ਕਿ ਮਨੁੱਖ ਦਾ ਮਨੁੱਖ ਨਾਲੋਂ ਟੁੱਟਣਾ ਤੇ ਇੱਕ ਦੂਜੇ ਪ੍ਰਤੀ ਗੈਰਇਨਸਾਨੀਅਤ ਦਾ ਵਤੀਰਾ ਉਸ ਸਮੇਂ ਪ੍ਰਤੱਖ ਸਾਹਮਣੇ ਆਉਂਦਾ ਹੈ ਜਦੋਂ ਕੋਈ ਆਫ਼ਤ ਮਨੁੱਖ ਸਾਹਵੇਂ ਖੜ੍ਹੀ ਹੋਵੇ। ਇਸ ਸਮੇਂ ਦੀ ਵਿਡੰਬਨਾ ਇਹ ਹੈ ਕਿ ਆਪੋਧਾਪੀ ਵਿੱਚ ਪਏ ਮਨੁੱਖ ਨੇ ਸਾਂਝ, ਮੁਹੱਬਤ ਅਤੇ ਰਿਸ਼ਤਿਆਂ ਨੂੰ ਗੁਆ ਲਿਆ ਹੈ। ਉਹ ਇਸ ਅਸਲੀ ਦੁਨੀਆਂ ਦੇ ਦਰਦ ਤੋਂ ਵਿਹੂਣਾ ਬਣ ਫੇਸਬੁੱਕ ਦੀ ਦੁਨੀਆਂ ਵਿੱਚ ਗੁਆਚ ਕੇ ਆਪਣੀ ਪਹਿਚਾਣ ਦੀ ਦੌੜ ਵਿੱਚ ਮਗ਼ਰੂਰ ਹੈ। 'ਇਕ ਬਲ਼ਦੀ ਦੁਪਿਹਰ', 'ਬਿਸਾਤ' ਕਵਿਤਾਵਾਂ ਦਾ ਏਹੀ ਪ੍ਰਸੰਗ ਜੁੜਦਾ ਹੈ। ਇਹ ਬਹੁਤ ਵੱਡੀ ਤ੍ਰਾਸਦੀ ਹੈ ਕਿ ਮਨੁੱਖ ਸਰਮਾਏਦਾਰੀ ਦੀ ਕੱਠਪੁਤਲੀ ਬਣ ਨੱਚ ਰਿਹਾ ਹੈ ਤੇ ਕੇਂਦਰੀ ਸੱਤਾਰੂੜ੍ਹ ਜਮਾਤ ਵੀ ਮਨੁੱਖ ਨੂੰ ਆਪਣੇ ਰੰਗ ਵਿੱਚ ਰੰਗਣ ਲਈ ਕਿਸ ਕਿਸ ਤਰ੍ਹਾਂ ਦੇ ਹੱਥਕੰਡੇ ਅਪਣਾ ਰਹੀ ਹੈ।

-ਡਾ. ਅਰਵਿੰਦਰ ਕੌਰ ਕਾਕੜਾ

ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਸੰਪਰਕ: 98773-58869, 97810-33133

PARTEEK PUBLICATIONS